@Qpatrika
@qaumipatrika punjabi
instagram.com/ qaumipatrika
Largest Circulated
C M Y K

विश्व भर में सबसे ज्यादा पढ़ा जाने वाला

# ਕੌਮੀ ਪੱਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 3 June 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 3 ਜੂਨ 2026, 20 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 209, qpatrika@gmail.com ਫੋਨ : 9971359517 www.qaumipatrika.org

## ਜੰਮੂ-ਕਸ਼ਮੀਰ ਦੇ ਕਿਸ਼ਤਵਾੜ 'ਚ ਫਟਿਆ ਬੱਦਲ, ਸੜਕਾਂ ਹੋਈਆਂ ਪ੍ਰਭਾਵਿਤ

ਕਿਸ਼ਤਵਾੜ/ਡੋਡਾ 2 ਜੂਨ। ਜੰਮੂ-ਕਸ਼ਮੀਰ ਦੇ ਡੋਡਾ ਅਤੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਬੱਦਲ ਫਟਣ ਦੀਆਂ ਦੋ ਵੱਖ-ਵੱਖ ਘਟਨਾਵਾਂ ਸਾਹਮਣੇ ਆਈਆਂ ਹਨ, ਜਿਸ ਕਾਰਨ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਹ ਘਟਨਾਵਾਂ ਜ਼ਿਲ੍ਹੇ ਦੇ ਗਾਹਨ ਸਰਥਲ ਅਤੇ ਮਾਛੀਪਾਲ ਇਲਾਕਿਆਂ ਵਿੱਚ ਵਾਪਰੀਆਂ ਹਨ। ਹਾਲਾਂਕਿ, ਰਾਹਤ ਦੀ ਗੱਲ ਇਹ ਹੈ ਕਿ ਹੁਣ ਤੱਕ ਕਿਸੇ ਵੀ ਵੱਡੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ ਹੈ। ਕਿਸ਼ਤਵਾੜ ਦੇ ਡਿਪਟੀ ਕਮਿਸ਼ਨਰ ਪੰਕਜ ਕੁਮਾਰ ਨੇ ਦੱਸਿਆ ਕਿ ਬੱਦਲ ਫਟਣ ਕਾਰਨ ਇਲਾਕੇ ਦੀਆਂ ਤਿੰਨ ਤੋਂ ਚਾਰ ਸੜਕਾਂ ਨੁਕਸਾਨੀਆਂ ਗਈਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸੜਕਾਂ ਨੂੰ ਕੋਈ ਗੰਭੀਰ ਨੁਕਸਾਨ ਨਹੀਂ ਪਹੁੰਚਿਆ ਹੈ ਅਤੇ ਮੁਰੰਮਤ ਦਾ ਕੰਮ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਗਿਆ ਹੈ। ਪ੍ਰਸ਼ਾਸਨ ਨੇ ਸੁਰੱਖਿਆ ਦੇ ਮੱਦੇਨਜ਼ਰ ਜਨਤਾ ਨੂੰ ਝੀਲ ਵਾਲੇ ਇਲਾਕਿਆਂ ਵਿੱਚ ਨਾ ਜਾਣ ਦੀ ਅਪੀਲ ਕੀਤੀ ਹੈ। ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੁਰੂਆਤੀ ਰਿਪੋਰਟਾਂ ਅਨੁਸਾਰ ਦੋਵਾਂ ਥਾਵਾਂ 'ਤੇ ਕਿਸੇ ਦੇ ਹਤਾਹਤ ਹੋਣ, ਜ਼ਖਮੀ ਹੋਣ ਜਾਂ ਜਾਇਦਾਦ ਦੇ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਕਿਸ਼ਤਵਾੜ ਦੇ ਵਧੀਕ ਡਿਪਟੀ ਕਮਿਸ਼ਨਰ ਪਵਨ ਕੋਟਵਾਲ ਨੇ ਵੀ ਪੁਸ਼ਟੀ ਕੀਤੀ ਹੈ ਕਿ ਹੁਣ ਤੱਕ ਸਥਿਤੀ ਕੰਟਰੋਲ ਵਿੱਚ ਹੈ। ਪ੍ਰਸ਼ਾਸਨ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਰੈੱਡ ਕਰਾਸ, ਪੁਲਸ ਅਤੇ ਮਾਲ ਵਿਭਾਗ ਦੀਆਂ ਟੀਮਾਂ ਨੂੰ ਪ੍ਰਭਾਵਿਤ ਇਲਾਕਿਆਂ ਵਿੱਚ ਭੇਜ ਦਿੱਤਾ ਹੈ। ਸੜਕਾਂ ਦੇ ਅਵਰੁੱਧ ਹੋਣ ਦੀਆਂ ਖ਼ਬਰਾਂ ਤੋਂ ਬਾਅਦ, ਕਰਮਚਾਰੀਆਂ ਅਤੇ ਮਸ਼ੀਨਾਂ ਨੂੰ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਰਸਤੇ ਜਲਦੀ ਸਾਫ਼ ਕਰਕੇ ਆਵਾਜਾਈ ਨੂੰ ਮੁੜ ਬਹਾਲ ਕੀਤਾ ਜਾ ਸਕੇ।

# ਪੰਜਾਬ ਦੀ ਸਿਆਸਤ 'ਚ ਵੱਡੀ ਹਲਚਲ, ਕਾਂਗਰਸ ਇਸ ਵੱਡੇ ਆਗੂ ਨੂੰ ਲਗਾ ਸਕਦੀ ਹੈ ਪ੍ਰਧਾਨ

ਕੌਮੀ ਪੱਤ੍ਰਿਕਾ
ਸਿੰਮੀ ਕੌਰ ਬੱਬਰ

ਚੰਡੀਗੜ੍ਹ 2 ਜੂਨ। ਪੰਜਾਬ ਭਾਜਪਾ ਦੇ ਪ੍ਰਧਾਨ ਬਦਲੇ ਜਾਣ ਤੋਂ ਬਾਅਦ ਹੁਣ ਕਾਂਗਰਸ ਵਿਚ ਨਵੇਂ ਪ੍ਰਧਾਨ ਬਦਲੇ ਜਾਣ ਦੀ ਕਵਾਇਦ ਤੇਜ਼ ਹੋ ਗਈ ਹੈ। ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਲਈ ਸਾਬਕਾ ਮੰਤਰੀ ਅਤੇ ਸਾਬਕਾ ਸਾਂਸਦ ਵਿਜੇ ਇੰਦਰ ਸਿੰਗਲਾ ਦਾ ਨਾਮ ਸਭ ਤੋਂ ਮਜ਼ਬੂਤ ਦਾਅਵੇਦਾਰਾਂ ਵਿਚ ਸਾਹਮਣੇ ਆ ਰਿਹਾ ਹੈ। ਸੂਤਰ ਦੱਸਦੇ ਹਨ ਕਿ ਹਾਈਕਮਾਨ ਪੱਧਰ 'ਤੇ ਲਗਭਗ ਸਹਿਮਤੀ ਬਣ ਗਈ ਹੈ ਅਤੇ ਸਿਰਫ ਰਸਮੀ ਐਲਾਨ ਹੋਣਾ ਬਾਕੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਹਾਈਕਮਾਨ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਪਾਰਟੀ ਦੇ ਪੁਨਰਗਠਨ ਦੀ ਪ੍ਰਕਿਰਿਆ ਨੂੰ ਆਖਰੀ ਰੂਪ ਦੇ ਰਹੀ ਹੈ। ਵਿਜੇ ਇੰਦਰ ਸਿੰਗਲਾ ਦਾ ਨਾਮ ਇਸ ਲਈ ਵੀ ਸਭ ਤੋਂ ਅੱਗੇ ਹੋਏ ਕਿਉਂਕਿ ਉਹ ਮੰਤਰੀ, ਸਾਂਸਦ ਅਤੇ ਪਾਰਟੀ ਵਿਚ ਵੱਖ-ਵੱਖ ਅਹੁਦਿਆਂ 'ਤੇ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਮਾਲਵਾ ਵਿਚ ਉਨ੍ਹਾਂ ਦੀ ਮਜ਼ਬੂਤ ਪਛਾਣ ਹੈ ਅਤੇ ਕਾਂਗਰਸ ਵਿਚਲੀਆਂ ਵੱਖ-ਵੱਖ ਧਿਰਾਂ ਨਾਲ ਵੀ ਉਨ੍ਹਾਂ ਦਾ ਰਿਸ਼ਤਾ ਵੀ ਚੰਗਾ ਹੈ। ਪਾਰਟੀ ਹਾਈਕਮਾਨ ਦਾ ਇਹ ਵੀ ਮੰਨਣਾ ਹੈ ਕਿ ਕਾਂਗਰਸ ਵਿਚ ਅਜਿਹੇ ਚਿਹਰੇ ਦੀ ਜ਼ਰੂਰਤ ਹੈ ਜਿਹੜਾ ਵਿਵਾਦਾਂ ਤੋਂ ਦੂਰ ਰਿਹਾ ਹੋਵੇ ਅਤੇ ਕਾਂਗਰਸ ਨੂੰ ਇਕਜੁਟ ਕਰਕੇ ਰੱਖੇ। ਨਾਲ ਹੀ ਸ਼ਹਿਰੀ ਅਤੇ ਹਿੰਦੂ ਵੋਟ ਬੈਂਕ 'ਤੇ ਵੀ ਸਕਾਰਾਤਮਕ ਸੰਦੇਸ਼ ਦੇ ਸਕੇ। ਇਹੋ ਕਾਰਣ ਹਨ ਕਿ ਵਿਜੇ ਇੰਦਰ ਸਿੰਗਲਾ ਹਾਈਕਮਾਨ ਦੀ ਪਹਿਲੀ ਪਸੰਦ ਬਣੇ ਹੋਏ ਹਨ। ਦੂਜੇ ਪਾਸੇ ਪੰਜਾਬ ਦੀ ਸਿਆਸਤ ਵਿਚ ਸੰਗਰੂਰ ਲੋਕ ਸਭਾ ਹਲਕਾ ਲਗਾਤਾਰ ਸਭ ਤੋਂ ਪ੍ਰਭਾਵਸ਼ਾਲੀ ਰੂਪ ਵਿਚ ਉਭਰ ਕੇ ਸਾਹਮਣੇ ਆ ਰਿਹਾ ਹੈ। ਸੂਬੇ ਦੀ ਸੱਤਾ ਵਿਚ ਵਿਰੋਧੀ, ਦੋਵਾਂ ਦੇ ਮੁੱਖ ਚਿਹਰੇ ਇਸ ਹਲਕੇ ਨਾਲ ਜੁੜੇ ਹੋਏ ਹਨ। ਮੁੱਖ ਮੰਤਰੀ ਭਗਵੰਤ ਮਾਨ ਤੇ ਸੱਤਾ ਧਿਰ ਦੇ ਹੋਰ ਵੱਡੇ ਆਗੂਆਂ ਤੋਂ ਇਲਾਵਾ ਅਤੇ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਤੋਂ ਬਾਅਦ ਹੁਣ ਕਾਂਗਰਸ ਵੀ ਪਾਰਟੀ ਦੀ ਕਮਾਨ ਸੰਗਰੂਰ ਦੇ ਚੋਟੀ ਦੇ ਆਗੂ ਨੂੰ ਸੌਂਪਣ ਦੀ ਤਿਆਰੀ ਵਿਚ ਦਿਖਾਈ ਦੇ ਰਹੀ ਹੈ। ਸੂਤਰਾਂ ਮੁਤਾਬਕ ਪੰਜਾਬ ਕਾਂਗਰਸ ਪ੍ਰਧਾਨ ਦੀ ਰੇਸ ਵਿਚ ਚਰਨਜੀਤ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਪ੍ਰਤਾਪ ਸਿੰਘ ਬਾਜਵਾ ਤੇ ਭਾਰਤ ਭੂਸ਼ਣ ਆਸ਼ੂ ਦਾ ਨਾਮ ਵੀ ਸ਼ਾਮਲ ਹੈ। ਹਾਲਾਂਕਿ ਬਾਜਵਾ ਪਹਿਲਾਂ ਹੀ ਵਿਧਾਨ ਸਭਾ ਚੋਣਾਂ ਵਿਚ ਵਿਰੋਧੀ ਧਿਰ ਦੇ ਆਗੂ ਦੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਚੰਨੀ ਸਾਬਕਾ ਮੁੱਖ ਮੰਤਰੀ ਦੇ ਰੂਪ ਵਿਚ ਵੱਖਰੀ ਸਿਆਸੀ ਭੂਮਿਕਾ ਵਿਚ ਹਨ। ਉਥੇ ਹੀ ਹੋਰ ਆਗੂਆਂ ਨੂੰ ਲੈ ਕੇ ਸੰਗਠਨਾਤਮਕ ਅਤੇ ਸਿਆਸੀ ਸਮੀਕਰਣਾਂ ਦੀ ਆਪਣੀਆਂ ਹੱਦਾਂ ਹਨ। ਲਿਹਾਜ਼ਾ ਆਉਂਦੇ ਦਿਨਾਂ ਦੌਰਾਨ ਪੰਜਾਬ ਕਾਂਗਰਸ ਵਿਚ ਵੱਡੇ ਪੱਧਰ ਤੇ ਤਬਦੀਲੀਆਂ ਦੇਖਣ ਨੂੰ ਮਿਲ ਸਕਦੀਆਂ ਹਨ।



## ਮਮਤਾ ਬੈਨਰਜੀ ਨੇ ਕੋਲਕਾਤਾ 'ਚ ਦਿੱਤਾ ਧਰਨਾ

ਕੋਲਕਾਤਾ 2 ਜੂਨ। ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਇੱਕ ਵਾਰ ਫਿਰ ਆਪਣੇ ਪੁਰਾਣੇ ਤੇਵਰਾਂ ਵਿੱਚ ਨਜ਼ਰ ਆ ਰਹੀ ਹੈ। ਮੰਗਲਵਾਰ ਨੂੰ ਕੋਲਕਾਤਾ ਦੇ ਰਾਣੀ ਰਾਸਮਣੀ ਐਵੇਨਿਊ ਸਥਿਤ 'ਵਾਈ ਚੈਨਲ' 'ਤੇ ਧਰਨੇ 'ਤੇ ਬੈਠੀ ਮਮਤਾ ਬੈਨਰਜੀ ਨੇ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਹੁੰਕਾਰ ਭਰੀ ਕਿ ਉਹ ਉਦੋਂ ਤੱਕ ਚੈਨ ਨਾਲ ਨਹੀਂ ਬੈਠੇਗੀ ਜਦੋਂ ਤੱਕ ਭਾਜਪਾ ਨੂੰ ਸੱਤਾ ਤੋਂ ਹਟਾ ਨਹੀਂ ਦਿੰਦੀ। ਧਰਨੇ ਦੌਰਾਨ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ ਮਮਤਾ ਬੈਨਰਜੀ ਨੇ ਕਿਹਾ, ਮੈਂ ਤਦ ਤੱਕ ਨਹੀਂ ਮਰਾਂਗੀ, ਜਦੋਂ ਤੱਕ ਤੁਹਾਨੂੰ (ਭਾਜਪਾ) ਹਟਾਵਾਂਗੀ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਹੁਣ ਸਥਿਤੀ ਅਜਿਹੀ ਹੈ ਕਿ ਜਾਂ ਤਾਂ ਅਸੀਂ ਲੜਾਂਗੇ ਜਾਂ ਮਰਾਂਗੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਹ ਇੱਕ ਬਹਾਦਰ ਦੀ ਤਰ੍ਹਾਂ ਲੜਨਾ ਜਾਰੀ ਰੱਖੇਗੀ। ਮਮਤਾ ਬੈਨਰਜੀ ਨੇ ਭਾਜਪਾ 'ਤੇ ਚੋਣਾਂ ਦੌਰਾਨ ਵੱਡੀ ਧਾਂਦਲੀ ਕਰਨ ਦੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਬੰਗਾਲ ਚੋਣਾਂ ਜਿੱਤਣ ਲਈ ਭਾਜਪਾ ਨੇ 294 ਵਿੱਚੋਂ 177 ਵਿਧਾਨ ਸਭਾ ਸੀਟਾਂ 'ਤੇ ਵੋਟਾਂ ਦੀ ਗਿਣਤੀ ਵਿੱਚ ਹੇਰਾਫੇਰੀ ਕੀਤੀ ਹੈ। ਇਸ ਤੋਂ ਇਲਾਵਾ, ਤ੍ਰਿਣਮੂਲ ਕਾਂਗਰਸ ("$3) ਨੇ ਦੋਸ਼ ਲਾਇਆ ਹੈ ਕਿ ਚੋਣਾਂ ਤੋਂ ਬਾਅਦ ਉਨ੍ਹਾਂ ਦੇ ਨੇਤਾਵਾਂ ਅਤੇ ਵਰਕਰਾਂ, ਖਾਸ ਕਰਕੇ ਸੰਸਦ ਮੈਂਬਰ ਅਭਿਸ਼ੇਕ ਬੈਨਰਜੀ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਮਮਤਾ ਨੇ ਕਿਹਾ ਕਿ ਜੇਕਰ ਉਸ ਦਿਨ ਅਭਿਸ਼ੇਕ ਦੇ ਸਿਰ 'ਤੇ ਪੱਥਰ ਲੱਗ ਜਾਂਦਾ ਤਾਂ ਉਸਦੀ ਮੌਕੇ 'ਤੇ ਹੀ ਮੌਤ ਹੋ ਸਕਦੀ ਸੀ। ਸਾਬਕਾ ਮੁੱਖ ਮੰਤਰੀ ਨੇ ਮੌਜੂਦਾ ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ 'ਤੇ ਤੰਜ ਕੱਸਦਿਆਂ ਕਿਹਾ ਕਿ ਅੱਜ-ਕੱਲ੍ਹ ਭਾਜਪਾ ਦੇ ਪੁਰਾਣੇ ਨੇਤਾਵਾਂ ਕੋਲ ਨਹੀਂ, ਸਗੋਂ ਦੂਜੀਆਂ ਪਾਰਟੀਆਂ ਤੋਂ ਆਏ ਲੋਕਾਂ ਕੋਲ ਤਾਕਤ ਹੈ।

# ਬੱਸਾਂ 'ਚ ਸਫ਼ਰ ਕਰਨ ਵਾਲੀਆਂ ਔਰਤਾਂ ਨੂੰ ਸ਼ੁਭੇਂਦੂ ਸਰਕਾਰ ਦਾ ਵੱਡਾ ਤੋਹਫ਼ਾ

ਕੋਲਕਾਤਾ 2 ਜੂਨ। ਪੱਛਮੀ ਬੰਗਾਲ ਸਰਕਾਰ ਨੇ ਸਾਰੇ ਰੂਟਾਂ 'ਤੇ ਸਰਕਾਰੀ ਬੱਸਾਂ ਵਿੱਚ ਔਰਤਾਂ ਲਈ ਮੁਫ਼ਤ ਯਾਤਰਾ ਸ਼ੁਰੂ ਕੀਤੀ, ਜਿਸ ਨਾਲ ਮਹਿਲਾ ਯਾਤਰੀਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸਵੇਰ ਦੇ ਭੀੜ-ਭੜੱਕੇ ਵਾਲੇ ਸਮੇਂ ਕੰਮ 'ਤੇ ਜਾਣ ਵਾਲੀਆਂ ਔਰਤਾਂ ਨੇ ਸਰਕਾਰੀ ਬੱਸਾਂ ਦੀ ਬਾਰੰਬਾਰਤਾ ਵਧਾਉਣ ਦੀ ਮੰਗ ਕੀਤੀ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਅਧਿਕਾਰੀ ਨੇ ਕਿਹਾ ਕਿ ਸ਼ੁਭੇਂਦੂ ਅਧਿਕਾਰੀ ਦੀ ਅਗਵਾਈ ਵਾਲੀ ਸਰਕਾਰ ਨੇ ਵਿਧਾਨ ਸਭਾ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਅਨੁਸਾਰ ਸਰਕਾਰੀ ਬੱਸਾਂ ਵਿੱਚ ਔਰਤਾਂ ਲਈ ਮੁਫ਼ਤ ਯਾਤਰਾ ਸ਼ੁਰੂ ਕੀਤੀ ਹੈ। ਬਾਲੀਗੰਜ ਸਟੇਸ਼ਨ ਤੋਂ ਕੇਂਦਰੀ ਕੋਲਕਾਤਾ ਦੇ ਪਾਰਕ ਸਟਰੀਟ ਸਥਿਤ ਆਪਣੇ ਕੰਮ ਵਾਲੀ ਥਾਂ ਲਈ ਬੱਸ ਵਿੱਚ ਚੜ੍ਹਨ ਦੌਰਾਨ ਮਾਲਾ ਬਿਸਵਾਸ ਨਾਮ ਦੀ ਇਕ ਮਹਿਲਾ ਯਾਤਰੀ ਨੇ ਕਿਹਾ, ਮੈਂ ਖ਼ੁਸ਼ ਹਾਂ, ਪਰ ਸਰਕਾਰੀ ਬੱਸਾਂ ਦੀ ਬਾਰੰਬਾਰਤਾ ਵਧਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਂਮਾਰੀ ਤੋਂ ਬਾਅਦ ਸਰਕਾਰੀ ਬੱਸਾਂ ਦੀ ਗਿਣਤੀ ਵਿੱਚ ਭਾਰੀ ਕਮੀ ਆਈ ਹੈ। ਦੱਖਣੀ ਕੋਲਕਾਤਾ ਦੇ ਗਰੀਆਹਾਟ ਤੋਂ ਸਾਲਟ ਲੇਕ ਸੈਕਟਰ 5 ਦੇ ਆਈਟੀ ਹੱਬ ਤੱਕ ਸਰਕਾਰੀ ਏਅਰ-ਕੰਡੀਸ਼ਨਡ ਬੱਸ ਵਿੱਚ ਯਾਤਰਾ ਕਰਨ ਵਾਲੀ ਸੁਮਨਾ ਸਿੰਘ ਨੇ ਕਿਹਾ, ਪਿਛਲੇ ਕੁਝ ਸਾਲਾਂ ਵਿੱਚ ਬਹੁਤ ਸਾਰੇ ਸਰਕਾਰੀ ਬੱਸ ਰੂਟ ਬੰਦ ਕਰ ਦਿੱਤੇ ਗਏ ਹਨ, ਜਿਸ ਨਾਲ ਯਾਤਰੀਆਂ ਲਈ ਅਸੁਵਿਧਾ ਵਧ ਗਈ ਹੈ। ਮਨੀਸ਼ਾ ਬਰਮਨ, ਜੋ ਆਪਣੀਆਂ ਦੋ ਧੀਆਂ ਨਾਲ ਸਿਲੀਗੁੜੀ ਤੋਂ ਕੂਚ ਬਿਹਾਰ ਤੱਕ ਉੱਤਰੀ ਬੰਗਾਲ ਸਟੇਟ ਟ?ਰਾਂਸਪੋਰਟ ਕੰਪਨੀ ਦੀ ਬੱਸ ਰਾਹੀਂ ਯਾਤਰਾ ਕਰ ਰਹੀ ਸੀ, ਨੇ ਕਿਹਾ ਕਿ ਇਹ ਯੋਜਨਾ ਉਨ੍ਹਾਂ ਦੇ ਜੱਦੀ ਪਿੰਡ ਤੱਕ ਲਗਭਗ 170 ਕਿਲੋਮੀਟਰ ਦੀ ਯਾਤਰਾ ਨੂੰ ਆਸਾਨ ਬਣਾ ਦੇਵੇਗੀ। ਸਰਕਾਰ ਨੇ 1 ਜੂਨ ਤੋਂ ਪੱਛਮੀ ਬੰਗਾਲ ਟਰਾਂਸਪੋਰਟ ਕਾਰਪੋਰੇਸ਼ਨ, ਦੱਖਣੀ ਬੰਗਾਲ ਸਟੇਟ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਉੱਤਰੀ ਬੰਗਾਲ ਸਟੇਟ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਸਾਰੀਆਂ ਬੱਸਾਂ ਵਿੱਚ ਔਰਤਾਂ ਲਈ ਯਾਤਰਾ ਮੁਫ਼ਤ ਕਰ ਦਿੱਤੀ ਹੈ। ਇਸ ਕਦਮ ਦਾ ਉਦੇਸ਼ ਔਰਤਾਂ ਨੂੰ ਸਸ਼ਕਤ ਬਣਾਉਣਾ ਅਤੇ ਆਵਾਜਾਈ ਸਹੂਲਤਾਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਬਿਹਤਰ ਬਣਾਉਣਾ ਹੈ। ਰਾਜ ਸਰਕਾਰ ਨੇ ਕਿਹਾ ਹੈ ਕਿ ਯੋਜਨਾ ਦੀ ਦੁਰਵਰਤੋਂ ਨੂੰ ਰੋਕਣ ਲਈ ਲਾਭਪਾਤਰੀਆਂ ਦੀਆਂ ਫੋਟੋਆਂ ਅਤੇ ਨਾਵਾਂ ਵਾਲੇ ਡਿਜੀਟਲ ਸਮਾਰਟ ਕਾਰਡ ਜਾਰੀ ਕੀਤੇ ਜਾਣਗੇ।

## ਪੰਜਾਬ ਕਾਂਗਰਸ ਦਾ ਪ੍ਰਧਾਨ ਬਦਲਣ 'ਤੇ ਭੂਪੇਸ਼ ਬਘੇਲ ਦਾ ਵੱਡਾ ਬਿਆਨ




ਚੰਡੀਗੜ੍ਹ/ਨਵੀਂ ਦਿੱਲੀ 2 ਜੂਨ। ਪੰਜਾਬ ਵਿਚ ਚੋਣਾਂ ਤੋਂ ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਲੀਡਰ ਨੂੰ ਬਦਲੇ ਜਾਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਇਸ ਵਿਚਾਲੇ ਕਾਂਗਰਸ ਹਾਈਕਮਾਂਡ ਦੀ ਮੀਟਿੰਗ ਮਗਰੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਸਪਸ਼ਟ ਤੌਰ 'ਤੇ ਕਿਹਾ ਹੈ ਕਿ ਫ਼?ਲਹਾਲ ਪੰਜਾਬ ਵਿਚ ਲੀਡਰਸ਼ਿਪ ਵਿਚ ਕੋਈ ਤਬਦੀਲੀ ਨਹੀਂ ਹੋ ਰਹੀ। ਨਵੀਂ ਦਿੱਲੀ ਵਿਖੇ ਹੋਈ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭੂਪੇਸ਼ ਬਘੇਲ ਨੇ ਕਿਹਾ ਕਿ ਪੰਜਾਬ ਦੀਆਂ ਚੋਣਾਂ ਨੇੜੇ ਹਨ, ਇਨ੍ਹਾਂ ਚੋਣਾਂ ਦੇ ਮੱਦੇਨਜ਼ਰ ਹੀ ਮੀਟਿੰਗ ਹੋਈ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਮੀਟਿੰਗ ਵਿਚ ਸਿਰਫ਼ ਚੋਣ ਰਣਨੀਤੀ ਬਾਰੇ ਗੱਲਬਾਤ ਹੋਈ ਹੈ, ਲੀਡਰਸ਼ਿਪ ਵਿਚ ਤਬਦੀਲੀ 'ਤੇ ਕੋਈ ਚਰਚਾ ਨਹੀਂ ਹੋਈ। ਉਨ੍ਹਾਂ ਕਿਹਾ ਕਿ ਅਸੀਂ ਰਾਹੁਲ ਗਾਂਧੀ ਅਤੇ ਮੱਲਿਕਾਰਜੁਨ ਖੜਗੇ ਦੀ ਅਗਵਾਈ ਹੇਠ ਚੋਣਾਂ ਲੜਾਂਗੇ।

# ਭਾਰਤ ਤੇ ਆਸਟਰੇਲੀਆ ਦੇ ਰੱਖਿਆ ਮੰਤਰੀਆਂ ਵਿਚਾਲੇ ਅਹਿਮ ਮੀਟਿੰਗ ! ਰੱਖਿਆ ਸਹਿਯੋਗ ਬਾਰੇ ਹੋਏ ਅਹਿਮ ਐਲਾਨ

ਕੌਮੀ ਪੱਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 2 ਜੂਨ। ਮਿਡਲ ਈਸਟ ਤਣਾਅ ਕਾਰਨ ਫਿਊਲ ਸਪਲਾਈ ਚੇਨ ਵਿੱਚ ਆਈਆਂ ਰੁਕਾਵਟਾਂ ਅਤੇ ਹਿੰਦ-ਪ੍ਰਸ਼ਾਂਤ ਖੇਤਰ 'ਚ ਚੀਨ ਦੇ ਵਧਦੇ ਰਸੂਖ਼ ਵਿਚਾਲੇ ਭਾਰਤ ਅਤੇ ਆਸਟ?ਰੇਲੀਆ ਨੇ ਸੋਮਵਾਰ ਨੂੰ ਉੱਚ-ਪੱਧਰੀ ਰੱਖਿਆ ਗੱਲਬਾਤ ਕੀਤੀ। ਨਵੀਂ ਦਿੱਲੀ ਵਿਖੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਆਸਟ?ਰੇਲੀਆ ਦੇ ਉਪ-ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਰਿਚਰਡ ਮਾਰਲਸ ਵਿਚਕਾਰ ਹੋਈ ਇਸ ਗੱਲਬਾਤ ਦੌਰਾਨ ਸਮੁੰਦਰੀ ਖੇਤਰ 'ਚ ਆਵਾਜਾਈ ਦੀ ਆਜ਼ਾਦੀ, ਜਹਾਜ਼ਾਂ ਦੀ ਉਡਾਣ ਅਤੇ ਬੇਰੋਕ ਵਪਾਰ ਦੇ ਮੁੱਦਿਆਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਰੱਖਿਆ ਉਦਯੋਗਿਕ ਸਹਿਯੋਗ ਨੂੰ ਹੋਰ ਡੂੰਘਾ ਕਰਨ ਲਈ ਦੋਵਾਂ ਮੰਤਰੀਆਂ ਨੇ ਇੱਕ ਅਹਿਮ ਐਲਾਨ ਕੀਤਾ। ਭਾਰਤ ਅਤੇ ਆਸਟ?ਰੇਲੀਆ ਜਲਦੀ ਹੀ ਰੱਖਿਆ ਰੱਖਿਆ ਸੇਵਾਵਾਂ ਦੀ ਸਪਲਾਈ ਨੂੰ ਲੈ ਕੇ ਇੱਕ ਸਹਿਮਤੀ ਪੱਤਰ ਤਿਆਰ ਕਰਨਾ ਸ਼ੁਰੂ ਕਰਨਗੇ। ਆਸਟ?ਰੇਲੀਆ ਦੇ ਪਹਿਲੇ ਰੱਖਿਆ ਵਪਾਰ ਮਿਸ਼ਨ ਦੇ ਭਾਰਤ ਦੌਰੇ ਦਾ ਸਵਾਗਤ ਕਰਦਿਆਂ ਦੋਵਾਂ ਦੇਸ਼ਾਂ ਨੇ ਰੱਖਿਆ ਉਦਯੋਗ, ਖੋਜ ਅਤੇ ਮਟੀਰੀਅਲ 'ਤੇ ਬਣੇ ਜੁਆਇੰਟ ਵਰਕਿੰਗ ਗਰੁੱਪ ਰਾਹੀਂ ਆਪਸੀ ਅਦਾਨ-ਪ੍ਰਦਾਨ ਵਧਾਉਣ 'ਤੇ ਸਹਿਮਤੀ ਜਤਾਈ। ਮੀਟਿੰਗ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਗਿਆ ਕਿ ਦੋਵੇਂ ਦੇਸ਼ 'ਜੁਆਇੰਟ ਮੈਰੀਟਾਈਮ ਸਿਕਿਓਰਿਟੀ ਕੋਲੈਬੋਰੇਸ਼ਨ ਰੋਡਮੈਪ' ਨੂੰ ਅੰਤਿਮ ਰੂਪ ਦੇਣ ਲਈ ਤੇਜ਼ੀ ਨਾਲ ਕੰਮ ਕਰ ਰਹੇ ਹਨ। ਦੋਵਾਂ ਦੇਸ਼ਾਂ ਦੇ ਸਮੁੰਦਰੀ ਗਸ਼ਤੀ ਜਹਾਜ਼ਾਂ ਰਾਹੀਂ ਆਪਸੀ ਨਿਗਰਾਨੀ ਗਤੀਵਿਧੀਆਂ ਨੂੰ ਵਧਾਇਆ ਜਾਵੇਗਾ। ਹਿੰਦ ਮਹਾਸਾਗਰ ਵਿੱਚ ਵਧਦੇ ਖ਼ਤਰਿਆਂ ਦੇ ਮੱਦੇਨਜ਼ਰ ਦੋਵਾਂ ਦੇਸ਼ਾਂ ਨੇ ਸਮੁੰਦਰ ਦੇ ਅੰਦਰੂਨੀ ਹਿੱਸੇ ਦੀ ਨਿਗਰਾਨੀ ਦੇ ਖੇਤਰ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ ਤਲਾਸ਼ਣ ਦਾ ਫ਼ੈਸਲਾ ਕੀਤਾ ਹੈ। ਦੋਵਾਂ ਆਗੂਆਂ ਨੇ 1982 ਦੇ ਸੰਯੁਕਤ ਰਾਸ਼ਟਰ ਦੇ ਸਮੁੰਦਰੀ ਕਾਨੂੰਨ ਦੇ ਤਹਿਤ ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ ਕਰਨ ਦੀ ਪ੍ਰਤੀਬੱਧਤਾ ਦੁਹਰਾਈ। ਰਾਜਨਾਥ ਸਿੰਘ ਅਤੇ ਰਿਚਰਡ ਮਾਰਲਸ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਭਾਰਤ, ਆਸਟ?ਰੇਲੀਆ, ਜਾਪਾਨ ਅਤੇ ਅਮਰੀਕਾ ਦੇ ਵਧਦੇ ਰਣਨੀਤਕ ਤਾਲਮੇਲ ਦਾ ਸਵਾਗਤ ਕੀਤਾ।



ਦੋਵਾਂ ਮੰਤਰੀਆਂ ਨੇ 'ਕੁਆਡ ਹਿੰਦ-ਪ੍ਰਸ਼ਾਂਤ ਮੈਰੀਟਾਈਮ ਸਰਵੇਲੈਂਸ ਕੋਲੈਬੋਰੇਸ਼ਨ' ਪਹਿਲਕਦਮੀ ਲਈ ਮਜ਼ਬੂਤ ??ਸਮਰਥਨ ਪ੍ਰਗਟਾਇਆ, ਜਿਸ ਨੂੰ ਸ਼ੁਰੂਆਤੀ ਤੌਰ 'ਤੇ ਹਿੰਦ ਮਹਾਸਾਗਰ ਖੇਤਰ ਵਿੱਚ ਮਾਹਿਰਾਂ ਦੇ ਆਦਾਨ-ਪ੍ਰਦਾਨ ਅਤੇ ਟੇਬਲਟੌਪ ਅਭਿਆਸਾਂ ਰਾਹੀਂ ਲਾਗੂ ਕੀਤਾ ਜਾਵੇਗਾ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੋਸ਼ਲ ਮੀਡੀਆ 'ਤੇ ਇਸ ਬੈਠਕ ਨੂੰ ਸ਼ਾਨਦਾਰ ਦੱਸਦਿਆਂ ਲਿਖਿਆ ਕਿ ਭਾਰਤ-ਆਸਟ?ਰੇਲੀਆ ਰੱਖਿਆ ਭਾਈਵਾਲੀ ਆਉਣ ਵਾਲੇ ਸਾਲਾਂ ਵਿੱਚ ਨਿਰੰਤਰ ਤਰੱਕੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

# ਮੁੱਖ ਮੰਤਰੀ ਉਮਰ ਅਬਦੁੱਲਾ ਨੇ ਬੁਲਾਈ ਵਿਧਾਇਕਾਂ ਦੀ ਬੈਠਕ

ਕੌਮੀ ਪੱਤ੍ਰਿਕਾ

ਸ਼੍ਰੀਨਗਰ 2 ਜੂਨ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਤਿੰਨ ਜੂਨ ਨੂੰ ਸੱਤਾਧਾਰੀ ਨੈਸ਼ਨਲ ਕਾਨਫਰੰਸ ਦੇ ਵਿਧਾਇਕਾਂ ਅਤੇ ਸਰਕਾਰ ਦਾ ਸਮਰਥਨ ਕਰਨ ਵਾਲੇ ਆਜ਼ਾਦ ਵਿਧਾਇਕਾਂ ਦੀ ਬੈਠਕ ਬੁਲਾਈ ਹੈ, ਜਿਸ 'ਚ 'ਸਮੂਹਿਕ ਮਹੱਤਵ ਨਾਲ ਜੁੜੇ ਮਾਮਲਿਆਂ' 'ਤੇ ਚਰਚਾ ਕੀਤੀ ਜਾਵੇਗੀ। ਅਬਦੁੱਲਾ ਨੇ ਵਿਧਾਇਕਾਂ ਨੂੰ ਲਿਖੇ ਸੱਦਾ ਪੱਤਰ 'ਚ ਕਿਹਾ ਕਿ ਸਮੂਹਿਕ ਮਹੱਤਵ ਦੇ ਮਾਮਲਿਆਂ ਅਤੇ ਜਨ ਕਲਿਆਣ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਅਬਦੁੱਲਾ ਨੇ ਆਪਣੀ ਪਾਰਟੀ ਦੇ ਵਿਧਾਇਕਾਂ ਤੋਂ ਇਲਾਵਾ ਸਰਕਾਰ ਦਾ ਸਮਰਥਨ ਕਰ ਰਹੇ ਚਾਰ ਆਜ਼ਾਦ ਵਿਧਾਇਕਾਂ ਨੂੰ ਵੀ ਸੱਦਾ ਦਿੱਤਾ ਹੈ। ਹਾਲਾਂਕਿ ਮੁੱਖ ਮੰਤਰੀ ਨੇ ਅਜੇ ਤੱਕ ਉਨ੍ਹਾਂ 6 ਕਾਂਗਰਸ ਵਿਧਾਇਕਾਂ ਨੂੰ ਸੱਦਾ ਨਹੀਂ ਦਿੱਤਾ, ਜੋ ਨੈਸ਼ਨਲ ਕਾਨਫਰੰਸ ਸਰਕਾਰ ਦਾ ਸਮਰਥਨ ਕਰ ਰਹੇ ਹਨ। ਇਕ ਨੇਕਾਂ ਵਿਧਾਇਕ ਨੇ ਕਿਹਾ ਕਿ ਬੈਠਕ 'ਚ ਜੰਮੂ ਕਸ਼ਮੀਰ ਦੇ ਮੌਜੂਦਾ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ,"ਸੱਦੇ ਤੋਂ ਪਤਾ ਲੱਗਦਾ ਹੈ ਕਿ ਮੁੱਖ ਮੰਤਰੀ ਉਨ੍ਹਾਂ ਸਮੱਸਿਆਂ ਅਤੇ ਮੁੱਦਿਆਂ ਬਾਰੇ ਵਿਧਾਇਕਾਂ ਤੋਂ ਸੁਣਨਾ ਚਾਹੁੰਦੇ ਹਨ, ਜਿਨ੍ਹਾਂ ਦਾ ਇੱਥੇ ਦੇ ਲੋਕ ਸਾਹਮਣਾ ਕਰ ਰਹੇ ਹਨ।" ਇਹ ਬੈਠਕ ਜੰਮੂ ਕਸ਼ਮੀਰ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ



ਸੁਨੀਲ ਸ਼ਰਮਾ ਵਲੋਂ ਕੀਤੇ ਗਏ ਉਹਾਂ ਦਾਅਵਿਆਂ ਦੇ ਪਿਛੋਕੜ 'ਚ ਹੋਵੇਗੀ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਸੱਤਾਧਾਰੀ ਦਲ ਦੇ ਕਈ ਵਿਧਾਇਕ ਪਾਲਾ ਬਦਲਣ ਵਾਲੇ ਹਨ। ਸ਼ਰਮਾ ਨੇ ਦਾਅਵਾ ਕੀਤਾ ਕਿ ਉਮਰ ਅਬਦੁੱਲਾ ਦੀ ਅਗਵਾਈ ਵਾਲੀ ਸਰਕਾਰ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕੇਗੀ ਅਤੇ ਕਿਸੇ ਵੀ ਸਮੇਂ ਡਿੱਗ ਸਕਦੀ ਹੈ।

## ਉਡਾਣ ਦੌਰਾਨ ਅਚਾਨਕ 50 ਮੀਟਰ ਹੇਠਾਂ ਡਿੱਗਾ ਜਹਾਜ਼, ਯਾਤਰੀਆਂ ਦੇ ਸੁੱਕੇ ਸਾਹ

ਨੈਸ਼ਨਲ ਡੈਸਕ 2 ਜੂਨ। ਦਿੱਲੀ ਤੋਂ ਕੋਲਕਾਤਾ ਜਾ ਰਹੀ ਏਅਰ ਇੰਡੀਆ ਦੀ ਉਡਾਣ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਵਿੱਚ ਕੁਝ ਯਾਤਰੀਆਂ ਦਾ ਦਾਅਵਾ ਹੈ ਕਿ ਉਡਾਣ ਦੌਰਾਨ ਤੇਜ਼ ਹਲਚਲ ਕਾਰਨ ਜਹਾਜ਼ ਅਚਾਨਕ ਲਗਭਗ 50 ਮੀਟਰ ਹੇਠਾਂ ਡਿੱਗ ਗਿਆ, ਜਿਸ ਕਾਰਨ ਜਹਾਜ਼ ਦੇ ਅੰਦਰ ਹਫੜਾ-ਦਫੜੀ ਅਤੇ ਦਹਿਸ਼ਤ ਫੈਲ ਗਈ। ਯਾਤਰੀਆਂ ਦੇ ਅਨੁਸਾਰ ਹਫੜਾ-ਦਫੜੀ ਇੰਨੀ ਤੇਜ਼ ਸੀ ਕਿ ਬਹੁਤ ਸਾਰੇ ਲੋਕ ਆਪਣੀਆਂ ਸੀਟਾਂ 'ਤੇ ਘਬਰਾ ਗਏ ਅਤੇ ਕੁਝ ਨੇ ਇਸਨੂੰ ਆਪਣੀ ਜ਼ਿੰਦਗੀ ਦੇ ਸਭ ਤੋਂ ਭਿਆਨਕ ਤਜ਼ਰਬਿਆਂ ਵਿੱਚੋਂ ਇੱਕ ਦੱਸਿਆ। ਵਾਇਰਲ ਵੀਡੀਓ ਵਿੱਚ ਯਾਤਰੀਆਂ ਦੀ ਘਬਰਾਹਟ ਅਤੇ ਜਹਾਜ਼ ਦੇ ਅੰਦਰ ਦੀ ਸਥਿਤੀ ਵੀ ਦੇਖੀ ਜਾ ਸਕਦੀ ਹੈ। ਹਾਲਾਂਕਿ, ਜਹਾਜ਼ ਨੇ ਆਪਣੀ ਯਾਤਰਾ ਸੁਰੱਖਿਅਤ ਢੰਗ ਨਾਲ ਪੂਰੀ ਕੀਤੀ ਅਤੇ ਸਾਰੇ ਯਾਤਰੀ ਸੁਰੱਖਿਅਤ ਢੰਗ ਨਾਲ ਆਪਣੀ ਮੰਜ਼ਿਲ 'ਤੇ ਪਹੁੰਚ ਗਏ। ਫਿਲਹਾਲ ਇਸ ਘਟਨਾ ਬਾਰੇ ਏਅਰ ਇੰਡੀਆ ਵੱਲੋਂ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਵਾਇਰਲ ਵੀਡੀਓ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇਸ ਘਟਨਾ 'ਤੇ ਵੱਖ-ਵੱਖ ਪ੍ਰਤੀਕਿਰਿਆਵਾਂ ਦੇਖਣ ਨੂੰ ਮਿਲ ਰਹੀਆਂ ਹਨ। ਮਾਹਿਰਾਂ ਦੇ ਅਨੁਸਾਰ, ਖਰਾਬ ਮੌਸਮ ਜਾਂ ਵਾਯੂਮੰਡਲੀ ਤਬਦੀਲੀਆਂ ਕਾਰਨ ਗੜਬੜ ਹੋ ਸਕਦੀ ਹੈ। ਹਾਲਾਂਕਿ ਅਜਿਹੇ ਮਾਮਲਿਆਂ ਵਿੱਚ ਜਹਾਜ਼ ਦੀ ਸੁਰੱਖਿਆ ਪ੍ਰਣਾਲੀ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ।

## ਤ੍ਰਿਣਮੂਲ ਸਰਕਾਰ ਦੀ 'ਲਕਸ਼ਮੀਰ ਭੰਡਾਰ' ਯੋਜਨਾ ਦੇ ਜਾਅਲੀ ਖਾਤਿਆਂ ਦੀ ਜਾਂਚ ਲਈ ਐਸਆਈਟੀ

ਕੋਲਕਾਤਾ 2 ਜੂਨ। ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੇ ਰਾਜ ਦੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਨੂੰ ਪਿਛਲੀ ਤ੍ਰਿਣਮੂਲ ਕਾਂਗਰਸ ਸਰਕਾਰ ਦੌਰਾਨ ਔਰਤਾਂ ਲਈ ਸ਼ੁਰੂ ਕੀਤੀ ਨਕਦੀ ਟਰਾਂਸਫਰ ਯੋਜਨਾ ਲਕਸ਼ਮੀ ਭੰਡਾਰ ਵਿੱਚ ਕਥਿਤ ਜਾਅਲੀ ਖਾਤਿਆਂ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਬਣਾਉਣ ਲਈ ਕਿਹਾ ਹੈ। ਸੂਬਾ ਸਕੱਤਰੇਤ ਨਬੰਨਾ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਧਿਕਾਰੀ ਨੇ ਕਿਹਾ ਕਿ ਇਸ ਮਾਮਲੇ ਦੀ ਮਨੀ ਲਾਂਡਰਿੰਗ ਦੀ ਜਾਂਚ ਵੀ ਕੀਤੀ ਜਾਵੇਗੀ, ਕਿਉਂਕਿ ਇਸ ਵਿੱਚ ਗੈਰ-ਕਾਨੂੰਨੀ ਨਕਦੀ ਟ?ਰਾਂਸਫਰ ਸ਼ਾਮਲ ਸੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਇਹ ਪਾਇਆ ਗਿਆ ਹੈ ਕਿ ਪਿਛਲੀ ਤ੍ਰਿਣਮੂਲ ਸਰਕਾਰ ਦੌਰਾਨ ਔਰਤਾਂ ਲਈ ਬਣਾਈ ਗਈ ਇਸ ਵਿੱਤੀ ਸਹਾਇਤਾ ਯੋਜਨਾ ਤੋਂ ਪੁਰਸ਼ਾਂ ਨੂੰ ਲਾਭ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ, ਲਕਸ਼ਮੀ ਭੰਡਾਰ ਵਿੱਚ ਲਗਭਗ 30 ਲੱਖ ਖਾਤੇ ਫਰਜ਼ੀ ਹਨ। ਮੈਂ ਪੁਲਸ ਡਾਇਰੈਕਟਰ ਜਨਰਲ (ਡੀਜੀਪੀ) ਨੂੰ ਇਸ ਮਾਮਲੇ ਦੀ ਜਾਂਚ ਲਈ ਇੱਕ ਐਸਆਈਟੀ ਬਣਾਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਨਵੀਂ ਭਾਜਪਾ ਸਰਕਾਰ ਦੀ ਅੰਨਪੂਰਨਾ ਭੰਡਾਰ ਯੋਜਨਾ ਲਈ 12 ਪੰਨਿਆਂ ਦੇ ਤਸਦੀਕ ਫਾਰਮ 'ਤੇ ਸਵਾਲ ਉਠਾਉਣ ਵਾਲਿਆਂ ਨੂੰ ਪਿਛਲੀ ਲਕਸ਼ਮੀਰ ਭੰਡਾਰ ਯੋਜਨਾ ਵਿੱਚ ਸਾਹਮਣੇ ਆਈਆਂ ਬੇਨਿਯਮੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। 'ਅੰਨਪੂਰਨਾ ਭੰਡਾਰ ਯੋਜਨਾ' ਤਹਿਤ ਮਹਿਲਾ ਲਾਭਪਾਤਰੀਆਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਵਧਾ ਕੇ 3,000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ। ਸ਼ੁਭੇਂਦੂ ਅਧਿਕਾਰੀ ਨੇ ਕਿਹਾ ਕਿ ਕੁਝ ਪੁਰਸ਼ਾਂ ਨੂੰ ਪਹਿਲਾਂ ਹੀ ਝੂਠੇ ਦਾਅਵਿਆਂ ਰਾਹੀਂ ਇਸ ਭਲਾਈ ਯੋਜਨਾ ਤਹਿਤ ਲਾਭ ਪ੍ਰਾਪਤ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ, ਅਸੀਂ ਜ਼ਮੀਨੀ ਪੱਧਰ 'ਤੇ ਇਨ੍ਹਾਂ ਬੇਨਿਯਮੀਆਂ ਨੂੰ ਖਤਮ ਕਰਾਂਗੇ। ਮੁੱਖ ਮੰਤਰੀ ਨੇ ਕਿਹਾ ਕਿ 'ਅੰਨਪੂਰਨਾ ਭੰਡਾਰ' ਤਹਿਤ ਲਾਭ ਬੁੱਧਵਾਰ ਨੂੰ ਵੱਡੀ ਗਿਣਤੀ ਵਿੱਚ ਮਹਿਲਾ ਲਾਭਪਾਤਰੀਆਂ ਨੂੰ ਜਾਰੀ ਕੀਤੇ ਜਾਣਗੇ।

# ਹਰਿਆਣਾ ਦੀਆਂ ਖੰਡ ਮਿੱਲਾਂ ਨੂੰ ਇੱਕ ਸਾਲ ਵਿੱਚ ਘਾਟੇ ਤੋਂ ਮੁਨਾਫ਼ੇ ਵਿੱਚ ਲਿਆਉਣਾ ਯਕੀਨੀ ਕਰਨ: ਮੁੱਖ ਮੰਤਰੀ

ਕੌਮੀ ਪੱਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ, 2 ਜੂਨ। ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਦੀਆਂ ਸਾਰੀਆਂ ਸਹਿਕਾਰੀ ਖੰਡ ਮਿੱਲਾਂ ਦੀ ਵਿਵਸਥਾ ਵਿੱਚ ਬੁਨਿਆਦੀ ਤਬਦੀਲੀ ਕਰਦਿਆਂ ਇਨ੍ਹਾਂ ਨੂੰ ਅਗਲੇ ਇੱਕ ਸਾਲ ਵਿੱਚ ਘਾਟੇ ਵਿੱਚੋਂ ਕੱਢ ਕੇ ਮੁਨਾਫ਼ੇ ਦੀ ਸਥਿਤੀ ਵਿੱਚ ਲਿਆਉਣਾ ਯਕੀਨੀ ਬਣਾਇਆ ਜਾਵੇ। ਇਸ ਦੇ ਲਈ ਉੱਚ ਅਧਿਕਾਰੀ ਇੱਕ-ਇੱਕ ਮਿੱਲ ਦੀ ਸਥਿਤੀ ਦੀ ਡੂੰਘਾਈ ਨਾਲ ਸਮੀਖਿਆ ਕਰਨ ਅਤੇ ਸਾਰੀਆਂ ਕਮੀਆਂ ਨੂੰ ਦੂਰ ਕਰਨ। ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਇਹ ਨਿਰਦੇਸ਼ ਮੰਗਲਵਾਰ ਨੂੰ ਹਰਿਆਣਾ ਸਿਵਲ ਸਕੱਤਰੇਤ ਵਿੱਚ ਹਰਿਆਣਾ ਵਿਜ਼ਨ-2047 ਤਹਿਤ ਸਹਿਕਾਰਤਾ ਵਿਭਾਗ ਦੇ ਅਗਲੇ 5 ਸਾਲਾਂ ਦੇ ਰੋਡਮੈਪ ਅਤੇ ਕਾਰਜ ਯੋਜਨਾ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰਦਿਆਂ ਦਿੱਤੇ। ਉਨ੍ਹਾਂ ਕਿਹਾ ਕਿ ਉਹ ਤਿੰਨ ਮਹੀਨਿਆਂ ਬਾਅਦ ਵਿਭਾਗ ਦੀ ਕਾਰਜ ਯੋਜਨਾ ਦੀ ਮੁੜ ਸਮੀਖਿਆ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੀਆਂ ਸਹਿਕਾਰੀ ਖੰਡ ਮਿੱਲਾਂ ਨਾਲ ਕਿਸਾਨਾਂ ਦੇ ਹਿੱਤ ਜੁੜੇ ਹੋਏ ਹਨ, ਇਸ ਲਈ ਇਨ੍ਹਾਂ ਦਾ ਮੁਨਾਫ਼ੇ ਵਾਲੀ ਸਥਿਤੀ ਵਿੱਚ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਹਰਿਆਣਾ ਵਿੱਚ ਨਿੱਜੀ ਖੰਡ ਮਿੱਲਾਂ ਮੁਨਾਫ਼ੇ ਦੀ ਸਥਿਤੀ ਵਿੱਚ ਚੱਲ ਰਹੀਆਂ ਹਨ, ਤਾਂ ਫਿਰ ਸਹਿਕਾਰੀ ਖੰਡ ਮਿੱਲਾਂ ਘਾਟੇ ਵਿੱਚ ਕਿਉਂ ਚੱਲ ਰਹੀਆਂ ਹਨ। ਸਰਕਾਰ ਨੇ ਇਸ ਸਾਲ ਖੰਡ ਮਿੱਲਾਂ ਨੂੰ 632 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਹੈ। ਉਨ੍ਹਾਂ ਨੇ ਸਹਿਕਾਰਤਾ ਵਿਭਾਗ ਦੇ ਪ੍ਰਮੁੱਖ ਸਕੱਤਰ ਸ਼੍ਰੀ ਪੰਕਜ ਯਾਦਵ ਨੂੰ ਸਹਿਕਾਰਤਾ ਵਿਭਾਗ ਦੀ ਕਾਰਜਪ੍ਰਣਾਲੀ ਅਤੇ ਮਨੁੱਖੀ ਸਰੋਤਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਵਿਭਾਗ ਦਾ ਪੂਰੀ ਤਰ੍ਹਾਂ ਕਾਇਆਕਲਪ ਕਰਨ ਲਈ ਕਿਹਾ। ਉਨ੍ਹਾਂ ਸਖ਼ਤ ਨਿਰਦੇਸ਼ ਦਿੱਤੇ ਕਿ ਸਹਿਕਾਰੀ ਖੰਡ ਮਿੱਲਾਂ ਵਿੱਚ ਬੈਠੇ ਵਿਹਲੇ ਅਧਿਕਾਰੀਆਂ-ਕਰਮਚਾਰੀਆਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਮੇਂ-ਸਮੇਂ 'ਤੇ ਮਿੱਲਾਂ ਨੂੰ ਅਪਡੇਟ ਕਰਨ ਅਤੇ ਇਥਾਨੌਲ ਪਲਾਂਟ ਲਗਾਉਣ ਦੇ ਸਬੰਧ ਵਿੱਚ ਵੀ ਵਿਆਪਕ ਨਿਰਦੇਸ਼ ਦਿੱਤੇ। ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅਗਲੇ ਵਿੱਤੀ ਸਾਲ ਤੱਕ ਸਾਰੀਆਂ ਸਹਿਕਾਰੀ ਮਿੱਲਾਂ ਵਿੱਚ ਕੰਪਰੈਸਡ ਬਾਇਓਗੈਸ ਪਲਾਂਟ ਲਗਾਉਣ ਦਾ ਉਦੇਸ਼ ਵੀ ਪੂਰਾ ਕੀਤਾ ਜਾਵੇ। ਅਧਿਕਾਰੀਆਂ ਨੇ ਦੱਸਿਆ ਕਿ ਸਹਿਕਾਰੀ ਮਿੱਲਾਂ ਵਿੱਚ ਕੁਸ਼ਲ ਕਰਮਚਾਰੀਆਂ ਦੀ ਕਮੀ ਹੈ, ਕਿਉਂਕਿ ਕਈ ਕਾਰਜਾਂ ਨਾਲ ਸਬੰਧਤ ਪੜ੍ਹਾਈ ਸਿਰਫ਼ ਪੂਣੇ ਜਾਂ ਕਾਨਪੁਰ ਵਿੱਚ ਹੁੰਦੀ ਹੈ। ਇਸ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਖੰਡ ਮਿੱਲਾਂ ਨੂੰ ਕੁਸ਼ਲ ਨੌਜਵਾਨ ਮੁਹੱਈਆ ਕਰਵਾਉਣ ਲਈ ਆਈ.ਟੀ.ਆਈ. ਵਿੱਚ ਇਸ ਨਾਲ



ਸਬੰਧਤ ਕੋਰਸ ਸ਼ੁਰੂ ਕਰਵਾਏ ਜਾਣਗੇ। ਉਨ੍ਹਾਂ ਗੰਨਾ ਵੇਚਣ ਆਏ ਕਿਸਾਨਾਂ ਦਾ ਉਡੀਕ ਸਮਾਂ ਘੱਟ ਹੋਣ 'ਤੇ ਸੰਤੁਸ਼ਟੀ ਪ੍ਰਗਟਾਈ। ਮੁੱਖ ਮੰਤਰੀ ਨੇ ਕਿਹਾ ਕਿ ਭਵਿੱਖ ਦੀਆਂ ਲੋੜਾਂ ਦੇ ਮੱਦੇਨਜ਼ਰ ਸੂਬੇ ਵਿੱਚ ਦੁੱਧ ਦਾ ਉਤਪਾਦਨ ਵਧਾਉਣ ਲਈ ਵੀ ਕਾਰਜ ਯੋਜਨਾ ਤਿਆਰ ਕੀਤੀ ਜਾਵੇ। ਇਸ ਦੇ ਲਈ ਉਨ੍ਹਾਂ ਨੇ ਨਵੀਆਂ ਡੇਅਰੀ ਕੋ-ਆਪ੍ਰੇਟਿਵ ਸੋਸਾਇਟੀਆਂ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪੇਂਡੂ ਖੇਤਰਾਂ ਵਿੱਚ ਸੈਲਫ ਹੈਲਪ ਗਰੁੱਪਾਂ ਦੀਆਂ ਮਹਿਲਾਵਾਂ ਨੂੰ ਡੇਅਰੀ ਸ਼ੁਰੂ ਕਰਨ ਅਤੇ ਹਰਾ ਚਾਰਾ ਉਗਾਉਣ ਲਈ ਪੰਚਾਇਤ ਦੀ ਜ਼ਮੀਨ ਲੀਜ਼ 'ਤੇ ਦਿੱਤੀ ਜਾਵੇ। ਇਸ ਦੇ ਲਈ ਉਨ੍ਹਾਂ ਨੇ ਪੰਚਾਇਤ ਵਿਭਾਗ, ਪਸ਼ੂ ਪਾਲਣ ਵਿਭਾਗ ਅਤੇ ਸਹਿਕਾਰਤਾ ਵਿਭਾਗ ਦੀ ਸਾਂਝੀ ਕਾਰਜ ਯੋਜਨਾ ਤਿਆਰ ਕਰਨ ਲਈ ਕਿਹਾ। ਉਨ੍ਹਾਂ ਸੂਬੇ ਵਿੱਚ ਪਸ਼ੂਧਨ ਲਈ ਭਵਿੱਖ ਵਿੱਚ ਹਰੇ ਅਤੇ ਸੁੱਕੇ ਚਾਰੇ ਦੀ ਯੋਗ ਉਪਲਬਧਤਾ ਲਈ ਵੀ ਵਿਆਪਕ ਯੋਜਨਾ ਬਣਾਉਣ ਦੇ ਨਿਰਦੇਸ਼ ਦਿੱਤੇ। ਸ਼੍ਰੀ ਨਾਇਬ ਸਿੰਘ ਸੈਣੀ ਨੇ ਹਰਕੋ ਬੈਂਕ ਵਿੱਚ 100 ਫੀਸਦੀ ਪੈਕਸ ਨੂੰ ਕੰਪਿਊਟਰਾਈਜ਼ਡ ਕਰਨ ਦੇ ਨਿਰਦੇਸ਼ ਦਿੰਦਿਆਂ ਸਹਿਕਾਰੀ ਬੈਂਕਾਂ ਵਿੱਚ ਮਹਿਲਾਵਾਂ ਦੇ ਖਾਤਿਆਂ ਦੀ ਜਾਣਕਾਰੀ ਲਈ। ਅਧਿਕਾਰੀਆਂ ਨੇ ਦੱਸਿਆ ਕਿ ਸਹਿਕਾਰੀ ਬੈਂਕਾਂ ਵਿੱਚ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਤਹਿਤ 15 ਹਜ਼ਾਰ ਖਾਤੇ ਹਨ, ਜਿਨ੍ਹਾਂ ਨੂੰ ਵਧਾਉਣ ਦੇ ਸਾਲਾਨਾ ਟੀਚੇ ਰੱਖੇ ਗਏ ਹਨ। ਸਵੈ-ਸਹਾਇਤਾ ਸਮੂਹਾਂ ਅਤੇ ਜੁਆਇੰਟ ਲਾਇਬਿਲਟੀ ਗਰੁੱਪਾਂ ਦੀਆਂ ਮਹਿਲਾਵਾਂ ਨੂੰ ਕ੍ਰੈਡਿਟ ਸਹੂਲਤ ਪ੍ਰਦਾਨ ਕੀਤੀ ਗਈ ਹੈ ਅਤੇ 145 ਕਰੋੜ ਰੁਪਏ ਦਾ ਕਰਜ਼ਾ ਦੇਣ ਦਾ ਟੀਚਾ ਰੱਖਿਆ ਗਿਆ ਹੈ। ਮੁੱਖ ਮੰਤਰੀ ਨੇ ਲੇਬਰ ਐਂਡ ਕੰਸਟਰੱਕਸ਼ਨ ਫੈਡਰੇਸ਼ਨ ਦੇ ਕੰਮਾਂ ਦੀ ਸਮੀਖਿਆ ਦੌਰਾਨ ਨਿਰਦੇਸ਼ ਦਿੱਤੇ ਕਿ ਕੁਝ ਸੋਸਾਇਟੀਆਂ ਨੂੰ ਵੱਧ ਕਰਜ਼ਾ ਦੇਣ ਦੀ ਬਜਾਏ, ਵੱਧ ਤੋਂ ਵੱਧ ਸੋਸਾਇਟੀਆਂ ਨੂੰ ਕਰਜ਼ਾ ਉਪਲਬਧ ਕਰਵਾਇਆ ਜਾਵੇ ਤਾਂ ਜੋ ਵੱਧ ਲੋਕਾਂ ਨੂੰ ਲਾਭ ਮਿਲ ਸਕੇ। ਇਸ ਦੇ ਲਈ ਨਿਯਮਾਂ ਨੂੰ ਲਚਕਦਾਰ ਬਣਾਇਆ ਜਾਵੇ। ਅਧਿਕਾਰੀਆਂ ਨੇ ਦੱਸਿਆ ਕਿ ਅਜੇ 3000 ਸੋਸਾਇਟੀਆਂ ਰਾਹੀਂ 2000 ਕਰੋੜ ਰੁਪਏ ਦੇ ਕੰਮ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਹੋਰ ਸਬੰਧਤ ਵਿਭਾਗਾਂ ਦੇ ਤਾਲਮੇਲ ਨਾਲ ਟੀਚਿਆਂ ਦੀ ਪ੍ਰਾਪਤੀ ਦੀ ਯੋਜਨਾ ਬਣਾਈ ਜਾਵੇ। ਸਹਿਕਾਰੀ ਖੇਤੀਬਾੜੀ ਅਤੇ ਗ੍ਰਾਮੀਣ ਵਿਕਾਸ ਬੈਂਕ ਦੀ ਸਮੀਖਿਆ ਦੌਰਾਨ ਮੁੱਖ ਮੰਤਰੀ ਨੇ ਕਰਜ਼ਾ ਵੰਡ ਦਾ ਦਾਇਰਾ 130 ਕਰੋੜ ਰੁਪਏ ਤੋਂ ਵਧਾ ਕੇ 300 ਕਰੋੜ ਰੁਪਏ ਕਰਨ ਅਤੇ ਘੱਟੋ-ਘੱਟ 100 ਪੈਕਸ ਨੂੰ ਇਸੇ ਸਾਲ ਮੁਨਾਫ਼ੇ ਦੀ ਸਥਿਤੀ ਵਿੱਚ ਲਿਆਉਣ ਦੇ ਨਿਰਦੇਸ਼ ਦਿੱਤੇ। ਅਧਿਕਾਰੀਆਂ ਨੇ ਦੱਸਿਆ ਕਿ ਹਰਿਆਣਾ ਕੋ-ਆਪ੍ਰੇਟਿਵ ਹਾਊਸਿੰਗ ਫੈਡਰੇਸ਼ਨ ਰਾਹੀਂ ਸ਼ਹਿਰੀ ਖੇਤਰਾਂ ਵਿੱਚ ਈ.ਡਬਲਯੂ.ਐਸ. ਸ਼੍ਰੇਣੀ ਦੇ ਪਰਿਵਾਰਾਂ ਲਈ ਮਕਾਨ ਬਣਾਉਣ ਵਾਸਤੇ ਪ੍ਰਤੀ ਪਰਿਵਾਰ 12.50 ਲੱਖ ਰੁਪਏ ਦਾ ਕਰਜ਼ਾ ਉਪਲਬਧ ਕਰਵਾਇਆ ਜਾਂਦਾ ਹੈ।

# ਧਨੌਲਾ 'ਚ ਨਾਜਾਇਜ਼ ਸ਼ਰਾਬ ਵੇਚਣ ਦਾ ਵਿਰੋਧ ਕਰਨ 'ਤੇ ਠੇਕੇਦਾਰ ਦੇ ਕਰਿੰਦੇ 'ਤੇ ਕਾਤਲਾਨਾ ਹਮਲਾ

**ਕੌਮੀ ਪਤ੍ਰਿਕਾ**

ਧਨੌਲਾ ਮੰਡੀ 2 ਜੂਨ। ਧਨੌਲਾ ਮੰਡੀ ਵਿਚ ਨਜਾਇਜ਼ ਸ਼ਰਾਬ ਦੇ ਕਾਰੋਬਾਰੀਆਂ ਅਤੇ ਮਾਫੀਆ ਦੇ ਹੌਂਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਹੁਣ ਉਨ੍ਹਾਂ ਨੂੰ ਕਾਨੂੰਨ ਦਾ ਕੋਈ ਡਰ ਨਹੀਂ ਰਿਹਾ। ਬੀਤੀ ਰਾਤ ਅਨਾਜ ਮੰਡੀ ਦੇ ਨਜ਼ਦੀਕ ਨਜਾਇਜ਼ ਸ਼ਰਾਬ ਦੀ ਤਸਕਰੀ ਰੋਕਣ ਦੀ ਕੋਸ਼ਿਸ਼ ਕਰਨ ਵਾਲੇ ਸ਼ਰਾਬ ਦੇ ਠੇਕੇਦਾਰਾਂ ਦੇ ਇੱਕ ਮੁਲਾਜ਼ਮ 'ਤੇ 7-8 ਅਣਪਛਾਤੇ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਜਾਨਲੇਵਾ ਹਮਲਾ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਸ ਹਮਲੇ ਵਿਚ ਮੁਲਾਜ਼ਮ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਹੈ, ਜਿਸ ਦੇ ਸਿਰ 'ਤੇ ਡੂੰਘੀਆਂ ਚੋਟਾਂ ਲੱਗੀਆਂ ਹਨ। ਹਸਪਤਾਲ ਵਿਚ ਇਲਾਜ ਅਧੀਨ ਜ਼ਖਮੀ ਮੁਲਾਜ਼ਮ ਮੋਹਨਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਨੇ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਬੀਤੀ ਰਾਤ ਕਰੀਬ 8:30 ਵਜੇ ਉਹ ਅਨਾਜ ਮੰਡੀ ਦੇ ਕੋਲ ਮੌਜੂਦ ਸੀ। ਉਸ ਨੇ ਦੇਖਿਆ ਕਿ ਦੋ ਵਿਅਕਤੀ ਸਕੂਟਰੀ ਉੱਪਰ ਸਵਾਰ ਹੋ ਕੇ ਇਲਾਕੇ ਵਿਚ ਨਜਾਇਜ਼ ਸ਼ਰਾਬ ਵੇਚਣ ਦੀ ਫਿਰਾਕ ਵਿੱਚ ਘੁੰਮ ਰਹੇ ਸਨ। ਜਦੋਂ ਮੋਹਨਜੀਤ ਨੇ ਉਨ੍ਹਾਂ ਨੂੰ ਦੇਖਿਆ ਅਤੇ ਮੁਸਤੈਦੀ ਦਿਖਾਈ, ਤਾਂ ਤਸਕਰਾਂ ਨੇ ਤੁਰੰਤ ਫੋਨ ਕਰਕੇ ਆਪਣੇ 5-6 ਹੋਰ ਸਾਥੀਆਂ ਨੂੰ ਮੌਕੇ 'ਤੇ ਸੱਦ ਲਿਆ। ਇਸ ਤੋਂ ਪਹਿਲਾਂ ਕਿ ਕੋਈ ਕੁਝ ਸਮਝ ਪਾਉਂਦਾ, ਉਨ੍ਹਾਂ ਸਾਰਿਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਮੋਹਨਜੀਤ 'ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਲਹੂ-ਲੁਹਾਨ ਕਰਕੇ ਮੌਕੇ ਤੋਂ ਫਰਾਰ ਹੋ ਗਏ। ਵਾਰਦਾਤ ਤੋਂ ਤੁਰੰਤ ਬਾਅਦ ਜ਼ਖਮੀ ਨੂੰ ਧਨੌਲਾ ਦੇ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ। ਜਿੱਥੇ ਹਾਜ਼ਰ ਡਾਕਟਰ ਅਤੇ ਉਨ੍ਹਾਂ ਦੇ ਸਟਾਫ਼ ਨੇ ਮੁਸਤੈਦੀ ਦਿਖਾਉਂਦੇ ਹੋਏ ਸਿਰ 'ਤੇ ਗੰਭੀਰ ਚੋਟਾਂ ਕਾਰਨ ਟਾਂਕੇ ਲਗਾਏ ਅਤੇ ਮੁਢਲੀ ਸਹਾਇਤਾ ਪ੍ਰਦਾਨ ਕੀਤੀ। ਅੱਜ ਮੋਹਨਜੀਤ ਸਿੰਘ ਦੀ ਹਾਲਤ ਨੂੰ ਦੇਖਦਿਆਂ ਕੁਝ ਜ਼ਰੂਰੀ ਅਤੇ ਅਹਿਮ ਟੈਸਟ ਕਰਵਾਉਣ ਲਈ ਉਸ ਨੂੰ ਬਰਨਾਲਾ ਵਿਖੇ ਭੇਜਿਆ ਗਿਆ ਹੈ। ਹਸਪਤਾਲ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਥਾਣਾ ਧਨੌਲਾ ਵਿਖੇ ਲਿਖਤੀ 'ਰੁੱਕਾ' (ਸੂਚਨਾ) ਭੇਜ ਦਿੱਤਾ ਗਿਆ



ਹੈ। ਇਸ ਘਟਨਾ ਨੂੰ ਲੈ ਕੇ ਸ਼ਰਾਬ ਦੇ ਠੇਕੇਦਾਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸ਼ਰਾਬ ਦੇ ਠੇਕੇਦਾਰ ਸੁਰਿੰਦਰ ਗਰਗ ਜੀ.ਐਮ.ਜੀ. ਨੇ ਪ੍ਰਸ਼ਾਸਨ ਅਤੇ ਸਰਕਾਰ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ, ਦੂਜੇ ਰਾਜਾਂ (ਸਟੇਟਾਂ) ਤੋਂ ਲਿਆ ਕੇ ਲੋਕ ਇੱਥੇ ਸ਼ਰੇਆਮ ਦੋ ਨੰਬਰ ਦੀ ਨਜਾਇਜ਼ ਸ਼ਰਾਬ ਵੇਚ ਰਹੇ ਹਨ। ਠੇਕੇਦਾਰ ਸਰਕਾਰ ਨੂੰ ਕਰੋੜਾਂ ਰੁਪਏ ਦਾ ਮਾਲੀਆ (ਲਾਇਸੈਂਸ ਫੀਸ) ਦੇ ਕੇ ਕਾਰੋਬਾਰ ਲੈਂਦੇ ਹਨ, ਪਰ ਇਸ ਨਜਾਇਜ਼ ਧੰਦੇ ਕਾਰਨ ਉਨ੍ਹਾਂ ਨੂੰ ਭਾਰੀ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ, ਇੱਥੋਂ ਤੱਕ ਕਿ ਬੈਂਕਾਂ ਦੀਆਂ ਕਿਸ਼ਤਾਂ ਭਰਨੀਆਂ ਵੀ ਔਖੀਆਂ ਹੋ ਗਈਆਂ ਹਨ। ਉਨ੍ਹਾਂ ਮੰਗ ਕੀਤੀ ਕਿ ਅਜਿਹੇ ਗੈਰ-ਕਾਨੂੰਨੀ ਅਨਸਰਾਂ ਨੂੰ ਨੱਥ ਪਾਈ ਜਾਵੇ ਅਤੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਮੁਲਾਜ਼ਮਾਂ ਦੀ ਜਾਨ ਸੁਰੱਖਿਅਤ ਰਹੇ। ਇਸ ਮਾਮਲੇ ਸਬੰਧੀ ਜਦੋਂ ਥਾਣਾ ਧਨੌਲਾ ਦੇ ਐੱਸ.ਐੱਚ.ਓ. ਇੰਸਪੈਕਟਰ ਗੁਰਵਿੰਦਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਪੁਲਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਅੱਜ ਪੀੜਤ ਮੋਹਨਜੀਤ ਸਿੰਘ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਬਣਦੀਆਂ ਕਾਨੂੰਨੀ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਮਲਾਵਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਬਹੁਤ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## 7 ਕਰੋੜ ਦੀ ਹੈਰੋਇਨ ਸਮੇਤ ਦੋ ਸਮੱਗਲਰ ਗ੍ਰਿਫ਼ਤਾਰ, ਇਕ ਸਰਪੰਚ ਹਿਰਾਸਤ 'ਚ

ਅੰਮ੍ਰਿਤਸਰ 2 ਜੂਨ। ਐੱਨ. ਸੀ. ਬੀ. ਦੀ ਟੀਮ ਨੇ ਵੱਡੀ ਸਫ਼ਲਤਾ ਹਾਸਲ ਕਰਦੇ ਹੋਏ ਦੋ ਸਮੱਗਲਰਾਂ ਨੂੰ 7 ਕਰੋੜ ਰੁਪਏ ਦੀ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਸ਼ੁਰੂਆਤੀ ਕਾਰਵਾਈ 'ਚ ਪਿੰਡ ਰਾਜੋਕੇ ਤੋਂ ਹਰਚੰਦ ਨਾਮਕ ਸਮੱਗਲਰ ਨੂੰ 916 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਤੋਂ ਬਾਅਦ ਇਕ ਹੋਰ ਮਾਸਟਰਮਾਈਂਡ ਨੂੰ ਕਾਬੂ ਕੀਤਾ ਗਿਆ। ਜਾਂਚ ਨੂੰ ਅੱਗੇ ਵਧਾਉਂਦੇ ਹੋਏ ਵਿਭਾਗ ਨੇ ਇਕ ਸਰਪੰਚ ਨੂੰ ਵੀ ਹਿਰਾਸਤ 'ਚ ਲਿਆ ਹੈ, ਜਿਸ ਦੀ ਸਮੱਗਲਰਾਂ ਨਾਲ ਮਿਲੀਭੁਗਤ ਦੀ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ ਸਰਪੰਚ ਨੇ ਦੱਸਿਆ ਹੈ ਕਿ ਜਿਸ ਘਰੋਂ ਹੈਰੋਇਨ ਫੜੀ ਗਈ ਹੈ, ਉਸ ਘਰ ਨੂੰ ਉਹ ਪਹਿਲਾਂ ਹੀ ਵੇਚ ਚੁੱਕਾ ਹੈ।

# ਮਹਿਤਪੁਰ ਵਿਖੇ ਲੁੱਟਾਂ-ਖੋਹਾਂ, ਚੋਰੀਆਂ ਤੇ ਗੁੰਡਾਗਰਦੀ ਦਾ ਨੰਗਾ ਨਾਚ

**ਕੌਮੀ ਪਤ੍ਰਿਕਾ**

ਮਹਿਤਪੁਰ 2 ਜੂਨ। ਪਿਛਲੇ ਦਿਨਾਂ ਤੋਂ ਮਹਿਤਪੁਰ ਦੇ ਲੋਕਾਂ ਨੂੰ ਚੋਰਾਂ ਅਤੇ ਬਦਮਾਸ਼ਾਂ ਨੇ ਤੰਗ ਕਰਕੇ ਰੱਖਿਆ ਹੋਇਆ ਹੈ, ਜਿਸ ਤਹਿਤ ਮਹਿਤਪੁਰ ਵਾਸੀਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਗੁੰਡਾ ਅਨਸਰਾਂ ਨੇ ਪਿੰਡ ਰੌਲੀ 'ਚ ਸੰਤੋਖ ਸਿੰਘ ਦੇ ਘਰ 'ਚ ਦਾਖ਼ਲ ਹੋ ਕੇ ਭੰਨ-ਤੋੜ ਕੀਤੀ ਅਤੇ ਜਾਨੀ-ਮਾਲੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ, ਇਸੇ ਹੀ ਤਰ੍ਹਾਂ ਪਿੰਡ ਇਸਮਾਇਲਪੁਰ ਦੇ ਵਸਨੀਕ ਰੇਸ਼ਮ ਸਿੰਘ ਉਪਰ ਜਾਨੀ ਹਮਲਾ ਕੀਤਾ, ਜੋ ਜਲੰਧਰ ਦੇ ਨਿੱਜੀ ਹਸਪਤਾਲ ਵਿਚ ਜ਼ੇਰੇ ਇਲਾਜ ਹੈ, ਇਥੋਂ ਤੱਕ ਕਿ ਉਸ ਦੇ ਘਰ ਵਿਚ ਦਾਖਲ ਹੋ ਕੇ ਬਦਮਾਸ਼ਾਂ ਨੇ ਸ਼ੀਸ਼ੇ ਤੋੜ ਦਿੱਤੇ। 26 ਮਈ ਸ਼ਾਮ ਨੂੰ ਕੁਝ ਨੌਜਵਾਨਾਂ ਵੱਲੋਂ ਮਹਿਤਪੁਰ ਦੀ ਇਕ ਦੁਕਾਨ ਅੰਦਰ ਦਾਖ਼ਲ ਹੋ ਕੇ ਗੁੰਡਾਗਰਦੀ ਦਾ ਨੰਗਾ ਨਾਚ ਕੀਤਾ। ਦੁਕਾਨ ਦੀ ਭੰਨਤੋੜ ਕੀਤੀ ਅਤੇ ਮਾਰਕੁਟ ਕਰਕੇ ਫਰਾਰ ਹੋ ਗਏ। ਦੂਜੇ ਪਾਸੇ ਮਹਿਤਪੁਰ ਵਿਖੇ ਚੋਰਾਂ ਅਤੇ ਲੁੱਟਾਂਖੋਹਾਂ ਕਰਨ ਵਾਲਿਆਂ ਨੇ ਹੌਂਸਲੇ ਇੰਨੇ ਬੁਲੰਦ ਹਨ ਕਿ ਚਿੱਟੇ ਦਿਨੀਂ ਪਿੰਡ ਰਾਮੂਵਾਲ ਦੀ ਸੰਦੀਪ ਕੌਰ ਤੇ ਉਸ ਦੇ ਪਤੀ ਨੂੰ ਦਾਤਰ ਦਿਖਾ ਕੇ ਘੇਰ ਕੇ ਉਸ ਕੋਲੋਂ ਇਕ ਮੋਬਾਇਲ ਅਤੇ ਨਕਦੀ ਖੋਹ ਕੇ ਫ਼ਰਾਰ ਹੋ ਗਏ। ਇਸੇ ਤਰ੍ਹਾਂ ਪਿੰਡ ਬਾਲੋਕੀ ਦੀ ਔਰਤ ਬੈਂਕ ਵਿਚੋਂ ਪੈਸੇ ਕਢਵਾ ਕੇ ਆਪਣੇ ਘਰ ਜਾ ਰਹੀ ਸੀ ਤਾਂ ਲੁਟੇਰੇ ਉਸ ਕੋਲੋਂ ਨਕਦੀ ਖੋਹ ਕੇ ਫਰਾਰ ਹੋ ਗਏ। ਪਿੰਡ ਖੁਰਮਪੁਰ ਦੇ ਬਲਦੇਵ ਰਾਜ ਦੇ ਘਰ ਕੰਧ ਟੱਪ ਕੇ ਚੋਰ ਦਿਨ-ਦਿਹਾੜੇ ਆ ਵੜਿਆ। ਪਿੰਡ ਮਹਿਤਪੁਰ ਦੇ ਬਾਠ ਕਲਾਂ ਰੋਡ 'ਤੇ ਇਕ ਵਿਅਕਤੀ ਨੂੰ ਟਾਵਰ ਦੇ ਨੇੜੇ ਨੇ ਘੇਰ ਉਸ ਕੋਲੋਂ ਇਕ ਮੋਬਾਇਲ ਅਤੇ ਨਕਦੀ ਖੋਹ ਕੇ ਫਰਾਰ ਹੋ ਗਏ। ਹੁਣ ਤਾਂ ਲੋਕ ਘਰਾਂ ਤੋਂ ਬਾਹਰ ਨਿਕਲਣ ਤੋਂ ਵੀ ਡਰ ਰਹੇ ਹਨ ਪਰ ਪੁਲਸ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਮਹਿਤਪੁਰ ਦੇ ਸਮਾਜ ਸੇਵੀ ਲੋਕਾਂ ਨੇ ਕਿਹਾ ਕਿ ਮਹਿਤਪੁਰ ਚੋਰਾਂ ਅਤੇ ਬਦਮਾਸ਼ਾ ਦਾ ਗੜ੍ਹ ਬਣ ਗਿਆ ਹੈ। ਉਪਰੋਕਤ ਹੋਈਆਂ ਵਾਰਦਾਤਾਂ ਨੂੰ ਲੈ ਕੇ ਮਹਿਤਪੁਰ ਵਿਚ ਦਹਿਸ਼ਤ ਵਾਲਾ ਮਹੌਲ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਇਨ੍ਹਾਂ ਚੋਰਾਂ ਅਤੇ ਬਦਮਾਸ਼ਾਂ ਕੋਲੋਂ ਲੋਕਾਂ ਨੂੰ ਰਾਹਤ ਦਵਾਈ ਜਾਵੇ।

## ਮੁਲਾਜ਼ਮ ਨੇ ਚੋਰੀ ਕੀਤੀ 40 ਹਜ਼ਾਰ ਰੁਪਏ ਦੀ ਨਕਦੀ, ਹੌਜ਼ਰੀ ਕਾਰੋਬਾਰੀ ਨੇ ਦਿੱਤੀ ਸ਼ਿਕਾਇਤ

ਲੁਧਿਆਣਾ 2 ਜੂਨ। ਥਾਣਾ ਮਿਹਰਬਾਨ ਦੀ ਪੁਲਸ ਨੇ ਹੌਜ਼ਰੀ ਵਿਚ ਕੰਮ ਕਰਨ ਵਾਲੇ ਮੁਲਾਜ਼ਮ ਵੱਲੋਂ ਦਰਾਜ ਤੋੜ ਕੇ 40 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਅਵਤਾਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਹੌਜਰੀ ਦੇ ਮਾਲਕ ਸਮਿਅਕ ਜੈਨ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਮੁਲਜ਼ਮ ਕਰਮਚਾਰੀ ਪ੍ਰਦੀਪ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਅਨੰਦਪੁਰਾ ਮੁਹੱਲਾ ਦੇ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਉਕਤ ਮਾਮਲੇ ਵਿਚ ਅਜੇ ਤਕ ਮੁਲਜ਼ਮ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ ਹੈ। ਫ਼?ਲਹਾਲ ਪੁਲਸ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਛੇਤੀ ਹੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਕੇ ਅੱਗੇ ਦੀ ਜਾਂਚ ਸ਼ੁਰੂ ਕੀਤੀ ਜਾਵੇਗੀ।

# ਟਰੈਫਿਕ ਪੁਲਸ ਨੇ ਚੋਰੀ ਹੋਇਆ ਮੋਟਰਸਾਈਕਲ ਮਾਲਕ ਦੇ ਹਵਾਲੇ ਕੀਤਾ

ਖਰੜ 2 ਜੂਨ। ਖਰੜ ਦੇ ਰੰਧਾਵਾ ਰੋਡ ਇਲਾਕੇ ਤੋਂ ਕਰੀਬ 20 ਦਿਨ ਪਹਿਲਾਂ ਚੋਰੀ ਹੋਇਆ ਮੋਟਰਸਾਈਕਲ ਟ?ਰੈਫਿਕ ਪੁਲਸ ਵੱਲੋਂ ਬਰਾਮਦ ਕਰਕੇ ਉਸਦੇ ਅਸਲੀ ਮਾਲਕ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟ?ਰੈਫਿਕ ਪੁਲਸ ਦੇ ਹੌਲਦਾਰ ਦਿਲਬਾਗ ਸਿੰਘ ਫ਼ੌਜੀ ਨੇ ਦੱਸਿਆ ਕਿ ਅੱਜ ਟ?ਰੈਫਿਕ ਡਿਊਟੀ ਦੌਰਾਨ ਦੋ ਮੋਟਰਸਾਈਕਲ ਸਵਾਰਾਂ ਨੂੰ ਕਾਗਜ਼ਾਤ ਚੈੱਕ ਕਰਨ ਲਈ ਰੋਕਿਆ ਗਿਆ। ਇਸ ਦੌਰਾਨ ਦੋਵੇਂ ਵਿਅਕਤੀ ਮੋਟਰਸਾਈਕਲ ਛੱਡ ਕੇ ਭੀੜ ਦਾ ਫ਼ਾਇਦਾ ਚੁੱਕਦੇ ਹੋਏ ਮੌਕੇ ਤੋਂ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਜਦੋਂ ਮੋਟਰਸਾਈਕਲ ਦੇ ਨੰਬਰ



ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਇਹ ਮੋਟਰਸਾਈਕਲ ਪਹਿਲਾਂ ਚੋਰੀ ਹੋ ਚੁੱਕਾ ਹੈ। ਇਸ ਤੋਂ ਬਾਅਦ ਪੁਲਸ ਨੇ ਮੋਟਰਸਾਈਕਲ ਦੇ ਮਾਲਕ ਹਰਚੰਦ ਸਿੰਘ ਸਿੱਧੂ ਵਾਸੀ ਬਜਟ ਹੋਮ ਗਿਲਕੋ ਵੈਲੀ ਨਾਲ ਸੰਪਰਕ ਕੀਤਾ। ਮੋਟਰਸਾਈਕਲ ਦੇ ਮਾਲਕ ਨੇ ਦੱਸਿਆ ਕਿ ਮੋਟਰਸਾਈਕਲ 'ਤੇ ਉਸ ਦਾ ਪੁੱਤਰ ਮਨਜੋਤ ਸਿੰਘ ਸਿੱਧੂ ਡਿਲੀਵਰੀ ਦਾ ਕੰਮ ਕਰਦਾ ਹੈ। ਕਰੀਬ 20 ਦਿਨ ਪਹਿਲਾਂ ਉਹ ਰੰਧਾਵਾ ਰੋਡ 'ਤੇ ਇੱਕ ਘਰ 'ਚ ਡਿਲੀਵਰੀ ਦੇਣ ਗਿਆ ਸੀ ਅਤੇ ਮੋਟਰਸਾਈਕਲ ਬਾਹਰ ਖੜ੍ਹਾ ਕੀਤਾ ਹੋਇਆ ਸੀ। ਜਦੋਂ ਉਹ ਵਾਪਸ ਆਇਆ ਤਾਂ ਉਸਦਾ ਮੋਟਰਸਾਈਕਲ ਚੋਰੀ ਹੋ ਚੁੱਕਾ ਸੀ। ਉਨ੍ਹਾਂ ਕਿਹਾ ਕਿ ਕਾਫੀ ਭਾਲ ਕਰਨ ਦੇ ਬਾਵਜੂਦ ਵੀ ਮੋਟਰਸਾਈਕਲ ਨਹੀਂ ਮਿਲਿਆ ਸੀ। ਮਨਜੋਤ ਸਿੰਘ ਸਿੱਧੂ ਨੇ ਟ?ਰੈਫਿਕ ਪੁਲਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੁਲਸ ਦੀ ਸਚੇਤਤਾ ਅਤੇ ਤੁਰੰਤ ਕਾਰਵਾਈ ਕਾਰਨ ਉਨ੍ਹਾਂ ਨੂੰ ਆਪਣਾ ਚੋਰੀ ਹੋਇਆ ਮੋਟਰਸਾਈਕਲ ਵਾਪਸ ਮਿਲ ਸਕਿਆ।

# ਜਲੰਧਰ 'ਚ ਪਾਰਕਿੰਗ ਨੂੰ ਲੈ ਕੇ ਵਿਵਾਦ, ਕੌਂਸਲਰ ਦੇ ਪਿਤਾ 'ਤੇ ਕੁੱਟਮਾਰ ਦਾ ਦੋਸ਼

ਜਲੰਧਰ 2 ਜੂਨ। ਪੁਰਾਣੀ ਸਬਜ਼ੀ ਮੰਡੀ ਸਥਿਤ ਗੁਲਾਟੀ ਕਰਿਆਨਾ ਸ਼ਾਪ ਨੇੜੇ ਪਾਰਕਿੰਗ ਨੂੰ ਲੈ ਕੇ ਵਿਵਾਦ ਹੋ ਗਿਆ। ਇਕ ਧਿਰ ਦਾ ਦੋਸ਼ ਹੈ ਕਿ ਆਮ ਆਦਮੀ ਪਾਰਟੀ ਦੇ ਵਾਰਡ ਨੰਬਰ 70 ਦੇ ਕੌਂਸਲਰ ਜਤਿਨ ਗੁਲਾਟੀ ਦੇ ਪਿਤਾ ਨੇ ਲੜਕੀ ਨਾਲ ਕੁੱਟਮਾਰ ਅਤੇ ਜੰਮ ਕੇ ਗਾਲੀ-ਗਲੋਚ ਤਕ ਕੀਤਾ। ਉਥੇ ਹੀ ਕੌਂਸਲਰ ਜਤਿਨ ਗੁਲਾਟੀ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਪਿਤਾ ਨਾਲ ਕੁੱਟਮਾਰ ਕੀਤੀ ਗਈ। ਦੋਵੇਂ ਧਿਰਾਂ ਇਸ ਬਾਬਤ ਥਾਣਾ ਨੰਬਰ 2 ਪਹੁੰਚੀਆਂ ਅਤੇ ਆਪਣੀ ਗੱਲ ਐੱਸ. ਐੱਚ. ਓ. ਰਘੁਬੀਰ ਸਿੰਘ ਨੂੰ ਦੱਸੀ। ਹਾਲਾਂਕਿ ਮੌਕੇ 'ਤੇ ਕੌਂਸਲਰ ਸ਼ੈਰੀ ਚੱਢਾ ਵੀ ਲੜਕੀ ਦੇ ਸਮਰਥਨ ਵਿਚ ਥਾਣੇ ਪਹੁੰਚੇ, ਜਿਥੇ ਵੀ ਜੰਮ ਕੇ ਹੰਗਾਮਾ ਦੇਖਣ ਨੂੰ ਮਿਲਿਆ। ਜਾਣਕਾਰੀ ਦਿੰਦੇ ਹੋਏ ਪਹਿਲੀ ਧਿਰ ਦੇ ਕੌਂਸਲਰ ਸ਼ੈਰੀ ਚੱਢਾ ਦੱਸਿਆ ਕਿ ਗੁਲਾਟੀ ਕਰਿਆਨਾ ਸ਼ਾਪ ਨੇੜੇ ਹੀ ਇਕ ਲੜਕੀ ਦਾ ਘਰ ਹੈ ਅਤੇ ਉਨ੍ਹਾਂ ਦੇ ਘਰ ਦੇ ਅੱਗੇ ਗੱਡੀਆਂ ਜੋ ਕਿ ਕਰਿਆਨਾ ਦਾ ਸਾਮਾਨ ਲੈ ਕੇ ਆਉਂਦੀਆਂ ਹਨ ਅਤੇ ਗੱਡੀਆਂ ਗਲਤ ਤਰੀਕੇ ਨਾਲ ਪਾਰਕਿੰਗ ਕੀਤੀਆਂ ਗਈਆਂ ਸਨ। ਲੜਕੀ ਨੇ ਇਸ ਗੱਲ ਦਾ ਵਿਰੋਧ ਕੀਤਾ ਤਾਂ ਕੌਂਸਲਰ ਜਤਿਨ ਗੁਲਾਟੀ ਦੇ ਪਿਤਾ ਹਰੀਸ਼ ਗੁਲਾਟੀ ਜੋ ਕਿ ਕਰਿਆਨਾ ਸ਼ਾਪ ਚਲਾਉਂਦੇ ਹਨ, ਉਨ੍ਹਾਂ ਨੇ ਲੜਕੀ ਨਾਲ ਗਾਲੀ-ਗਲੋਚ ਕਰਦੇ ਹੋਏ ਉਸ ਨੂੰ ਥੱਪੜ ਮਾਰਿਆ ਅਤੇ ਸਾਥੀਆਂ ਸਮੇਤ ਘਰ ਦੇ ਦਰਵਾਜ਼ੇ 'ਤੇ ਵੀ ਤੋੜਨੇ ਚਾਹੇ। ਉਥੇ ਹੀ ਕੌਂਸਲਰ ਜਤਿਨ ਗੁਲਾਟੀ ਨੇ ਉਨ੍ਹਾਂ ਦੇ ਪਿਤਾ 'ਤੇ ਲੱਗੇ ਦੋਸ਼ਾਂ ਨੂੰ ਗਲਤ ਕਰਾਰ ਦਿੰਦੇ ਹੋਏ ਕਿਹਾ ਕਿ ਸਬਜ਼ੀ ਨਾਲ ਭਰੀ ਗੱਡੀ ਦੀ ਪਾਰਕਿੰਗ ਨੂੰ ਲੈ ਕੇ ਉਕਤ ਲੜਕੀ ਕਿਸੇ ਨਾਲ ਬਹਿਸਬਾਜ਼ੀ ਕਰ ਰਹੀ ਸੀ। ਉਸ ਦੇ ਪਿਤਾ ਉਥੋਂ ਲੰਘ ਰਹੇ ਸਨ ਅਤੇ ਮਾਮਲਾ ਸ਼ਾਂਤ ਕਰਵਾਉਣ ਲਈ ਗੱਲਬਾਤ ਕਰਨ ਲੱਗੇ ਪਰ ਲੜਕੀ ਨੇ ਉਨ੍ਹਾਂ ਦੇ ਪਿਤਾ ਨਾਲ ਬਦਤਮੀਜ਼ੀ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਪਿਤਾ 'ਤੇ ਹਮਲਾ ਤਕ ਕੀਤਾ।

# ਜਲੰਧਰ 'ਚ ਪਾਰਕਿੰਗ ਨੂੰ ਲੈ ਕੇ ਵਿਵਾਦ, ਕੌਂਸਲਰ ਦੇ ਪਿਤਾ 'ਤੇ ਕੁੱਟਮਾਰ ਦਾ ਦੋਸ਼

**ਕੌਮੀ ਪਤ੍ਰਿਕਾ**

ਜਲੰਧਰ 2 ਜੂਨ। ਪੁਰਾਣੀ ਸਬਜ਼ੀ ਮੰਡੀ ਸਥਿਤ ਗੁਲਾਟੀ ਕਰਿਆਨਾ ਸ਼ਾਪ ਨੇੜੇ ਪਾਰਕਿੰਗ ਨੂੰ ਲੈ ਕੇ ਵਿਵਾਦ ਹੋ ਗਿਆ। ਇਕ ਧਿਰ ਦਾ ਦੋਸ਼ ਹੈ ਕਿ ਆਮ ਆਦਮੀ ਪਾਰਟੀ ਦੇ ਵਾਰਡ ਨੰਬਰ 70 ਦੇ ਕੌਂਸਲਰ ਜਤਿਨ ਗੁਲਾਟੀ ਦੇ ਪਿਤਾ ਨੇ ਲੜਕੀ ਨਾਲ ਕੁੱਟਮਾਰ ਅਤੇ ਜੰਮ ਕੇ ਗਾਲੀ-ਗਲੋਚ ਤਕ ਕੀਤਾ। ਉਥੇ ਹੀ ਕੌਂਸਲਰ ਜਤਿਨ ਗੁਲਾਟੀ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਪਿਤਾ ਨਾਲ ਕੁੱਟਮਾਰ ਕੀਤੀ ਗਈ। ਦੋਵੇਂ ਧਿਰਾਂ ਇਸ ਬਾਬਤ ਥਾਣਾ ਨੰਬਰ 2 ਪਹੁੰਚੀਆਂ ਅਤੇ ਆਪਣੀ ਗੱਲ ਐੱਸ. ਐੱਚ. ਓ. ਰਘੁਬੀਰ ਸਿੰਘ ਨੂੰ ਦੱਸੀ। ਹਾਲਾਂਕਿ ਮੌਕੇ 'ਤੇ ਕੌਂਸਲਰ ਸ਼ੈਰੀ ਚੱਢਾ ਵੀ ਲੜਕੀ ਦੇ ਸਮਰਥਨ ਵਿਚ ਥਾਣੇ ਪਹੁੰਚੇ, ਜਿਥੇ ਵੀ ਜੰਮ ਕੇ ਹੰਗਾਮਾ ਦੇਖਣ ਨੂੰ ਮਿਲਿਆ। ਜਾਣਕਾਰੀ ਦਿੰਦੇ ਹੋਏ ਪਹਿਲੀ ਧਿਰ ਦੇ ਕੌਂਸਲਰ ਸ਼ੈਰੀ ਚੱਢਾ ਦੱਸਿਆ ਕਿ ਗੁਲਾਟੀ ਕਰਿਆਨਾ ਸ਼ਾਪ ਨੇੜੇ ਹੀ ਇਕ ਲੜਕੀ ਦਾ ਘਰ ਹੈ ਅਤੇ ਉਨ੍ਹਾਂ ਦੇ ਘਰ ਦੇ ਅੱਗੇ ਗੱਡੀਆਂ ਜੋ ਕਿ ਕਰਿਆਨਾ ਦਾ ਸਾਮਾਨ ਲੈ ਕੇ ਆਉਂਦੀਆਂ ਹਨ ਅਤੇ ਗੱਡੀਆਂ ਗਲਤ ਤਰੀਕੇ



ਨਾਲ ਪਾਰਕਿੰਗ ਕੀਤੀਆਂ ਗਈਆਂ ਸਨ। ਲੜਕੀ ਨੇ ਇਸ ਗੱਲ ਦਾ ਵਿਰੋਧ ਕੀਤਾ ਤਾਂ ਕੌਂਸਲਰ ਜਤਿਨ ਗੁਲਾਟੀ ਦੇ ਪਿਤਾ ਹਰੀਸ਼ ਗੁਲਾਟੀ ਜੋ ਕਿ ਕਰਿਆਨਾ ਸ਼ਾਪ ਚਲਾਉਂਦੇ ਹਨ, ਉਨ੍ਹਾਂ ਨੇ ਲੜਕੀ ਨਾਲ ਗਾਲੀ-ਗਲੋਚ ਕਰਦੇ ਹੋਏ ਉਸ ਨੂੰ ਥੱਪੜ ਮਾਰਿਆ ਅਤੇ ਸਾਥੀਆਂ ਸਮੇਤ ਘਰ ਦੇ ਦਰਵਾਜ਼ੇ 'ਤੇ ਵੀ ਤੋੜਨੇ ਚਾਹੇ। ਉਥੇ ਹੀ ਕੌਂਸਲਰ ਜਤਿਨ ਗੁਲਾਟੀ ਨੇ ਉਨ੍ਹਾਂ ਦੇ ਪਿਤਾ 'ਤੇ ਲੱਗੇ ਦੋਸ਼ਾਂ ਨੂੰ ਗਲਤ ਕਰਾਰ ਦਿੰਦੇ ਹੋਏ ਕਿਹਾ ਕਿ ਸਬਜ਼ੀ ਨਾਲ ਭਰੀ ਗੱਡੀ ਦੀ ਪਾਰਕਿੰਗ ਨੂੰ ਲੈ ਕੇ ਉਕਤ ਲੜਕੀ ਕਿਸੇ ਨਾਲ ਬਹਿਸਬਾਜ਼ੀ ਕਰ ਰਹੀ ਸੀ। ਉਸ ਦੇ ਪਿਤਾ ਉਥੋਂ ਲੰਘ ਰਹੇ ਸਨ ਅਤੇ ਮਾਮਲਾ ਸ਼ਾਂਤ ਕਰਵਾਉਣ ਲਈ ਗੱਲਬਾਤ ਕਰਨ ਲੱਗੇ ਪਰ ਲੜਕੀ ਨੇ ਉਨ੍ਹਾਂ ਦੇ ਪਿਤਾ ਨਾਲ ਬਦਤਮੀਜ਼ੀ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਪਿਤਾ 'ਤੇ ਹਮਲਾ ਤਕ ਕੀਤਾ। ਹਾਲਾਂਕਿ ਥਾਣਾ ਨੰਬਰ 2 ਦੇ ਐੱਸ. ਐੱਚ. ਓ. ਰਘੁਬੀਰ ਸਿੰਘ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਨੇ ਆਪਣੇ ਤੌਰ 'ਤੇ ਮੋਹਤਬਰ ਲੋਕਾਂ ਦੀ ਮੌਜੂਦਗੀ ਵਿਚ ਰਾਜ਼ੀਨਾਮਾ ਕਰ ਲਿਆ ਹੈ।

## ਆਨਲਾਈਨ ਨਿਵੇਸ਼ ਦੇ ਨਾਂ 'ਤੇ 42.50 ਲੱਖ ਦੀ ਠੱਗੀ

ਬਠਿੰਡਾ 2 ਜੂਨ। ਸਾਈਬਰ ਕ੍ਰਾਈਮ ਸੈੱਲ ਨੇ ਬਠਿੰਡਾ ਵਾਸੀ ਨੂੰ ਆਨਲਾਈਨ ਨਿਵੇਸ਼ ਦਾ ਲਾਲਚ ਦੇ ਕੇ 42 ਲੱਖ ਤੋਂ ਵੱਧ ਦੀ ਠੱਗੀ ਮਾਰਨ ਦੇ ਦੋਸ਼ਾਂ 'ਚ ਮਾਮਲਾ ਦਰਜ ਕੀਤਾ ਹੈ। ਬਠਿੰਡਾ ਨਿਵਾਸੀ ਨਿਤਿਨ




ਗਰਗ ਨੇ ਪੁਲਸ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸਨੇ ਆਨਲਾਈਨ ਸਰਚ ਕਰਕੇ ਇਕ ਵਟਸਐਪ ਗਰੁੱਪ ਮਿਲਿਆ ਸੀ, ਜੋ ਨਿਵੇਸ਼ਕਾਂ ਨੂੰ ਵਧੀਆਂ ਰਿਟਰਨ ਦਿਵਾਉਣ ਬਾਰੇ ਦੱਸ ਰਿਹਾ ਸੀ। ਜਦੋਂ ਉਸਨੇ ਕੰਪਨੀ ਨਾਲ ਸੰਪਰਕ ਕੀਤਾ, ਉਨ੍ਹਾਂ ਨਾਲ ਕੰਮ ਕਰਨਾ ਸ਼ੁਰੂ ਕੀਤਾ ਅਤੇ ਕੁੱਝ ਪੈਸੇ ਨਿਵੇਸ਼ ਕੀਤੇ। ਸ਼ੁਰੂ 'ਚ ਉਸ ਨੂੰ ਆਪਣੇ ਪੈਸੇ ਵਾਪਸ ਮਿਲਣੇ ਸ਼ੁਰੂ ਹੋ ਗਏ, ਜਿਸ ਨਾਲ ਉਸ ਨੂੰ ਕੰਪਨੀ 'ਚ ਵਿਸ਼ਵਾਸ ਹੋ ਗਿਆ। ਬਾਅਦ 'ਚ ਕੰਪਨੀ ਦੇ ਜ਼ੋਰ ਦੇਣ 'ਤੇ ਉਸਨੇ 42,50,520 ਵੱਖ-ਵੱਖ ਖ਼ਾਤਿਆਂ ਵਿਚ ਨਿਵੇਸ਼ ਕੀਤੇ, ਜਿਨ੍ਹਾਂ ਨੂੰ ਉਸਨੇ ਵੱਖ-ਵੱਖ ਖ਼ਾਤਿਆਂ 'ਚ ਟਰਾਂਸਫਰ ਕਰ ਦਿੱਤੇ। ਜਦੋਂ ਉਸਦੇ ਪੈਸੇ ਵਾਪਸ ਨਹੀਂ ਕੀਤੇ ਗਏ ਤਾਂ ਉਸਨੇ ਕੰਪਨੀ ਨਾਲ ਸੰਪਰਕ ਕੀਤਾ ਪਰ ਉਨ੍ਹਾਂ ਸਾਰਿਆਂ ਨੇ ਉਸ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ। ਅਜਿਹਾ ਕਰ ਕੇ ਉਪਰੋਕਤ ਵਿਅਕਤੀਆਂ ਨੇ ਉਸ ਨਾਲ 42.50 ਲੱਖ ਰੁਪਏ ਦੀ ਠੱਗੀ ਮਾਰੀ। ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਧੋਖਾਦੇਹੀ ਦਾ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਢੌਂਗੀ ਬਾਬੇ ਦਾ ਸ਼ਰਮਨਾਕ ਕਾਰਾ, ਇਲਾਜ ਦੇ ਬਹਾਨੇ ਕੁੜੀ ਨਾਲ ਕੀਤਾ ਜਬਰ-ਜ਼ਿਨਾਹ

**ਕੌਮੀ ਪਤ੍ਰਿਕਾ**

ਫਿਰੋਜ਼ਪੁਰ 2 ਜੂਨ। ਫ਼ਿਰੋਜ਼ਪੁਰ ਪੁਲਸ ਨੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੁੜੀ ਨੂੰ ਨਸ਼ੀਲੀ ਚੀਜ਼ ਪਿਲਾ ਕੇ ਉਸ ਨਾਲ ਜਬਰ-ਜ਼ਿਨਾਹ ਕਰਨ ਦੇ ਦੋਸ਼ ਹੇਠ ਦੋ ਵਿਅਕਤੀਆਂ ਖ਼ਿਲਾਫ਼ 64 (1), 351 (3) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣਾ ਸਦਰ ਫ਼ਿਰੋਜ਼ਪੁਰ ਦੇ ਸਬ-ਇੰਸਪੈਕਟਰ ਲਵਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਕੋਲ ਇਕ ਪੀੜਤ ਕੁੜੀ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਹ ਪਿਛਲੇ ਕੁਝ ਸਮੇਂ ਤੋਂ ਮਾਨਸਿਕ ਤੌਰ 'ਤੇ ਬਿਮਾਰ ਰਹਿੰਦੀ ਸੀ। ਉਸ ਦੇ ਪਰਿਵਾਰ ਵਾਲਿਆਂ ਨੇ ਇਲਾਜ ਲਈ ਅਖੌਤੀ ਪੁੱਛਾਂ ਦੇਣ ਵਾਲੇ ਨਾਲ ਸੰਪਰਕ ਕੀਤਾ। ਇਸ ਦੌਰਾਨ ਉਹ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਪਹਲੂ ਵਾਲਾ ਦੇ ਰਹਿਣ ਵਾਲੇ ਬਾਬਾ ਸੁਖਬੀਰ ਸਿੰਘ ਉਰਫ਼ ਗੁੱਲੂ ਪੁੱਤਰ ਲੱਖਾ ਸਿੰਘ ਦੇ ਝਾਂਸੇ ਵਿਚ ਆ ਗਏ ਅਤੇ ਉਸ ਦੇ ਕਹੇ ਅਨੁਸਾਰ ਚੱਲਣ ਲੱਗੇ। ਪੀੜਤਾ ਨੇ ਦੱਸਿਆ ਕਿ ਉਕਤ ਬਾਬੇ ਨੇ ਉਸ ਦੇ ਮਾਪਿਆਂ ਨੂੰ ਵਰਗਲਾ ਕੇ ਲੜਕੀ ਨੂੰ 15



ਫਰਵਰੀ ਨੂੰ ਇਕੱਲਿਆਂ ਉਸ ਕੋਲ ਭੇਜਣ ਲਈ ਕਿਹਾ। ਬਾਬੇ ਦੇ ਕਹਿਣ 'ਤੇ ਜਦੋਂ ਉਹ ਇਕੱਲੀ ਉੱਥੇ ਪਹੁੰਚੀ ਤਾਂ ਸੁਖਬੀਰ ਸਿੰਘ ਉਰਫ਼ ਗੁੱਲੂ ਅਤੇ ਉਸ ਦੇ ਸਾਥੀ ਰਾਹੁਲ ਪੁੱਤਰ ਮੰਨਾ ਸਿੰਘ ਨੇ ਉਸ ਨੂੰ ਕੋਈ ਨਸ਼ੀਲੀ ਚੀਜ਼ ਪਿਲਾ ਦਿੱਤੀ। ਇਸ ਤੋਂ ਬਾਅਦ ਮੁਲਜ਼ਮ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਪੁਰਾਣਾ ਕੱਚਾ ਜ਼ੀਰਾ ਰੋਡ 'ਤੇ ਇਕ ਹੋਟਲ ਵਿਚ ਲਿਜਾ ਕੇ ਉਸ ਨਾਲ ਗਲਤ ਕੰਮ ਕੀਤਾ। ਪੀੜਤ ਕੁੜੀ ਨੇ ਦੱਸਿਆ ਕਿ ਮੁਲਜ਼ਮਾਂ ਨੇ ਉਸ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ ਇਸ ਬਾਰੇ ਕਿਸੇ ਨੂੰ ਵੀ ਦੱਸਿਆ ਤਾਂ ਉਹ ਉਸ ਦੀਆਂ ਇਤਰਾਜ਼ਯੋਗ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦੇਣਗੇ। ਇਸ ਡਰ ਕਾਰਨ ਉਹ ਕਾਫੀ ਸਮਾਂ ਚੁੱਪ ਰਹੀ, ਪਰ ਉਸ ਨੇ ਆਪਣੇ ਮਾਤਾ-ਪਿਤਾ ਨੂੰ ਸਾਰੀ ਗੱਲਬਾਤ ਦੱਸੀ। ਪਰਿਵਾਰ ਵੱਲੋਂ ਤੁਰੰਤ ਕੁੜੀ ਨੂੰ ਸਿਵਲ ਹਸਪਤਾਲ ਮਮਦੋਟ ਵਿਖੇ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦਾ ਮੈਡੀਕਲ ਮੁਆਇਨਾ ਕੀਤਾ ਗਿਆ। ਮਾਮਲੇ ਦੀ ਜਾਂਚ ਕਰ ਰਹੇ ਐੱਸ.ਆਈ. ਲਵਪ੍ਰੀਤ ਸਿੰਘ ਨੇ ਦੱਸਿਆ ਕਿ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਸੁਖਬੀਰ ਸਿੰਘ ਅਤੇ ਰਾਹੁਲ ਖ਼ਿਲਾਫ਼ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਜ਼ਮੀਨੀ ਵਿਵਾਦ ਸਬੰਧੀ ਹੋਈ ਅੰਨ੍ਹੇਵਾਹ ਫਾਇਰਿੰਗ, ਬਣ ਗਿਆ ਦਹਿਸ਼ਤ ਦਾ

ਮੋਗਾ 2 ਜੂਨ। ਥਾਣਾ ਫਤਹਿਗੜ੍ਹ ਪੰਜਤੂਰ ਅਧੀਨ ਪੈਂਦੇ ਪਿੰਡ ਮੁੰਡੀਜਮਾਲ ਵਿਖੇ ਜ਼ਮੀਨੀ ਵਿਵਾਦ ਸਬੰਧੀ ਹੋਈ ਅੰਨ੍ਹੇਵਾਹ ਫਾਇਰਿੰਗ ਦੇ ਮਾਮਲੇ ਵਿਚ ਪੁਲਸ ਵਲੋਂ ਕਥਿਤ ਮੁਲਜ਼ਮਾਂ ਰਣਜੀਤ ਸਿੰਘ ਉਰਫ ਪੱਪੀ ਨਿਵਾਸੀ ਪਿੰਡ ਬਘੇਲੇਵਾਲਾ ਫਿਰੋਜ਼ਪੁਰ ਅਤੇ 5-6 ਅਣਪਛਾਤੇ ਹਥਿਆਰਬੰਦ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਸਾਨੂੰ ਗੁਪਤ ਸੂਤਰਾਂ ਤੋਂ ਜਾਣਕਾਰੀ ਮਿਲੀ ਸੀ ਕਿ ਬੀਤੀ 28 ਮਈ ਨੂੰ ਰਣਜੀਤ ਸਿੰਘ ਉਰਫ ਪੱਪੀ ਸਮੇਤ 5-6 ਅਣਪਛਾਤੇ ਵਿਅਕਤੀਆਂ ਦਾ ਪ੍ਰਗਟ ਸਿੰਘ, ਦੀਦਾਰ ਸਿੰਘ ਨਿਵਾਸੀ ਪਿੰਡ ਬਘੇਲੇਵਾਲਾ ਸਮੇਤ ਕੁਝ ਹੋਰ ਅਣਪਛਾਤੇ ਵਿਅਕਤੀਆਂ ਵਿਚਕਾਰ ਜ਼ਮੀਨੀ ਵਿਵਾਦ ਸਬੰਧੀ ਝਗੜਾ ਹੋਇਆ ਸੀ, ਉਸ ਸਮੇਂ ਰਣਜੀਤ ਸਿੰਘ ਉਰਫ ਪੱਪੀ ਨੇ ਦੂਸਰੀ ਧਿਰ ਨੂੰ ਡਰਾਉਣ ਲਈ ਹਵਾਈ ਫਾਇਰਿੰਗ ਕੀਤੀ। ਉਨ੍ਹਾਂ ਦੱਸਿਆ ਕਿ ਸਾਨੂੰ ਜਾਣਕਾਰੀ ਮਿਲੀ ਕਿ ਅੱਜ ਵੀ ਉਕਤ ਵਿਅਕਤੀ ਇਕੱਠੇ ਹੋ ਰਹੇ ਹਨ



ਅਤੇ ਕਿਸੇ ਵਾਰਦਾਤ ਨੂੰ ਅੰਜਾਮ ਦੇ ਰਹੇ ਹਨ, ਜਿਸ 'ਤੇ ਉਕਤ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਨੇ ਕਿਹਾ ਕਿ ਉਹ ਸਾਰੇ ਮਾਮਲੇ ਦੀ ਜਾਂਚ ਕਰ ਰਹੇ ਹਨ। ਕਥਿਤ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।.

## ਕੌਸ਼ਾਂਬੀ 'ਚ ਤੂਫ਼ਾਨ ਦਾ ਕਹਿਰ, ਕੱਚਾ ਮਕਾਨ ਡਿੱਗਣ ਕਾਰਨ ਮਾਂ ਤੇ ਦੋ ਮਾਸੂਮ ਬੱਚਿਆਂ ਦੀ ਮੌਤ

ਕੌਸ਼ਾਂਬੀ 2 ਜੂਨ। ਉੱਤਰ ਪ੍ਰਦੇਸ਼ ਦੇ ਕੌਸ਼ਾਂਬੀ ਜ਼ਿਲ੍ਹੇ ਵਿੱਚ ਵੀਰਵਾਰ ਦੇਰ ਰਾਤ ਆਏ ਤੇਜ਼ ਤੂਫ਼ਾਨ ਅਤੇ ਬੇਮੌਸਮੀ ਬਾਰਸ਼ ਨੇ ਭਾਰੀ ਤਬਾਹੀ ਮਚਾਈ ਹੈ। ਇਸ ਕੁਦਰਤੀ ਆਫ਼ਤ ਦੌਰਾਨ ਇੱਕ ਕੱਚਾ ਮਕਾਨ ਡਿੱਗਣ ਕਾਰਨ ਇੱਕ ਔਰਤ ਅਤੇ ਉਸਦੇ ਦੋ ਮਾਸੂਮ ਬੱਚਿਆਂ ਦੀ ਦਰਦਨਾਕ ਮੌਤ ਹੋ ਗਈ। ਪੁਲਸ ਸੂਤਰਾਂ ਅਨੁਸਾਰ, ਇਹ ਹਾਦਸਾ ਪੱਛਮ ਸ਼ਰੀਰਾ ਥਾਣਾ ਖੇਤਰ ਦੇ ਪਿੰਡ ਦੂਨੀ ਤਿਵਾਰੀ ਕਾ ਪੁਰਵਾ ਵਿੱਚ ਵਾਪਰਿਆ। ਤੇਜ਼ ਹਵਾਵਾਂ ਕਾਰਨ ਇੱਕ ਹਰਾ ਨਿੰਮ ਦਾ ਰੁੱਖ ਇੱਕ ਕੱਚੇ ਮਕਾਨ ਉੱਤੇ ਡਿੱਗ ਗਿਆ, ਜਿਸ ਕਾਰਨ ਮਕਾਨ ਪੂਰੀ ਤਰ੍ਹਾਂ ਜ਼ਮੀਨਦੋਜ਼ ਹੋ ਗਿਆ। ਇਸ ਹਾਦਸੇ ਵਿੱਚ ਮਲਬੇ ਹੇਠ ਦੱਬਣ ਕਾਰਨ 28 ਸਾਲਾ ਮਾਇਆ ਦੇਵੀ, ਉਸਦੇ ਚਾਰ ਸਾਲਾ ਪੁੱਤਰ ਅਨੁਭਵ ਅਤੇ ਤਿੰਨ ਸਾਲਾ ਧੀ ਸ਼ਵੇਤਾ ਦੀ ਮੌਤ ਹੋ ਗਈ। ਮਾਇਆ ਦੇਵੀ ਦਾ ਪੰਜ ਸਾਲਾ ਪੁੱਤਰ ਅੰਕੁਸ਼ ਇਸ ਹਾਦਸੇ ਵਿੱਚ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ, ਜਿਸ ਨੂੰ ਪੁਲਸ ਨੇ ਜ਼ਿਲ੍ਹਾ ਹਸਪਤਾਲ ਵਿੱਚ ਭਰਤੀ ਕਰਵਾਇਆ ਹੈ। ਤੂਫ਼ਾਨ ਕਾਰਨ ਜ਼ਿਲ੍ਹੇ ਭਰ ਵਿੱਚ ਵੱਡੀ ਸੰਖਿਆ ਵਿੱਚ ਰੁੱਖ ਉਖੜ ਗਏ ਅਤੇ ਕਈ ਥਾਵਾਂ 'ਤੇ ਛੱਪਰ ਅਤੇ ਟੀਨ ਦੀਆਂ ਛੱਤਾਂ ਉੱਡ ਗਈਆਂ। ਇਸ ਬੇਮੌਸਮੀ ਬਾਰਸ਼ ਅਤੇ ਤੂਫ਼ਾਨ ਨੇ ਖੇਤੀਬਾੜੀ ਦਾ ਵੀ ਭਾਰੀ ਨੁਕਸਾਨ ਕੀਤਾ ਹੈ। ਸਥਾਨਕ ਲੋਕਾਂ ਮੁਤਾਬਕ, ਤਕਰੀਬਨ 25 ਫੀਸਦੀ ਅੰਬਾਂ ਦੀ ਫਸਲ ਬਰਬਾਦ ਹੋ ਗਈ ਹੈ ਅਤੇ ਮਹੂਆ ਦੀ ਫਸਲ ਨੂੰ ਵੀ ਵੱਡਾ ਨੁਕਸਾਨ ਪਹੁੰਚਿਆ ਹੈ। ਪੁਲਸ ਨੇ ਤਿੰਨੋਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

## ਸ਼ਾਕੁੰਭਰੀ ਦੇਵੀ ਮੰਦਰ ਖੇਤਰ 'ਚ ਅਚਾਨਕ ਆਏ ਹੜ੍ਹ ਕਾਰਨ ਦੋ ਔਰਤਾਂ ਦੀ ਮੌਤ

ਸਹਾਰਨਪੁਰ 2 ਜੂਨ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ 'ਚ ਸਥਿਤ ਸ਼ਾਕੁੰਭਰੀ ਦੇਵੀ ਮੰਦਰ ਖੇਤਰ 'ਚ ਵੀਰਵਾਰ ਰਾਤ ਨੂੰ ਕੁਦਰਤ ਦਾ ਕਹਿਰ ਦੇਖਣ ਨੂੰ ਮਿਲਿਆ। ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਹੋਈ ਭਾਰੀ ਬਾਰਿਸ਼ ਅਤੇ ਗੜੇਮਾਰੀ ਤੋਂ ਬਾਅਦ ਆਏ ਤੇਜ਼ ਜਲ ਪ੍ਰਵਾਹ ਨੇ ਹੜ੍ਹ ਵਰਗੀ ਸਥਿਤੀ ਪੈਦਾ ਕਰ ਦਿੱਤੀ, ਜਿਸ ਕਾਰਨ ਦੋ ਔਰਤਾਂ ਦੀ ਡੁੱਬਣ ਨਾਲ ਮੌਤ ਹੋ ਗਈ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ, ਇਸ ਅਚਾਨਕ ਆਏ ਤੇਜ਼ ਬਹਾਅ ਵਿੱਚ ਇੱਕ ਦਰਜਨ ਤੋਂ ਵੱਧ ਤਿੰਨ ਪਹੀਆ ਅਤੇ ਚਾਰ ਪਹੀਆ ਵਾਹਨਾਂ ਦੇ ਨਾਲ-ਨਾਲ ਟਰੈਕਟਰ-ਟਰਾਲੀਆਂ ਵੀ ਰੁੜ੍ਹ ਗਈਆਂ। ਮੰਦਰ ਦੇ ਬਾਹਰ ਲੱਗੀਆਂ ਪ੍ਰਸਾਦ ਦੀਆਂ ਦੁਕਾਨਾਂ ਦਾ ਸਾਮਾਨ, ਫਰਨੀਚਰ ਅਤੇ ਹੋਰ ਸਮੱਗਰੀ ਵੀ ਪਾਣੀ ਦੇ ਤੇਜ਼ ਵਹਾਅ ਦੀ ਭੇਟ ਚੜ੍ਹ ਗਈ। ਹਾਦਸੇ ਦੇ ਸਮੇਂ ਖੇਤਰ ਦੀ ਇੱਕ ਧਰਮਸ਼ਾਲਾ ਵਿੱਚ ਜਾਗਰਣ ਦਾ ਪ੍ਰਬੰਧ ਹੋਣ ਕਾਰਨ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਪਣੇ ਵਾਹਨਾਂ ਸਮੇਤ ਉੱਥੇ ਪਹੁੰਚੇ ਹੋਏ ਸਨ। ਮ੍ਰਿਤਕਾਂ ਦੀ ਪਛਾਣ ਸਾਵਿੱਤਰੀ ਦੇਵੀ (65), ਵਾਸੀ ਹਰਿਦੁਆਰ, ਅਤੇ ਇੱਕ ਹੋਰ ਅਣਪਛਾਤੀ ਔਰਤ ਵਜੋਂ ਹੋਈ ਹੈ। ਪ੍ਰਸ਼ਾਸਨ ਦੀਆਂ ਟੀਮਾਂ ਨੇ ਦੋਵਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ। ਸਹਾਰਨਪੁਰ ਦੇ ਜ਼ਿਲ੍ਹਾ ਮੈਜਿਸਟ?ਰੇਟ ਅਰਵਿੰਦ ਕੁਮਾਰ ਚੌਹਾਨ ਅਤੇ ਸੀਨੀਅਰ ਪੁਲਸ ਕਪਤਾਨ ਅਭਿਨੰਦਨ ਸਿੰਘ ਨੇ ਮੌਕੇ ਦਾ ਦੌਰਾ ਕਰਕੇ ਨੁਕਸਾਨ ਦਾ ਜਾਇਜ਼ਾ ਲਿਆ। ਜ਼ਿਲ੍ਹਾ ਮੈਜਿਸਟ?ਰੇਟ ਨੇ ਦੱਸਿਆ ਕਿ ਮੌਸਮ ਵਿਭਾਗ ਦੀ ਚਿਤਾਵਨੀ ਨੂੰ ਧਿਆਨ ਵਿੱਚ ਰੱਖਦਿਆਂ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਜਨਤਕ ਐਲਾਨਾਂ ਰਾਹੀਂ ਸ਼ਰਧਾਲੂਆਂ ਅਤੇ ਸਥਾਨਕ ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਸੀ।

## ਪੰਜਾਬ ਦੇ ਇਨ੍ਹਾਂ ਮੁਲਾਜ਼ਮਾਂ 'ਤੇ ਡਿੱਗੀ ਗਾਜ਼, ਨੌਕਰੀ ਨੂੰ ਲੈ ਕੇ ਸਖ਼ਤ ਫਰਮਾਨ ਜਾਰੀ

ਫਾਜ਼ਿਲਕਾ 2 ਜੂਨ। ਪੰਜਾਬ ਦੇ ਸੇਵਾ ਕੇਂਦਰਾਂ 'ਚ ਕੰਮ ਕਰਦੇ ਮੁਲਾਜ਼ਮਾਂ 'ਤੇ ਵੱਡੀ ਗਾਜ਼ ਡਿੱਗ ਗਈ ਹੈ ਅਤੇ ਇਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਆਪਣੀਆਂ ਹੱਕੀ ਮੰਗਾਂ ਲਈ ਪਿਛਲੇ 6 ਦਿਨਾਂ ਤੋਂ ਹੜਤਾਲ 'ਤੇ ਬੈਠੇ ਮੁਲਾਜ਼ਮਾਂ 'ਚੋਂ ਕਰੀਬ 20 ਫ਼ੀਸਦੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੀ ਮੇਲ ਕਰ ਦਿੱਤੀ ਗਈ ਹੈ। ਇਹ ਕਾਰਵਾਈ ਉਨ੍ਹਾਂ ਮੁਲਾਜ਼ਮਾਂ 'ਤੇ ਕੀਤੀ ਗਈ ਹੈ, ਜੋ ਆਪਣੀ ਆਵਾਜ਼ ਬੁਲੰਦ ਕਰ ਰਹੇ ਸਨ। ਸੇਵਾ ਕੇਂਦਰ ਮੁਲਾਜ਼ਮ ਪੰਜਾਬ ਦੇ ਸਕੱਤਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਪੰਜਾਬ ਭਰ 'ਚ 2500 ਤੋਂ ਵੱਧ ਮੁਲਾਜ਼ਮ 23 ਤੋਂ ਵੱਧ ਵਿਭਾਗਾਂ ਦੀਆਂ 443 ਸੇਵਾਵਾਂ ਲੋਕਾਂ ਤੱਕ ਪਹੁੰਚਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਉਨ੍ਹਾਂ ਦੀ ਤਨਖ਼ਾਹ ਵਧਾਉਣ ਜਾਂ ਪੱਕਾ ਕਰਨ ਦੀ ਬਜਾਏ ਉਨ੍ਹਾਂ ਨੂੰ ਨੌਕਰੀਓਂ ਕੱਢਿਆ ਜਾ ਰਿਹਾ ਹੈ। ਫਾਜ਼ਿਲਕਾ ਵਿਖੇ ਇਕੱਠੇ ਹੋਏ ਮੁਲਾਜ਼ਮਾਂ ਨੇ ਸਰਕਾਰ ਖ਼?ਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਦੱਸਿਆ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਨੋਟਿਸ ਦੇ ਸਿੱਧੀ ਈ-ਮੇਲ ਰਾਹੀਂ ਟਰਮੀਨੇਟ ਕੀਤਾ ਗਿਆ ਹੈ। ਮੁਲਾਜ਼ਮਾਂ ਨੇ ਐਲਾਨ ਕੀਤਾ ਹੈ ਕਿ ਆਉਣ ਵਾਲੀ 3 ਤਾਰੀਖ਼ ਨੂੰ ਰੁਜ਼ਗਾਰ ਮੇਲਿਆਂ ਰਾਹੀਂ ਸੇਵਾ ਕੇਂਦਰਾਂ 'ਚ ਕੀਤੀ ਜਾਣ ਵਾਲੀ ਨਵੀਂ ਭਰਤੀ ਪ੍ਰਕਿਰਿਆ ਦਾ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਰਕਾਰ 'ਤੇ ਕੋਈ ਬੋਝ ਨਹੀਂ ਹਨ ਕਿਉਂਕਿ ਸੇਵਾ ਕੇਂਦਰਾਂ ਤੋਂ ਇਕੱਠਾ ਹੋਣ ਵਾਲਾ ਮਾਲੀਆ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਗਵਾਹੀ ਭਰਦਾ ਹੈ।

# ਪੰਜਾਬ 'ਚ 15 ਸਾਲ ਬਾਅਦ ਇੰਡਸਟਰੀ ਸੰਚਾਲਕਾਂ ਲਈ ਪਾਵਰਕਾਮ ਨੇ ਖੜ੍ਹੀ ਕਰ 'ਤੀ ਵੱਡੀ ਮੁਸੀਬਤ

**ਕੌਮੀ ਪਤ੍ਰਿਕਾ**

ਜਲੰਧਰ 2 ਜੂਨ। ਪੰਜਾਬ ਦੇ ਉਦਯੋਗ ਖੇਤਰ ਵਿਚ ਅਣਐਲਾਨੀ ਬਿਜਲੀ ਕਟੌਤੀ ਦੀ ਲਗਾਤਾਰ ਸਮੱਸਿਆ ਨੂੰ ਲੈ ਕੇ ਪ੍ਰਮੁੱਖ ਉਦਯੋਗਿਕ ਸੰਗਠਨਾਂ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕਾਮ) ਦੇ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਤਿੱਖੀ ਨਾਰਾਜ਼ਗੀ ਜਤਾਈ ਹੈ। ਜਲੰਧਰ ਚੈਂਬਰ ਆਫ਼ ਇੰਡਸਟਰੀ ਐਂਡ ਕਾਮਰਸ, ਜਲੰਧਰ ਆਟੋ ਪਾਰਟਸ ਮੈਨੂਫੈਕਚਰਿੰਗ ਐਸੋਸੀਏਸ਼ਨ, ਪਠਾਨਕੋਟ ਰੋਡ ਮੈਨੂਫੈਕਚਰਿੰਗ ਐਸੋਸੀਏਸ਼ਨ, ਇੰਸਟੀਚਿਊਟ ਆਫ਼ ਇੰਡੀਅਨ ਫਾਊਂਡਰੀਮੈਨ (ਚੰਡੀਗੜ੍ਹ ਚੈਪਟਰ) ਅਤੇ ਪੀ. ਐੱਚ. ਡੀ. ਚੈਂਬਰ ਆਫ਼ ਇੰਡਸਟਰੀ ਐਂਡ ਕਾਮਰਸ ਨੇ ਸਾਂਝੇ ਰੂਪ ਵਿਚ ਲਿਖੇ ਪੱਤਰ ਵਿਚ ਮੰਗ ਕੀਤੀ ਹੈ ਕਿ ਛੋਟੇ-ਛੋਟੇ ਅਣਐਲਾਨੇ ਪਾਵਰ ਕੱਟ ਲਾਉਣ ਦੇ ਬਜਾਏ ਪਹਿਲਾਂ ਤੋਂ ਐਲਾਨਿਆ ਫੁੱਲ-ਡੇਅ ਸ਼ਟਡਾਊਨ ਕੀਤਾ ਜਾਵੇ। ਸੰਗਠਨਾਂ ਨੇ ਕਿਹਾ ਕਿ ਰੋਜ਼ਾਨਾ ਦੋ ਤੋਂ ਚਾਰ ਘੰਟੇ ਦੀ ਬਿਨਾਂ ਦਿੱਤੀ ਸੂਚਨਾ ਵਾਲੀ ਬਿਜਲੀ ਕਟੌਤੀ ਨਾਲ ਉਦਯੋਗਾਂ ਦਾ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਅਚਾਨਕ ਬਿਜਲੀ ਚਲੇ ਜਾਣ ਨਾਲ ਪ੍ਰੋਡਕਸ਼ਨ ਪਲਾਨਿੰਗ ਵਿਗੜ ਰਹੀ ਹੈ, ਮਸ਼ੀਨਰੀ ਦਾ ਸੰਚਾਲਨ ਠੱਪ ਹੋ ਜਾਂਦਾ ਹੈ। ਲੇਬਰ ਨੂੰ ਬਿਨਾਂ ਕੰਮ ਦੇ ਬੈਠਣਾ ਪੈਂਦਾ ਹੈ, ਜਿਸ ਕਰ ਕੇ ਫੈਕਟਰੀ ਮਾਲਕਾਂ ਨੂੰ ਆਰਥਿਕ ਨੁਕਸਾਨ ਉਠਾਉਣਾ ਪੈ ਰਿਹਾ ਹੈ। ਉਦਯੋਗਪਤੀਆਂ ਨੇ ਪੱਤਰ ਵਿਚ ਸਪੱਸ਼ਟ ਸੁਝਾਅ ਦਿੱਤਾ ਕਿ ਜੇਕਰ ਬਿਜਲੀ ਬੰਦ ਕਰਨੀ ਜ਼ਰੂਰੀ ਹੋਵੇ ਤਾਂ ਉਸ ਦੀ ਲੋੜੀਂਦੀ ਪਹਿਲਾਂ ਸੂਚਨਾ ਦੇ ਕੇ ਪੂਰੇ ਦਿਨ ਦਾ



ਸ਼ਟਡਾਊਨ ਰੱਖਿਆ ਜਾਵੇ ਤਾਂ ਜੋ ਉਦਯੋਗ ਪਹਿਲਾਂ ਤੋਂ ਜ਼ਰੂਰੀ ਪ੍ਰਬੰਧ ਕਰ ਸਕਣ। ਨਾਲ ਹੀ ਉਨ੍ਹਾਂ ਨੇ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਨਿਰਧਾਰਿਤ ਸਮੇਂ 'ਤੇ ਪਾਵਰ ਕੱਟ ਲਾਉਣ ਦਾ ਬਦਲ ਵੀ ਪ੍ਰਸਤਾਵਿਤ ਕੀਤਾ ਹੈ, ਜਿਸ ਨਾਲ ਉਤਪਾਦਨ ਗਤੀਵਿਧੀਆਂ ਦੀ ਬਿਹਤਰ ਯੋਜਨਾ ਬਣਾਈ ਜਾ ਸਕੇ। ਇਨ੍ਹਾਂ ਸੰਗਠਨਾਂ ਨੇ ਕਿਹਾ ਕਿ ਲਗਭਗ 15 ਵਰ੍ਹ?ਆਂ ਬਾਅਦ ਪੰਜਾਬ ਦਾ ਉਦਯੋਗ ਫਿਰ ਤੋਂ ਇਸ ਤਰ੍ਹਾਂ ਦੀ ਬਿਜਲੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਉਦਯੋਗ ਜਗਤ ਬਿਜਲੀ ਕਟੌਤੀ ਨੂੰ ਲਗਭਗ ਭੁੱਲ ਹੀ ਗਿਆ ਸੀ ਪਰ ਹੁਣ ਰੋਜ਼ਾਨਾ ਦੀ ਅਣਐਲਾਨੀ ਕਟੌਤੀ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਹ ਸਥਿਤੀ ਬਣੀ ਰਹੀ ਤਾਂ ਨਾ ਕੇਵਲ ਉਦਯੋਗਾਂ ਦੀ ਉਤਪਾਦਨ ਸਮਰੱਥਾ ਤੇ ਕਾਰੋਬਾਰ ਪ੍ਰਭਾਵਿਤ ਹੋਵੇਗਾ ਬਲਕਿ ਰਾਜ ਦੀਆਂ ਆਰਥਿਕ ਗਤੀਵਿਧੀਆਂ, ਉਦਯੋਗਿਕ ਵਿਕਾਸ ਅਤੇ ਰੋਜ਼ਗਾਰ ਪੈਦਾ ਕਰਨ 'ਤੇ ਵੀ ਮਾੜਾ ਅਸਰ ਪਵੇਗਾ। ਸੰਗਠਨਾਂ ਨੇ ਪਾਵਰਕਾਮ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਕਾਰਜਸ਼ੈਲੀ ਵਿਚ ਸੁਧਾਰ ਕਰ ਕੇ ਉਦਯੋਗ ਜਗਤ ਨਾਲ ਬਿਹਤਰ ਤਾਲਮੇਲ ਬਣਾਏ ਅਤੇ ਪੰਜਾਬ ਦੇ ਉਦਯੋਗਿਕ ਵਿਕਾਸ ਤੇ ਰੋਜ਼ਗਾਰ ਨੂੰ ਪਹਿਲ ਦੇਵੇ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕਹਾਣੀ

## ਆਤਮਘਾਤ ਕਰਨੋਂ ਪਹਿਲਾਂ

ਲੱਗਦਾ ਹੈ ਯੁੱਗ ਲੰਘ ਗਏ ਨੇ ਪਰ ਮੈਨੂੰ ਪਤਾ ਨਹੀਂ ਕਿਉਂ ਇਉਂ ਹੀ ਜਾਪਦਾ ਹੈ ਕਿ ਇਹ ਸਭ ਕੁਝ ਪਲਾਂ ਵਿਚ ਹੀ ਹੋ ਨਿਬੜਿਆ ਹੈ। ਤੁਹਾਡੇ ਨਾਲ ਪਹਿਲੀ ਮੁਲਾਕਾਤ ਅਜੇ ਹੁਣੇ ਵਾਪਰੀ ਜਾਪਦੀ ਹੈ। ਮੈਂ ਯੂਨੀਵਰਸਿਟੀ ਵਿਚ ਦਾਖਲਾ ਲੈਣ ਆਇਆ ਸਾਂ ਜਦੋਂ ਪਹਿਲੀ ਵਾਰ ਤੁਹਾਨੂੰ ਦੇਖਿਆ ਸੀ। ਮੈਨੂੰ ਲੱਗਾ ਕਿ ਆਦਿ ਜੁਗਾਦਿ ਤੋਂ ਜਿਸਦੀ ਭਾਲ ਵਿਚ ਮੈਂ ਹਾਂ ਉਹ ਸਾਥੀ ਮਿਲ ਗਿਆ ਹੈ। ਮੇਰਾ ਜੀਅ ਕੀਤਾ ਕਿ ਜਾ ਕੇ ਤੁਹਾਡਾ ਹੱਥ ਫੜ ਕੇ ਆਖਾਂ 'ਯੁੱਗ ਲੰਘ ਗਏ ਨੇ ਲੁਕਣਮੀਚੀ ਖੇਲਦਿਆਂ, ਹੁਣ ਮੇਰੀਆ ਅੱਖਾਂ ਤੋਂ ਉਹਲੇ ਨਾ ਹੋਣਾ ਪਰ..... ਬਾਦ ਵਿਚ ਤੁਸੀਂ ਮਿਲੇ ਪਰ ਨਾ ਮਿਲਿਆ ਵਾਂਗ। ਮਨ ਦੀ ਗੱਲ ਕਿਵੇਂ ਆਖਾਂ? ਉਹ ਗੱਲ ਨਾ ਤਾਂ ਆਖੀ ਜਾ ਸਕਦੀ ਸੀ ਨਾ ਹੀ ਸਮਝਾਈ। ਬਸ ਮਹਿਸੂਸ ਹੀ ਕੀਤੀ ਜਾ ਸਕਦੀ ਸੀ। ਆਪਣੀ ਮਨੋਦਸ਼ਾ ਨੂੰ ਇਕ ਵਾਰ ਕਵਿਤਾ ਹੀ ਬਣਾ ਦਿੱਤਾ। ਕਲਾਸ ਵਿਚ ਇਹ ਲੰਮੀ ਨਜ਼ਮ ਰੰਗ ਵਿਚ ਸੁਣਾਈ। ਤਹਾਨੂੰ ਪਸੰਦ ਸੀ ਤੇ ਤੁਸਾਂ ਪੜ੍ਹਨ ਲਈ ਮੰਗੀ। ਮੈਂ ਬੜਾ ਹੀ ਹੌਂਸਲਾ ਕਰਕੇ ਕਵਿਤਾ ਹੇਠ ਇਹ ਲਿਖ ਕੇ ਕਿ ਕਵੀ ਬਣਾਉਣ ਵਾਲੀ ਸ਼ਖਸੀਅਤ ਲਈ ਤੇ ਖਬਰੇ ਤੁਸੀਂ ਵੀ ਫਿਰ ਮੋਹ ਦੇ ਜਾਲ ਵਿਚ ਫਸ ਗਏ।

ਕੁਦਰਤ ਦੇ ਰੰਗ ਨਿਆਰੇ ਹਨ। ਤੁਹਾਡੇ ਮੇਰੇ ਵਿਚ ਇਕ ਵੱਡਾ ਫਰਕ ਹੈ- ਅਮੀਰੀ ਤੇ ਗਰੀਬੀ ਦਾ। ਹਮੇਸ਼ਾ ਇਹ ਅਹਿਸਾਸ ਮੇਰੇ ਅੰਗ-ਸੰਗ ਰਿਹਾ। ਮੈਂ ਮਨ ਨੂੰ ਕਈ ਵਾਰੀ ਸਮਝਾਇਆ 'ਚੰਦਰਿਆ ਮੁਹੱਬਤ ਵਿਚ ਇਨ੍ਹਾਂ ਗੱਲਾਂ ਦੀ ਕੀ ਬੁਕੱਤ ਏ? ਪਰ ਮਨ ਹਮੇਸ਼ਾਂ ਹੀ ਕਹਿੰਦਾ- ਇਨਕਾਰੇ ਹਕੀਕਤ ਸੇ ਹਕੀਕਤ ਨਾ ਮਿੱਟੀ...ਤੇ ਮੈਂ ਚੁੱਪ ਕਰ ਜਾਂਦਾ।

'ਅੱਜ ਮੇਰਾ ਜਨਮਦਿਨ ਹੈ। ਤੁਸੀਂ ਵੀ ਆਉਣਾ ਤੁਹਾਡੇ ਹੀ ਬੋਲ ਸਨ। ਮੈਨੂੰ ਇੰਨੀ ਖੁਸ਼ੀ ਹੋਈ ਕਿ ਮੈਨੂੰ ਇਹੀ ਸਮਝ ਨਾ ਆਵੇ ਕਿ ਜਨਮ ਦਿਨ ਤੁਹਾਡਾ ਹੈ ਜਾਂ ਮੇਰਾ। ਮੈਂ ਬਾਜ਼ਾਰ ਗਿਆ। ਆਪਣੇ ਖਰਚ ਵਿਚ ਬਚਾਏ ਵੀਹ ਰੁਪਏ ਬੜੀ ਵੱਡੀ ਰਕਮ ਲੱਗ ਰਹੀ ਸੀ। ਮੈਂ ਇਕ ਪੈਨ ਤੇ ਕੁਝ ਕਾਵਿ ਸੰਗ੍ਰਹਿ ਲੈ ਕੇ ਆਪ ਦੇ ਘਰ ਪੁੱਜਾ। ਖੂਬ ਗਹਿਮਾ-ਗਹਿਮੀ ਸੀ। ਅਮੀਰਾਂ ਦੇ ਅਮੀਰ ਆਉਂਦੇ ਹੀ ਹਨ। ਗਰੀਬਾਂ ਦੀ ਉਥੇ ਕੀ ਬੁੱਕਤ ਹੋ ਸਕਦੀ ਸੀ? ਮੇਰਾ ਸਾਹ ਘੁੱਟ ਰਿਹਾ ਸੀ। ਮੈਂ ਆਖਿਰ ਬੜੇ ਯਤਨਾਂ ਨਾਲ ਆਪ ਤੱਕ ਪੁੱਜਣ ਵਿਚ ਕਾਮਯਾਬ ਹੋ ਹੀ ਗਿਆ। ਮੈਂ ਅਤੇ ਕਾਵਿ ਸੰਗ੍ਰਹਿ ਆਪ ਦੀ ਨਜ਼ਰ ਕੀਤੇ ਪਰ ਉਥੇ ਉਪਹਾਰਾ ਦੇ ਅੰਬਾਰ ਵਿਚ ਇਹ ਗਰੀਬ ਦੇ ਉਪਹਾਰ ਪਾਣੀ ਪਾਣੀ ਹੋਏ ਮੈਨੂੰ ਘੂਰ ਰਹੇ ਸਨ। ਮੈਂ ਆਪਣੇ ਆਪ ਵਿਚ ਸ਼ਰਮਸਾਰ ਹੋਇਆ। ਉਥੋਂ ਨਿਕਲ ਆਇਆ ਤੇ ਕਈ ਦਿਨ ਮੈਨੂੰ ਟੈਨਸ਼ਨ ਨੇ ਘੇਰੀਂ ਰੱਖਿਆ। ਜਦੋਂ ਮੈਨੂੰ ਪਹਿਲੀ ਵਾਰ ਤੁਹਾਡੇ ਪਾਪਾ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਉਨ੍ਹਾਂ ਦੇ ਵਧੀਆ ਸੂਟ-ਬੂਟ ਦੇਖ ਕੇ ਆਪਣੇ ਬਾਪੂ ਦੇ ਟਾਕੀਆਂ ਵਾਲੇ ਕੱਪੜੇ ਯਾਦ ਆਏ। ਜਦੋਂ ਤੁਹਾਡਾ ਕਾਰ ਮੇਰੇ ਉਪਰ ਧੂੜ ਪਾਉਂਦੀ ਲੰਘਦੀ ਹੈ ਤਾਂ ਮੇਰਾ ਪੁਰਾਣਾ ਸਾਈਕਲ ਮੇਰੇ ਵੱਲ ਘੂਰ-ਘੂਰ ਦੇਖਦਾ ਹੈ ਤੇ ਦੰਦੀਆਂ ਚਿੜਾਉਂਦਾ ਹੈ।

ਅਸਲ ਵਿਚ ਗੱਲ ਤਾਂ ਮਹਿਸੂਸ ਕਰਨ ਦੀ ਹੀ ਹੈ। ਮੈਂ ਬਹੁਤ ਹੀ ਭਾਵੁਕ ਹਾਂ। ਤੁਸੀਂ ਆਖੋਗੇ ਸ਼ਾਇਰ ਭਾਵੁਕ ਹੀ ਹੁੰਦੇ ਹਨ। ਇਕ ਦਿਨ ਤੁਹਾਡਾ ਨੌਕਰ ਤੁਹਾਡੇ ਲਈ ਯੂਨੀਵਰਸਿਟੀ ਡਿਨਰ ਲੈ ਕੇ ਆਇਆ ਕਿਉਂਕਿ ਤੁਸਾਂ ਲਾਇਬਰੇਰੀ ਵਿਚ ਦੇਰ



ਤੱਕ ਬੈਠ ਕੇ ਕੁਝ ਲਿਖਣਾ ਸੀ। ਮੈਨੂੰ ਵੀ ਲਾਇਬਰੇਰੀ ਵਿਚ ਬੈਠਣ ਦੀ ਮਾੜੀ ਆਦਤ ਸੀ। ਤੁਸਾਂ ਲਿਖਿਆ ਅੱਜ ਮੇਰੇ ਨਾਲ ਕੰਮ ਕਰਵਾਓ। ਖਾਣਾ ਆਪਾਂ ਇਕੱਠੇ ਹੀ ਖਾ ਲਵਾਂਗੇ। ਪਰ ਜਦੋਂ ਤੁਸਾਂ ਟਿਫਨ ਖੋਲ੍ਹ ਕੇ ਖਾਣਾ ਮੇਜ਼ ਤੇ ਲਗਾਇਆ ਤਾਂ ਵੰਨ-ਸੁਵੰਨੇ ਪਦਾਰਥ ਦੇਖ ਕੇ ਮੈਨੂੰ ਆਪਣਾ ਦੁਪਹਿਰ ਦਾ ਖਾਣਾ ਯਾਦ ਆਇਆ। ਆਪਣੀਆਂ ਬਣਾਈਆਂ ਤਿੰਨ-ਚਾਰ ਮੰਨੀਆਂ ਉਪਰ ਆਚਾਰ ਜਾਂ ਪਿਆਜ਼। ਦਾਲ-ਸਬਜ਼ੀ ਤਾਂ ਕਦੇ ਹੀ ਨਸੀਬ ਹੁੰਦੀ ਸੀ। ਮੈਂ ਇਹ ਸਭ ਕੁਝ ਦੇਖ ਕੇ ਉਦਾਸ ਹੋ ਗਿਆ।

ਤੁਹਾਡੇ ਬੋਲ ਮੈਨੂੰ ਹਮੇਸ਼ਾਂ ਹੀ ਹਾਂਟ ਕਰਦੇ ਸਨ। ਤੁਸਾਂ ਕਿਸੇ ਦੇ ਵਿਆਹ ਤੋਂ ਵਾਪਸ ਆ ਕੇ ਮੈਨੂੰ ਆਖਿਆ ਕਿ ਅਸੀਂ ਵਿਆਹ ਗਏ ਸਾਂ ਸੇਠ ਘਸੀਟਾ ਮੱਲ ਦੀ ਕੁੜੀ ਦੇ। ਸਾਨੂੰ ਉਥੇ ਵੀ.ਆਈ.ਪੀ. ਟ੍ਰੀਟ ਕੀਤਾ ਗਿਆ। ਮੈਨੂੰ ਇਹ ਮਹਿਸੂਸ ਹੋਇਆ ਕਿ ਮੈਂ ਛੋਟਾ ਜਿਹਾ ਬਣ ਗਿਆ ਹਾਂ। ਪਤਾ ਨਹੀਂ ਮੈਂ ਚਾਹੁੰਦਾ ਹੋਇਆ ਵੀ ਇਹ ਕਿਉਂ ਨਾ ਆਖ ਸਕਿਆ ਕਿ ਮੈਂ ਤਾਂ ਵੀ.ਓ.ਪੀ. ਭਾਵ ਵੈਰੀ ਆਡਨਰੀ ਪਰਸਨ ਹਾਂ। ਮਨ ਕਈ ਵਾਰ ਹਾਰ ਜਾਂਦਾ ਹੈ। ਕਈ ਵਾਰ ਮੇਰਾ ਜੀਅ ਕੀਤਾ ਕਿ ਤੁਹਾਨੂੰ ਆਖਾਂ ਮੇਰੇ ਘਰ ਆਓ। ਜਦੋਂ ਤੁਹਾਡਾ ਡਰਾਇੰਗ ਰੂਮ, ਸੋਫਾ ਸੈਟ ਤੇ ਕਰਟਲ ਆਦਿ ਯਾਦ ਆਉਂਦੇ ਤਾਂ ਆਪਣਾ ਡਰਾਇੰਗ-ਕਮ-ਡਾਇਨਿੰਗ-ਕਮ-ਬੈਡਰੂਮ-ਕਮ ਕਿਚਨ ਅੱਖਾਂ ਸਾਮ੍ਹਣੇ ਘੁੰਮਣ ਲਗ ਜਾਂਦਾ। ਜਿਥੇ ਹਾਰਡਸੀਟ ਵਾਲੀ ਕੁਰਸੀ ਤੇ ਇਕ ਮੰਜਾ ਪਿਆ ਸੀ ਤੇ ਬਸ ਇਹ ਸੋਚ ਮੈਨੂੰ ਨਿਮਾਣਾ ਜਿਹਾ ਬਣਾ ਦਿੰਦੀ। ਮੈਂ ਉਦਾਸ ਹੋ ਕੇ ਤੁਹਾਨੂੰ ਘਰ ਬੁਲਾਉਣ ਦਾ ਖਿਆਲ ਹੀ ਮਨ ਵਿਚੋਂ ਕੱਢ ਦਿਤਾ ਪਰ ਇਕ ਦਿਨ ਅਚਾਨਕ ਤੁਸੀਂ ਮੇਰੇ ਘਰ ਪੁੱਜ ਗਏ। ਮੈਂ ਖੁਸ਼ ਸਾਂ ਜਾਂ ਉਦਾਸ? ਇਸ ਬਾਰੇ ਅੱਜ ਤਾਂਈ ਫੈਸਲਾ ਨਾ ਕਰ ਸਕਿਆ। ਤੁਸੀਂ ਕੁਝ ਪਲ ਬੈਠੇ। ਫਿਰ ਇਹ ਆਖ ਕੇ ਤੁਰ ਗਏ ਕਿ ਹੋਰ ਕਿਧਰੇ ਵੀ ਜਾਣਾ ਹੈ। ਤੁਹਾਡੇ ਜਾਣ ਦਾ ਕਾਰਨ ਤਾਂ ਬੜਾ ਹੀ ਸਪਸ਼ੱਟ ਸੀ ਕਿ ਮੇਰਾ ਕਮਰਾ ਤੁਹਾਡੇ ਮਿਆਰ ਤੋਂ ਬਹੁਤ ਹੀ ਨੀਵਾਂ ਸੀ? ਪਹਿਲਾਂ ਕਈ ਵਾਰ ਮੈਂ ਸੋਚਦਾ ਹੰਦਾ ਸਾਂ ਕਿ ਜਦੋਂ ਤੁਸੀਂ ਮੇਰੇ ਘਰ ਆਏ ਤਾਂ ਮੈਂ ਆਪ ਦਾ ਸੁਆਗਤ ਗਲਵਕੜੀ ਪਾ ਕੇ ਕਰਾਂਗਾ। ਜਨਮਾਂ ਜਨਮਾਂਤਰਾਂ ਦੀਆਂ ਵਿੱਥਾਂ ਮਿੱਟ ਜਾਣਗੀਆਂ ਪਰ ਮੇਰੀਆਂ ਬਾਹਾਂ ਖੁੱਲ੍ਹੀਆਂ ਹੀ ਰਹਿ ਗਈਆਂ। ਮੇਰਾ ਅੰਦਰ ਮਾਰੂਥਲ ਰਹਿ ਗਿਆ ਤੇ ਤੁਸੀਂ ਆ ਕੇ ਚਲੇ ਵੀ ਗਏ। ਮੇਰੇ ਮਨ ਵਿਚ ਕਿਸੇ ਮਹਾਂਪੁਰਖ ਦੀਆਂ ਇਹ ਸਤਰਾਂ ਹਮੇਸ਼ਾ ਹੀ ਘੁੰਮਦੀਆਂ ਰਹਿੰਦੀਆਂ ਹਨ.....ਮੇਰਾ ਪਿਆਰ ਤਾਂ ਸਿਰੇ ਚੜ੍ਹ ਜਾਂਦਾ ਪਰ ਤੇਰੇ ਗਹਿਣੇ ਵਿਚ ਰੋਕ ਬਣ ਗਏ ਤੇ ਇਹ ਸੋਚ ਕੇ ਮੈਂ ਵੀ ਚੁਪ ਕਰ ਜਾਂਦਾ ਹਾਂ ਕਿ ਮਨਾ ਤੇਰੀ ਦਸ਼ਾ ਵੀ ਅਜਿਹੀ ਹੀ ਹੈ।

ਤੁਹਾਡੇ ਸ਼ਹਿਰ ਤੇ ਤੁਹਾਡੇ ਤੋਂ ਵਿਛੜਨ ਦਾ ਮੈਨੂੰ ਦਿਲੀ ਅਫਸੋਸ ਹੈ ਤੇ ਦੁਖ ਹੈ ਪਰ ਮੈਂ ਹੱਸ ਕੇ ਬਰਦਾਸ਼ਤ ਕਰਾਂਗਾ। ਮਨ ਕਹਿੰਦਾ..... ਤੈਂ ਤਾਂ ਮਿਲਣ ਦਾ ਸੁਖ ਵੀ ਬਰਦਾਸ਼ਤ ਹੀ ਕੀਤਾ ਹੈ। ਮੈਂ ਦੁਖੀ ਹੋਏ ਨੇ ਆਪਣੈ ਮਿੱਤਰ ਨੂੰ ਕਿਹਾ ਕਿ ਮੈਂ ਇਹ ਸ਼ਹਿਰ ਛੱਡ ਕੇ ਚਲੇ ਜਾਣਾ ਹੈ ਦੂਰ ਜਿੱਥੇ ਪਿਆਰ ਦੇ ਰਾਹ ਵਿਚ ਗਰੀਬੀ-ਅਮੀਰੀ ਦੀ ਜੰਜ਼ੀਰ ਨਾ ਹੋਵੇ। ਉਹ ਹੱਸਦਾ ਹੈ ਤੇ ਮੈਨੂੰ ਕਹਿੰਦਾ ਹੈ ਤੂੰ ਨਿਹੁੰ ਲਾਉਣਾ ਸੀ ਚੰਦਰਿਆ ਕਿਸੇ ਗਰੀਬ ਨਾਲ ਜਿਹੜੀ ਝੌਂਪੜੀ ਤੈਨੂੰ ਨਿੱਘ ਦਿੰਦੀ ਪਰ ਮੈਂ ਤਾਂ ਮੱਥਾ ਲਗਾਇਆ ਹੈ ਉੱਚੇ ਚੁਬਾਰਿਆ ਨਾਲ! ਪੱਕੇ ਚੁਬਾਰਿਆਂ ਨਾਲ! ਠੀਕ ਹੈ। ਹੁਣ ਮੱਥਾ ਤੇ ਭਜੇਗਾ ਹੀ। ਤੇ ਉਹ ਇਹ ਕਹਿੰਦਿਆਂ ਉਦਾਸੀ ਦੇ ਵਹਿਣ ਵਿਚ ਵਹਿ ਗਿਆ।

ਤੁਹਾਨੂੰ ਮੇਰੀਆਂ ਗੱਲਾਂ ਮਾੜੀਆਂ ਲੱਗਣ ਗੀਆਂ ਪਰ ਅੱਜ ਆਖਰੀ ਵਾਰ ਮੈਨੂੰ ਸਾਰੀਆ ਉਹ ਗੱਲਾਂ ਕਹਿ ਲੈਣ ਦਿਓ ਜਿਨ੍ਹਾਂ ਨੇ ਸਾਰੀ ਉਮਰ ਸੌਣ ਨਹੀਂ ਦੇਣਾ।

ਕਈ ਵਾਰੀ ਮੇਰਾ ਜੀਅ ਕੀਤਾ ਕਿ ਆਪ ਆਖਾਂ ਕਿ ਇਹ ਗੱਲ ਯਾਦ ਰੱਖੀਓ ਮੇਰੇ ਜਿੰਨਾ ਪਿਆਰ ਤੁਹਾਨੂੰ ਕਿਸੇ ਨੇ ਨਹੀਂ ਕਰ ਸਕਣਾ ਪਰ ਮੈਂ ਅਕਸਰ ਮਹਿਸੂਸ ਕੀਤਾ ਹੈ ਕਿ ਜਦੋਂ ਕਦੇ ਵੀ ਆਪ ਨੇ ਪਿਆਰ ਜਤਾਇਆ ਹੈ ਤਾਂ ਮੈਨੂੰ ਇਉਂ ਜਾਪਿਆ ਜਿਵੇਂ ਆਪ ਮੇਰੇ ਤੇ ਅਹਿਸਾਨ ਕਰ ਰਹੇ ਹੋਵੋ। ਮੈਂ ਕਿਸੇ ਦੇ ਅਹਿਸਾਨ ਹੇਠ ਦੱਬ ਕੇ ਜੀਣ ਨਾਲੋਂ ਮਰਨਾ ਚੰਗਾ ਸਮਝਦਾ ਹਾਂ। ਮੈਂ ਆਪਣੇ ਸਾਰੇ ਪਿਆਰਿਆਂ ਨੂੰ ਤੂੰ ਕਹਿ ਕੇ ਸੰਬੋਧਨ ਕਰਦਾ ਹਾਂ ਪਰ ਕਈ ਵਾਰੀ ਚਾਹਿਆ ਕਿ ਤੁਹਾਨੂੰ ਵੀ ਤੂੰ ਕਹਾਂ ਪਰ ਤੁਹਾਡਾ ਮੇਰਾ ਫਰਕ ਤੂੰ ਨੂੰ ਤੁਸੀਂ ਵਿਚ ਬਦਲ ਕੇ ਮੈਨੂੰ ਜਲੀਲ ਕਰਦਾ ਰਿਹਾ। ਮੈਂ ਕਈ ਦਿਨਾਂ ਤੋਂ ਅੰਤਾਂ ਦਾ ਉਦਾਸ ਹਾਂ।

ਮਨ ਕਹਿੰਦਾ ਹੈ ਤੇਰਾ ਪਿਆਰ ਨੇਪਰੇ ਨਹੀਂ ਜੇ ਚੜ੍ਹਨਾ ਤੇ ਮੈਂ ਮਨ ਨੂੰ ਖਿਝ ਕੇ ਆਖਦਾ ਹਾਂ। ਮੇਰਾ ਹੁਣ ਕੁਝ ਵੀ ਨੇਪਰੇ ਨਹੀਂ ਚੜ੍ਹਨਾ ਚਾਹੀਦਾ। ਮੈਂ ਆਪਣੀ ਪੜ੍ਹਾਈ ਤੇਰੇ ਸ਼ਹਿਰ ਵਿਚ, ਨਿੱਕੇ ਮੋਟੇ ਸ਼ੁਰੂ ਕੀਤੇ ਕੰਮ, ਗੱਲ ਕੀ ਸਭ ਕੁਝ ਅਧੂਰਾ ਛੱਡ ਕੇ ਉਜੜ ਕੇ ਜਾ ਰਿਹਾ ਹਾਂ। ਪਰ ਕਿਉਂ? ਸਮਝ ਨਹੀਂ ਆਉਂਦੀ। ਮਨ ਮਹਿਸੂਸ ਕਰਦਾ ਹੈ ਤੈਨੂੰ ਛੱਡਣਾ! ਤੇਰੇ ਸ਼ਹਿਰ ਨੂੰ ਛੱਡਣਾ। ਆਤਮਘਾਤ ਹੀ ਤਾਂ ਹੈ। ਸਾਡੀ ਫਕੀਰਾਂ ਦੀ ਦੁਆ ਹੈ ਰੱਬ ਤੁਹਾਨੂੰ ਸੁਖੀ ਰੱਖੇ ਤੇ ਮੇਰੇ ਜਿਹੇ ਗਰੀਬਾਂ ਨਾਲ ਮੁੜ ਅਜਿਹਾ ਭਿਆਨਕ ਮਖੌਲ ਨਾ ਕਰੋ।

# ਲਾਰਾ-

ਗੀਤ ਦੇ ਪੂਰੇ ਬੋਲ ਤਾਂ 'ਲਾਰਾ ਲੱਪਾ, ਲਾਰਾ ਲੱਪਾ ਲਾਈ ਰੱਖਦਾ, ਅੱਡੀ ਟੱਪਾ, ਅੱਡੀ ਟੱਪਾ ਲਾਈ ਰੱਖਦਾ' ਹਨ, ਪ੍ਰੰਤੂ ਗੱਲ ਮੂਲ ਰੂਪ ਵਿਚ ਲਾਰੇ ਉਰਫ ਝੂਠੇ ਵਾਅਦਿਆਂ ਦੀ ਹੈ। ਇਹ ਜਿਸ ਨਾਲ ਕੀਤੇ ਜਾਂਦੇ ਹਨ ਉਹ ਪੈਂਦੀ ਸੱਟੇ ਖੁਸ਼ ਹੋ ਕੇ ਟੱਪਣ ਨੱਚਣ ਲੱਗ ਜਾਂਦਾ ਹੈ ਪਰ ਸਮਾਂ ਪੈਣ 'ਤੇ ਨਿਰਾਸ਼ਾ ਤੇ ਖਿੱਝ ਦਾ ਸ਼ਿਕਾਰ ਹੋ ਜਾਂਦਾ ਹੈ। ਲਾਰਾ ਲਾਉਣ ਵਾਲਾ ਜ਼ੋਰਾਵਰ ਤੇ ਚਾਲਾਕ ਹੋਣ ਕਾਰਨ ਉਸਨੂੰ ਕੋਈ ਸਜ਼ਾ ਨਹੀਂ ਦਿੱਤੀ ਜਾ ਸਕਦੀ।

ਲਾਰੇ ਲਾਉਣ ਤੇ ਮੂਰਖ ਬਣਾਉਣ ਦਾ ਮਾੜਾ ਮੋਟਾ ਕੰਮ ਧੁਰ ਤੋਂ ਚੱਲਿਆ ਆ ਰਿਹਾ ਹੈ। ਹੋਰ ਨਾ ਸਹੀ ਕਈ ਵਾਰ ਨਿਆਣਿਆਂ ਦੀਆਂ ਫਰਮਾਇਸ਼ਾਂ ਕਾਰਨ ਮਾੜੇ ਮੋਟੇ ਲਾਰੇ ਲਾ ਕੇ ਸਾਰਨਾ ਪੈਂਦਾ ਹੀ ਹੈ। ਫਿਰ ਸਿਆਣਿਆਂ ਵਿਚ ਕਈਆਂ ਨੂੰ ਆਪਣੇ ਤੋਂ ਘੱਟ ਚਾਲਾਕ ਬੰਦਿਆਂ ਨੂੰ ਮੂਰਖ ਬਣਾਉਣ ਦੀ ਆਦਤ ਹੁੰਦੀ ਹੈ। ਇਹ ਨਾਲ ਦੇ ਭੌਂਦੂਆਂ ਨੂੰ ਸਬਜ਼ਬਾਗ ਦਿਖਾ ਕੇ ਭੋਟ ਲੈਂਦੇ ਹਲ।

ਇਨ੍ਹਾਂ ਦੇ ਤੇ ਚਾਲਾਕੀ ਦੇ ਮਾਰੇ ਹੋਏ ਹੱਥ ਮਲਦੇ ਰਹਿ ਜਾਂਦੇ ਹਨ ਪਰ ਜਿੱਥੇ ਸੰਗ ਸ਼ਰਮ ਦੀ ਸਮੁੱਚੀ ਘਾਟ ਆ ਜਾਵੇ ਉਥੇ 'ਲਾਰਾ ਲੱਪਾ ਲਾਈ ਰੱਖਦਾ' ਦੀ ਖੇਡ ਪੂਰੇ ਜ਼ੋਰ ਨਾਲ ਚਲਦੀ ਹੈ। ਕਹਿਣੀ ਤੇ ਕਰਨੀ ਦੇ ਸੁਮੇਲ ਦਾ ਫਿਕਰ ਕੀਤਾ ਹੀ ਨਹੀਂ ਜਾਂਦਾ। ਯੋਗ ਅਯੋਗ, ਗਲਤ-ਠੀਕ ਦਾ ਚੇਤਾ ਹੀ ਨਹੀਂ ਕੀਤਾ ਜਾਂਦਾ। ਬੱਸ ਗੱਡੀ ਰਿੜ੍ਹਨੀ ਚਾਹੀਦੀ ਹੈ ਚਾਹੇ ਕੱਚੇ ਰਿੜ੍ਹੇ ਤੇ ਚਾਹ ਪੱਕੇ।

ਸਾਡੇ ਸਿਆਸਤਦਾਨ ਲਾਰੇ ਲਾਉਣ ਤੇ ਬੁੱਧੂ ਬਣਾਉਣ ਦਾ ਕੰਮ ਰੱਜ ਕੇ ਕਰਦੇ ਹਨ। ਚੋਣਾਂ ਵੇਲੇ ਤਾਂ ਸਵਰਗ ਦੇ ਝੂਟੇ ਦੁਆਉਣ ਦਾ ਵਾਅਦਾ ਕਰਦੇ ਹਨ। ਗਰੀਬੀ, ਬੇਰੁਜ਼ਗਾਰੀ ਤੇ ਹੋਰ ਸਮੱਸਿਆਵਾਂ ਦੇ ਹੱਲ ਲਈ ਨਵੇਂ-ਨਵੇਂ ਨੁਸਖੇ ਪਰਚਾਰੇ ਜਾਂਦੇ ਹਨ। ਲੋਕਾਂ ਦੀ ਮਜਬੂਰੀ ਇਹ ਹੁੰਦੀ ਹੈ ਕਿ 'ਹਮਾਮ ਵਿਚ ਸਭ ਇਕੋ ਜਿਹੇ' ਹੁੰਦੇ ਹਨ ਤੇ ਵੋਟ ਪਾਉਣ ਦੀ ਰਸਮ ਅਦਾ ਕਰਨੀ ਹੀ ਪੈਂਦੀ ਹੈ। ਕੋਈ ਵਿਸ਼ੇਸ਼ ਵਰਗ ਨੂੰ ਵਿਸ਼ੇਸ਼ ਰਿਆਇਤਾਂ

## ਵਿਅੰਗ



ਦਾ ਵਾਅਦਾ ਕਰਦਾ ਹੈ ਤੇ ਕੋਈ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਸੱਤਾ ਸੰਭਾਲਦੇ ਸਾਰ ਨੌਕਰੀ ਦੇਣ ਦਾ ਲਾਰਾ ਲਾਉਂਦਾ ਹੈ। ਹਰ ਲੋੜ ਮੁਫਤ ਜਾਂ ਸਸਤੇ ਰੇਟ 'ਤੇ ਪੂਰੀ ਕਰਨ ਦਾ ਹੋਕਾ ਦੱਬ ਕੇ ਦਿੱਤਾ ਜਾਂਦਾ ਹੈ ਪਰ ਸੱਤਾ ਸੰਭਾਲਣਪਿੱਛੋਂ ਮਤਲਬ ਨਿਕਲ ਗਿਆ ਤੋਂ ਪਹਿਚਾਨਤੇ ਨਹੀਂ ਵਾਲੀ ਹਾਲਤ ਹੁੰਦੀ ਹੈ। ਜੇ ਕੋਈ ਜਲਸਾ-ਜਲੂਸ ਕੱਢ ਕੇ ਪ੍ਰੋਟੈਸਟ ਕਰਦਾ ਹੈ ਤਾਂ ਡਾਂਗਾਂ ਪੈਂਦੀਆਂ ਹਨ।


ਨਿੱਜੀ ਪੱਧਰ 'ਤੇ ਵੀ ਬਹੁਗਿਣਤੀ ਸਿਆਸਤਦਾਨ ਲਾਰਿਆਂ ਨਾਲ ਹੀ ਸਾਰਦੇ ਹਨ। ਦੋ ਟੁੱਕ ਜਵਾਬ ਦੇਣ ਨਾਲ ਪਤਾ ਨਹੀਂ ਵੋਟਾਂ ਖਰਾਬ ਹੋਣ ਦਾ ਡਰ ਹੁੰਦਾ ਹੈ। ਸੋ ਹਰੇਕ ਨੂੰ ਪੈਂਦੀ ਸੱਟੇ ਪੁੱਤ ਦੇਣ ਦਾ ਯਤਨ ਹੀ ਹੁੰਦਾ ਹੈ ਪਿੱਛੋਂ ਭਾਵੇਂ ਪੱਲੇ ਕੱਖ ਵੀ ਨਾ ਪਾਉਣ।

ਇਹ ਹਾਲਤ ਚਿੰਤਾਜਨਕ ਹੈ। ਲੋਕਾਂ ਦੇ ਨੁਮਾਇੰਦਿਆਂ ਤੋਂ ਲੋਕਾਂ ਦਾ ਵਿਸ਼ਵਾਸ ਹੀ ਉੱਠਦਾ ਜਾ ਰਿਹਾ ਹੈ। ਸਪੱਸ਼ਟਤਾ ਹੋਣੀ ਜ਼ਰੂਰੀ ਹੈ ਤਾਂ ਜੋ ਲਾਰਿਆਂ ਕਾਰਨ ਕੁੱਤੇ ਝਾਕ ਤੋਂ ਮੁਕਤੀ ਮਿਲੇ। ਗੱਲ ਓਨੀ ਹੀ ਕਹਿਣੀ ਚਾਹੀਦੀ ਹੈ, ਜਿੰਨੀ ਹੋਵੇ ਜਾਂ ਹੋ ਸਕੇ। ਆਸ ਕਰਦੇ ਹਾਂ ਕਿ ਸਾਡੇ ਸਮੁੱਚੇ ਤੌਰ 'ਤੇ ਆਏ ਨੈਤਿਕ ਨਿਘਾਰ ਨੂੰ ਠੱਲ ਪਏਗੀ ਤੇ ਲਾਰਿਆਂ ਦਾ ਦੌਰ ਖਤਮ ਹੋਏਗਾ।

ਹੁਣ ਤਾਂ ਸਾਡੇ ਸਮਾਜਿਕ ਜੀਵਨ ਵਿਚ ਵੀ ਲਾਰਾ ਲਾ ਕੇ ਕਿਸੇ ਨੂੰ ਭੜਕਾਈ ਫਿਰਨਾ ਯੋਗਤਾ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਕਿਸੇ ਨੂੰ ਸਪਸ਼ਟ ਜਵਾਬ ਦੇ ਕੇ ਮਗਰੋਂ ਲਾਹੁਣ ਦੀ ਥਾਂ ਲਾਰੇ ਲਾ ਕੇ ਹੰਭਾਉਣ ਨੂੰ ਜ਼ਿਆਦਾ ਚੰਗਾ ਸਮਝਿਆ ਜਾਂਦਾ ਹੈ। ਸਬੰਧਤ ਬੰਦਾ ਅੱਕ ਕੇ ਆਪਣੇ-ਆਪ ਖਹਿੜਾ ਛੱਡ ਜਾਂਦਾ ਹੈ। ਪਰ ਇਹ ਪੈਦਾਵਾਰ ਬਹੁਤ ਘਟੀਆ ਤੇ ਅਣ-ਮਨੁੱਖੀ ਹੈ। ਮਨੁੱਖੀ ਜੀਵਨ ਸਪਸ਼ਟ ਤੇ ਪਾਰਦਰਸ਼ੀ ਹੋਣਾ ਚਾਹੀਦਾ ਹੈ। ਲੁਕੋਬਾਜ਼ੀ ਤਾਂ ਮੜੱਪਣ ਨੂੰ ਲੋੜੀਂਦੀ ਹੈ। ਨਿੱਜੀ ਪੱਧਰ 'ਤੇ ਵਿਸ਼ੇਸ਼ ਕਰਕੇ ਸਾਨੂੰ ਸਪਸ਼ਟ ਤੇ ਦੋ ਟੁੱਕ ਹੋਣਾ ਚਾਹੀਦਾਹੈ। ਕਿਸੇ ਨੂੰ ਲਾਰੇ ਲਾ ਕੇ ਮੂਰਖ ਬਣਾਉਣ ਤੋਂ ਸਦਾ ਪਰਹੇਜ਼ ਕਰਨਾ ਚਾਹੀਦਾ ਹੈ। ਜਿਹੜਾ ਸਾਡੇ 'ਤੇ ਆਸ ਰੱਖਦਾ ਹੈ ਉਸ ਨੂੰ ਠੀਕ-ਠਾਕ ਦੱਸਦੇ ਵਿਹਲਾ ਕਰ ਦੇਣਾ ਚਾਹੀਦਾ ਹੈ ਤਾਂ ਜੋ ਉਹ ਕਿਤੇ ਹੋਰ ਯਤਨ ਕਰੇ। ਸੋ 'ਲਾਰਾ ਲੱਪਾ ਲਾਈ ਰੱਖਦਾ' ਦਾ ਸਿਲਸਿਲਾ ਬੱਚਿਆਂ ਨੂੰ ਟਾਲਣ ਜਾਂ ਰਿਝਾਉਣ ਲਈ ਤਾਂ ਠੀਕ ਹੈ ਪਰ ਸਿਆਣਿਆਂ ਲਈ ਇਹ ਇਕ ਘਟੀਆ ਖੇਡ ਹੈ, ਜਿਸ ਤੋਂ ਹਰੇਕ ਨੂੰ ਪਰਹੇਜ਼ ਕਰਨਾ ਚਾਹੀਦਾ ਹੈ। ਸਾਡੇ ਸਿਆਸਤਦਾਨਾਂ ਨੂੰ ਵਿਸ਼ੇਸ਼ ਕਰਕੇ ਇਸ

# ਲੱਲੂ ਦੀਆਂ ਝੱਲ-ਵਲੱਲੀਆਂ

ਰਾਜੂ ਆਪਣੇ ਹੀ ਪਿੰਡ ਦੇ ਇਕ ਕਿਸਾਨ ਦੇ ਮੱਝਾਂ 'ਤੇ ਪਾਲੀ ਲੱਗਾ ਹੋਇਆ ਸੀ। ਰਾਜੂ ਜ਼ੁਬਾਨ ਦਾ ਥੋੜ੍ਹਾ ਥਥਲਾ ਸੀ, ਜਿਸ ਕਰਕੇ ਅਕਸਰ ਹੀ ਉਸ ਦੀ ਕਹੀ ਗੱਲ ਕਈ ਵਾਰ ਮਜ਼ਾਕ ਦਾ ਪਾਤਰ ਬਣ ਜਾਂਦੀ ਸੀ। ਕਿਸਾਨ ਦੇ ਘਰਾ ਕੁਕੜੀਆਂ ਰੱਖੀਆਂ ਹੋਈਆਂ ਸਨ, ਜਿਨ੍ਹਾਂ ਦੀ ਕੁੜ-ਕੁੜ ਦੀ ਲੈਅ ਵਿਚ ਹੀ ਰਾਜੂ ਮਗਨ ਹੋਇਆ ਕੰਮ ਵਿਚ ਲੱਗਾ ਰਹਿੰਦਾ ਸੀ। ਇਕ ਦਿਨ ਸ਼ਾਮ ਦੇ ਵੇਲੇ ਰਾਜੂ ਮੱਝਾਂ ਨੂੰ ਪੱਠਾ ਪਾਉਣ ਵਿਚ ਰੁੱਝਿਆ ਹੋਇਆ ਸੀ ਕਿ ਕਿਸਾਨ ਦੀ ਘਰਵਾਲੀ ਨੇ ਰਾਜੂ ਨੂੰ ਆਵਾਜ਼ ਮਾਰੀ, ਵੇ ਰਾਜੂ, ਵੇ ਰਾਜੂ, ਰਾਜੂ ਆਵਾਜ਼ ਸੁਣਦਿਆਂ ਹੀ ਬੋਲਿਆ, "ਤੀਆ ਬੀਬੀ'। ਵੇ ਰਾਜੂ ਆਪਣੀ ਕਕੜੀ ਪਤਾ ਨਹੀਂ ਕਿਥੇ ਅੰਡਾ ਦੇ ਆਉਂਦੀ ਐ ਪਤਾ ਨਹੀਂ ਲਗਦਾ ਤੂੰ ਇਹਦੀ ਨਿਗ੍ਹਾ ਰੱਖੀਂ। ਰਾਜੂ ਬੋਲਿਆ 'ਬੀਬੀ ਮੈਨੂੰ ਪਤਾ ਤਾਲੀ ਤਿੱਥੇ ਅੰਡਾ ਦਿੰਦੀ ਐ? ਬੀਬੀ ਬੋਲੀ ਚੰਗਾ ਤੂੰ ਹੁਣ ਨਿਗ੍ਹਾ ਰੱਖੀਂ ਤੇ ਅੱਗੇ ਤੋਂ ਇਹਨੂੰ ਉਥੇ ਅੰਡਾ ਨਾ ਦੇਣ ਦੇਵੀਂ। ਰਾਜੂ ਨੇ ਉਸੇ ਦਿਨ ਹੀ ਮਾਲਕਾਂ ਦਾ ਹੁਕਮ ਮੰਨਦਿਆਂ ਕੁਕੜੀ 'ਤੇ ਸੀ.ਬੀ.ਆਈ. ਵਾਂਗ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਇਕ ਦਿਨ ਰਾਜੂ ਨੇ ਕੁਕੜੀ ਨੂੰ ਹੌਲੀ-ਹੌਲੀ ਟਰਾਲੀ ਵਾਲੇ ਸ਼ੈੱਡ ਦੇ ਨੇੜੇ ਪਹੁੰਚਦਿਆਂ ਵੇਖਿਆ ਅਤੇ ਉਹ ਥੋੜੀ ਜਿਹੀ ਉੱਡ ਕੇ ਕੰਧ 'ਤੇ ਚੜ੍ਹ ਕੇ ਸ਼ੈੱਡ ਉਪਰ ਜਾ ਚੜ੍ਹੀ। ਰਾਜੂ ਵੀ ਕੁਝ ਸਮਾਂ ਰੁਕ ਕੇ ਕੰਧ 'ਤੇ ਬਾਂਦਰ



ਵਾਂਗ ਟਪੂਸੀ ਮਾਰ ਕੇ ਜਾ ਚੜ੍ਹਿਆ, ਤਦ ਤਕ ਕੁਕੜੀ ਨੇ ਅੰਡਾ ਲਾਹ ਲਿਆ ਸੀ। ਜਿਉਂ ਹੀ ਕੁਕੜੀ ਨੇ ਰਾਜੂ ਨੂੰ ਵੇਖਿਆ ਤੇ ਉਸ ਨੇ ਡਰਦਿਆਂ ਖੰਭ ਖਿਲਾਰ ਲਏ ਅਤੇ ਅੰਡੇ ਤੋਂ ਉੱਠ ਖੜ੍ਹੀ। ਜਿਉਂ ਹੀ ਰਾਜੂ ਨੇ ਅੰਡਾ ਵੇਖਿਆ ਅਤੇ ਖੁਸ਼ੀ ਵਿਚ ਰੌਲਾ ਪਾਉਣ ਲੱਗ ਪਿਆ, 'ਹਾਏ ਨੀ ਬੀਬੀ ਤੁੱਤਰੀ..ਹਾਏ ਨੀ ਬੀਬੀ ਤੁੱਤਰੀ'। ਘਰ ਵਾਲਿਆਂ ਨੇ ਸਮਝਿਆ ਸ਼ਾਇਦ ਕੁੱਕੜੀ ਨੂੰ ਬਿੱਲਾ ਪੈ ਗਿਆ, ਉਹ ਫਟਾਫਟ ਡਾਂਗਾਂ ਚੁੱਕ ਲਿਆਏ। ਉਨ੍ਹਾਂ ਰਾਜੂ ਨੂੰ ਪੁੱਛਿਆ ਕਿ ਕੀ ਹੋਇਆ ਕੁੱਕੜੀ ਨੂੰ? ਰਾਜੂ ਬੋਲਿਆ, 'ਤੁਥ ਨੀ ਤੁਥ ਨੀ ਤੁੱਤਰੀ ਨੇ ਅੰਦਾ ਦੇਤਾ ਥੈੱਡ 'ਤੇ'। ਘਰ ਵਾਲੇ ਰਾਜੂ ਦੀ ਸਫਲਤਾ 'ਤੇ ਖੁਸ਼ ਹੋ ਕੇ ਉੱਚੀ ਉੱਚੀ ਹੱਸਣ ਲੱਗ ਪਏ। ਹੌਲੀ-ਹੌਲੀ ਪਿੰਡ ਵਿਚ ਵੀ ਰਾਜੂ ਦੇ ਬੋਲੇ ਸ਼ਬਦ , 'ਹਾਏ ਨੀ ਬੀਬੀ ਤੁੱਤਰੀ..ਹਾਏ ਨੀ ਬੀਬੀ ਤੁੱਤਰੀ' ਦਾ ਪਤਾ ਲੱਗ ਗਿਆ। ਹੁਣ ਲੋਕ ਉਸ ਨੂੰ ਜਦੋਂ ਹਾਏ ਨੀ ਬੀਬੀ ਤੁੱਤਰੀ ਕਹਿ ਕੇ ਛੇੜਦੇ ਹਨ ਤਾਂ ਰਾਜੂ ਉਨ੍ਹਾਂ ਨੂੰ ਫੇਰ ਤੋਤਲੀ ਜ਼ੁਬਾਨ ਵਿਚ ਬੁਰਾ-ਭਲਾ ਕਹਿਣ ਲੱਗ ਪੈਂਦਾ ਹੈ।

-ਗੁਰਪ੍ਰੀਤ ਸਿੰਘ ਚੌਹਾਨ

# ਵਿਅੰਗ

## ਰੜਕੇ 'ਤੇ ਰੜਕਾ

ਹੁਣ ਬਸ ਵੀ ਕਰ ਦਲੀਪ ਕੁਰੇ ਕਿਉਂ ਵਿਚਾਰੇ ਨੂੰ ਰੜਕੇ ਨਾਲ ਧੈਂਬੜੀ ਜਾਨੀਂ ਐਂ। ਨਹੀਂ ਜਿਹੋ ਜੀ ਮਿਟੀ ਕੁੱਟ ਲਈ ਉਹੋ ਜਿਹਾ ਛੜਾ ਕੁੱਟ ਲਿਆ। ਹੁਣ ਗੋਹਾ ਕੂੜਾ ਕਰਕੇ ਪੰਪ 'ਤੇ ਮੂਰਤੀ ਹੱਥ-ਮੂੰਹ ਧੋਣ ਆ ਲੱਗੀ ਤਾਂ ਛੜਾ ਗਿੱਟਿਆਂ 'ਤੇ ਹੀ ਅੱਖਾਂ ਗੱਡੀ ਖੜ੍ਹਾ ਹੈ। ਉਹ ਤਾਂ ਟੋਕਰਾ ਚੁੱਕ ਕੇ ਚਲੀ ਗਈ ਐ ਪਰ ਛੜਾ ਤਾਂ ਥਾਂ 'ਤੇ ਹੀ ਪੱਥਰ ਦਾ ਬੁੱਤ ਬਣਿਆ ਖੜ੍ਹਾ ਹੈ।

ਸਬੱਬ ਨਾਲ ਇਕ ਘਰ ਚੋਰੀ ਹੋ ਗਈ ਸੀ ਤੇ ਪੁਲਿਸ ਵੀ ਆ ਗਈ ਹੈ। ਥਾਣੇਦਾਰ ਨੇ ਸ਼ੱਕੀ ਲਪੋਟ ਸੰਖ ਜਿਹਾ ਦੇਖ ਕੇ ਛੜੇ ਦੇ ਚਾਰ ਕੁ ਸੋਟੀਆਂ ਜੜ ਦਿੱਤੀਆਂ ਪਰ ਛੜਾ ਫਿਰ ਵੀ ਟੱਸ ਤੋਂ ਮੱਸ ਨਾ ਹੋਇਆ। ਉਏ ਮੈਂ ਤੇਰੇ ਕਦੇ ਦਾ ਸੋਟੀਆਂ ਮਾਰੀ ਜਾਨੈਂ ਪਰ ਤੂੰ ਤਾਂ ਹਿੱਲਿਆ ਹੀ ਨਹੀਂ।

ਬੱਲੇ ਓਏ ਸਰਦਾਰ ਜੀ ਤੇਰੇ ਸਾਡੇ ਤਾਂ ਸੌ-ਸੌ ਰੜਕੇ ਮਾਰ ਕੇ ਵੀ ਕਦੇ ਕਿਸੇ ਤੀਵੀਂ ਨੇ ਕੁਝ ਨਹੀਂ ਪੁੱਛਿਆ ਪਰ ਤੂੰ ਤਾਂ ਚਾਰ ਕੁ ਛਮਕਾਂ ਮਾਰ ਕੇ ਹੀ ਪੁੱਛਦੈਂ ਹਾਏਂ ਕਿਉਂ ਖੜ੍ਹਾ ਹੈਂ। ਇਹ ਲੋਕਲ ਛੜੇ ਬੜੇ ਘੋਰੀ ਤੇ ਕੋਹੜੀ ਹੁੰਦੇ ਹਨ। ਹੁਣ ਖਾਨਦਾਨੀ ਤੇ ਜੱਦੀ ਪੁਸ਼ਤੀ ਛੜਿਆਂ ਦੀ ਜਾਣਕਾਰੀ ਲੈ ਲਵੋ।

ਇਹ ਕਬੂਤਰ ਚੀਨੇ ਤਾਂ ਬਹੁਤ ਹੀ ਸ਼ੌਕੀਨ ਹੁੰਦੇ ਹਨ। ਇਹ ਮੇਕਅੱਪ ਦਾ ਜ਼ਰੂਰੀ ਸਾਮਾਨ ਭਾਵ ਸ਼ੀਸ਼ਾ, ਮੋਚਣਾ ਹਮੇਸ਼ਾ ਖੀਸੇ ਵਿਚ ਪਾਈ ਰੱਖਦੇ ਹਨ। ਇਨ੍ਹਾਂ ਖਾਨਦਾਨੀ ਛੜਿਆਂ ਦੀ ਜਾਣਕਾਰੀ ਵੀ ਲੈ ਲਓ। ਜਿਵੇਂ ਮੇਰੇ ਪੜਦਾਦਾ ਸ਼੍ਰੀ ਬਸਰੇ ਦੀ ਲੜਾਈ ਤੋਂ ਮੁੜਦੇ ਹੋਏ ਕਿਤੋਂ ਅੱਧਖੜ ਜਿਹੀ ਤੀਵੀਂ ਲੈ ਆਏ ਤਾਂ ਜੰਮ ਪਏ ਸਾਡੇ ਦਾਦਾ ਜੀ। ਸਾਡਾ ਦਾਦਾ ਕਲਕੱਤੇ ਡਰਾਈਵਰ ਸੀ ਤੇ ਉਹ ਇਕ ਬੰਗਾਲਣ ਨੂੰ ਲੈ ਆਇਆ ਤੇ ਪ੍ਰਗਟ ਹੋ ਗਏ ਸਾਡੇ ਬਾਪੂ ਜੀ। ਬਾਪੂ ਨੂੰ ਇਕ ਵਾਰ ਢਾਈ ਮਹੀਨੇ ਦੀ ਕੈਦ ਹੋ ਗਈ ਤਾਂ ਉਹ ਜੇਲ੍ਹ ਵਿਚ ਰੋਟੀਆਂ ਪਕਾਉਣ ਵਾਲੀ ਬੰਤੀ ਨੂੰ ਹੀ ਟਾਹ ਕੇ ਲੈ ਆਇਆ। ਇਹ ਖਾਨਦਾਨੀ ਛੜੇ ਸਿਹਰੇ ਬੰਨ੍ਹ ਕੇ ਘੋੜੀ ਭਾਵੇਂ ਕਦੇ ਨਹੀਂ ਚੜ੍ਹੇ ਪਰ ਇਨ੍ਹਾਂ ਦਾ ਟੱਟੂ ਟਪੂਸੀਆਂ



ਮਾਰਦਾ ਘੋੜੀ ਤੋਂ ਵੀ ਮੂਹਰੇ ਜਾਂਦਾ ਹੈ। ਇਹ ਬਾਹਰਲੀਆਂ ਤੀਵੀਆਂ ਚੰਗੀਆਂ ਹੀ ਰਹਿੰਦੀਆਂ ਹਨ। ਜ਼ਰਾ ਕੁ ਲਾਡ ਲਡਾਉਣ ਨਾਲ ਹੀ ਬਾਗੋ-ਬਾਗ ਹੋ ਜਾਂਦੀਆਂ ਹਨ।

ਇਨ੍ਹਾਂ ਛੜਿਆਂ ਦੇ ਮੁੱਲ 'ਤੇ ਵੀ ਇਕ ਪੰਛੀ ਝਾਤ ਮਾਰ ਲਵੋ। ਜਿਊਂਦਾ ਲੱਖ ਦਾ ਤੇ ਮਰਿਆ ਹੋਇਆ ਛੜਾ ਸਵਾ ਲੱਖ ਦਾ ਬਣ ਜਾਂਦਾ ਹੈ। ਆਹ ਲੱਭੂ ਛੜੇ ਦੀ ਗੱਲ ਹੀ ਲੈ ਲਓ, ਵਿਆਹੇ ਵਰ੍ਹੇ ਤਾਂ ਠੰਢ ਵਿਚ ਘਰ ਬੈਠੇ ਨਿੱਘ ਮਾਣਦੇ ਹਨ ਤੇ ਲੱਭੂ ਧੁੰਦ ਤੇ ਕੋਰੇ ਵਿਚ ਸਰ੍ਹੋਂ ਦੀ ਰਾਖੀ ਬੈਠੇ। ਕਿਸੇ ਵੀ ਆਈ ਲਿਹਾਜਣ ਤੇ ਮਜਾਜਣ ਨੂੰ ਇਕ ਚੀਰਨੀ ਸਾਗ ਵੀ ਤੋੜਨ ਨਹੀਂ ਦਿੰਦਾ। ..ਤੇਆਈ ਨੂੰ ਖਾਲੀ ਵੀ ਨਹੀਂ ਮੋੜਦਾ। ਆਪ ਡੇਕਾਂ 'ਤੇ ਚੜ੍ਹ ਕੇ ਪਿੰਡ ਵੱਲ ਦੇਖੀ ਜਾਊ ਕੋਈ ਆਉਂਦਾ ਤਾਂ ਨਹੀਂ ਤੇ ਗੁਆਂਢੀਆਂ ਦੇ ਖੇਤ ਵਿਚੋਂ ਪੰਡ ਤੁੜਵਾ ਕੇ ਲਿਹਾਜਣ ਨਾਲ ਮੂੰਹ ਮੁਲਾਹਜ਼ਾ ਵੀ ਰੱਖ ਲੈਂਦੇ। ਦਿਆਲ ਕੁਰੇ ਆਪਾਂ ਕਦੇ ਖਾਲੀ ਮੋੜਨੈ। ਹੁਣ ਮਾਰਆ ਹੋਇਆ ਛੜਾ ਸਵਾ ਲੱਖ ਦਾ ਬਣਦਾ ਵੀ ਵੇਖ ਲਓ। ਪਾਰਿਆਂ ਹੜ੍ਹਾਂ ਮੌਕੇ ਲੱਭੂ ਰਾਤ ਨੂੰ ਪਰੀਲੋਕ ਨੂੰ ਗਮਨ ਕਰ ਗਿਆ ਤੇ ਘਰਦਿਆਂ ਨੇ ਛੱਪੜ ਕੰਢੇ ਰਾਤ ਨੂੰ ਹੀ ਅੱਧੀਆਂ ਕੁ ਲੱਤਾਂ ਪਾਣੀ ਵਿਚ ਲਮਕਾ ਕੇ ਰੱਖ ਆਂਦਾ। ਸਵੇਰੇ ਸਾਰੇ ਪਿੰਡ ਵਿਚ ਰੌਲਾ ਪੈ ਗਿਆ ਕਿ ਲੱਭੂ ਤਾਂ ਜੰਗਲ ਪਾਣੀ ਗਿਆ ਹੜ੍ਹ ਵਿਚ ਰੁੜ੍ਹ ਕੇ ਮਰ ਗਿਆ ਹੈ। ਮਰ ਕੇ ਵੀ ਹੜ੍ਹ ਵਿਚ ਰੁੜ੍ਹੇ ਦਾ ਮੁਆਵਜ਼ਾ ਪੱਚੀ ਹਜ਼ਾਰ ਘਰਦਿਆਂ ਨੂੰ ਸਰਕਾਰ ਤੋਂ ਦੁਆ ਗਿਆ। ਇਸ ਤਰ੍ਹਾਂ ਜਿਊਂਦਾ ਲੱਖ ਤੇ ਮਰ ਕੇ ਛੜਾ ਸਵਾ ਲੱਖ ਦਾ ਬਣ ਗਿਆ ਹੈ।

ਹੁਣ ਫੂਕੀਏ ਕਿਵੇਂ ਸੁੱਕਾ ਬਾਲਣ ਤਾਂ ਹੜ੍ਹਾਂ ਵਿਚ ਰੁੜ੍ਹ ਗਿਐ। ਮੈਨੂੰ ਇਨ੍ਹਾਂ ਦੀਆਂ ਆਦਤਾਂ ਦਾ ਪਤਾ ਹੈ। ਜੇ ਕਿਸੇ ਅਖਬਾਰ ਵਿਚੋਂ ਸੁਨੱਖੀ ਜਿਹੀ ਤੀਵੀਂ ਦੀ ਕੋਈ ਤਸਵੀਰ ਲੱਭ ਪਵੇ ਤਾਂ ਇਹ ਕੱਟ ਕੇ ਆਟੇ ਨਾਲ ਕੰਧ 'ਤੇ ਜੜ ਦਿੰਦੇ ਹਨ। ਸੁੱਕ ਕੇ ਉਹ ਛੇਤੀ ਹੀ ਹੇਠਾਂ ਡਿੱਗ ਪੈਂਦੀ ਐ। ਮੈਂ ਰੜਕੇ ਨਾਲ ਅੱਧੀ ਕੁ ਟੋਕਰੀ ਫੂਸ ਪੱਲਾ ਕੱਠਾ ਕਰਕੇ ਸਿਵਿਆਂ ਵਿਚ ਅਰਥੀ ਦੇ ਨਾਲ ਹੀ ਲੈ ਗਿਆ। ਦੋ ਕੁ ਬੁੱਕ ਹੇਠਾਂ ਵਿਛਾਕੇ ਉੱਤੇ ਲੱਭੂ ਨੂੰਪਾ ਦਿੱਤਾ ਤੇ ਬਾਕੀ ਬਚਿਆ ਫੂਸ ਉੱਤੇ ਪਾ ਕੇ ਜਦੋਂ ਅੱਗ ਬਾਲੀ ਤਾਂ ਲਓ ਜੀ ਅੱਥ ਤਾਂ ਫੱਕ ਕਰਕੇ ਸਿਵੇ ਦੇ ਅੰਦਰ ਜਾ ਵੜੀ।

ਜਿਵੇਂ ਭੂੰਡ ਪਟਾਕਿਆਂ ਦੀ ਪਟਾਰੀ ਨੂੰ ਅੱਗ ਲੱਗੀ ਹੁੰਦੀ ਐ ਐਦਾਂ ਛੜੇ ਵਿਚੋਂ ਲੱਗ ਪਈਆਂ ਛੁਰਲੀਆਂ ਤੇ ਫੁੱਲਝੜੀਆਂ ਚੱਲਣ। ਰੰਗ-ਬਿਰੰਗੀਆਂ ਮਤਾਬੀ ਵਰਗੀਆਂ ਲਾਟਾਂ ਨਾਲ ਤਾਂ ਪੂਰੇ ਸਿਵੇ ਜਗਮਾ ਉੱਠੇ ਐ। ਗਿੱਲੇ ਫੂਸ ਨਾਲ ਹੀ ਛੜਾ ਮਚ ਗਿਆ ਹੈ। ਅਸਲ ਵਿਚ ਫੂਸ ਛੜੇ ਦੀ ਅੱਗ ਨਾਲ ਮਚਿਐ। ਅੱਗ ਤਾਂ ਲੱਗੀ ਹੀ ਛੜੇ ਨੂੰ ਸੀ। ਫੂਸ ਤਾਂ ਵਿਚਾਰੇ ਪਹਿਲਾਂ ਹੀ ਹੋਏ ਪਏ ਹੁੰਦੇ ਐ।

-ਸੁਖਦਵੇ ਸਿੰਘ ਮਲਕ

# ਮਿੰਨੀ ਕਹਾਣੀਆਂ

## ਹਿੰਮਤ

ਦੇਵੀ ਦਿਆਲ ਚੌਕ ਵਿਚ ਉਸ ਨੇ ਬਿੱਲੂ ਬਦਮਾਸ਼ ਨੂੰ ਲਲਕਾਰਿਆ ਜਦੋਂ ਉਸ ਨੇ ਸ਼ਰੇਆਮ ਸ਼ਹਿਰ ਦੀ ਇਕ ਸ਼ਰੀਫ ਤੇ ਸੁੰਦਰ ਕੁੜੀ ਦੀ ਚੁੰਨੀ ਉਤਾਰ ਕੇ ਉਸ ਨੂੰ ਬੇਇੱਜ਼ਤ ਕਰਨਾ ਚਾਹਿਆ। ਹੋਰ ਕਿਸੇ ਦੀ ਵੀ ਹਿੰਮਤ ਨਹੀਂ ਸੀ ਪਈ ਕਿ ਅਨੀਤਾ ਦੀ ਇੱਜ਼ਤ ਆਬਰੂ ਬਚਾਉਣ ਖਾਤਰ ਕੋਈ ਮਰਦ ਮੂਹਰੇ ਆਉਂਦਾ। ਪ੍ਰੰਤੂ ਰਣਜੀਤ ਨੇ ਬਿੱਲੂ ਬਦਮਾਸ਼ ਦੀ ਬਾਂਹ ਫੜ ਕੇ ਉਸ ਨੂੰ ਰੋਕਦਿਆਂ ਕਿਹਾ, "ਭਲਮਾਨਸੀ ਨਾਲ ਕੁੜੀ ਦੀ ਚੁੰਨੀ ਵਾਪਸ ਕਰਦੇ ਨਹੀਂ ਹਸ਼ਰ ਮਾੜਾ ਹੋਵੇਗਾ।" "ਓਏ ਕੱਲ੍ਹ ਦੀ ਭੂਤਨੀ ਸਿਵਿਆਂ ਵਿਚ ਅੱਧ; ਬਿੱਲੂ ਬਦਮਾਸ਼ ਨੇ ਜਦੋਂ ਬਾਂਹ ਛੁੜਾ ਕੇ ਰਣਜੀਤ ਨੂੰ ਗਲਾਵੇਂ ਤੋਂ ਪਕੜ ਕੇ ਉਸ ਦੇ ਘਸੁੰਨ ਮਾਰਨਾ ਚਾਹਿਆ ਤਾਂ ਰਣਜੀਤ ਨੇ ਉਸ ਦੀ ਗੱਲ 'ਤੇ ਖਿੱਚ ਕੇ ਚਪੇੜ ਮਾਰੀ। ਬਿੱਲੂ ਉਸ ਦੀ ਇਕ ਚਪੇੜ ਨਾਲ ਜਿਵੇਂ ਭਵੰਤਰਿਆ ਗਿਆ। ਫਿਰ ਕਈ ਚਪੇੜਾਂ ਉਸ ਨੇ ਬਿੱਲੂ ਬਦਮਾਸ਼ ਦੇ ਚਿਹਰੇ 'ਤੇ ਰਸੀਦ ਕਰ ਦਿੱਤੀਆਂ। ਬਿੱਲੂ ਬਦਮਾਸ਼ ਆਪਣੀ ਬੇਇੱਜ਼ਤੀ ਮਹਿਸੂਸ ਕਰਦਾ ਹੋਇਆ ਉਥੋਂ ਇਕਦਮ ਤਿੱਤਰ ਹੋ ਗਿਆ। ਰਣਜੀਤ ਨੇ ਕੁੜੀ ਦੀ ਚੁੰਨੀ



ਉਸ ਨੂੰ ਫੜਾਉਂਦਿਆਂ ਭਰਾਵਾਂ ਵਾਂਗ ਕਿਹਾ, "ਫਿਕਰ ਨਾ ਕਰੀਂ ਗੁੱਡੀ! ਜਦੋਂ ਤੱਕ ਅਸੀਂ ਜਿਊਂਦੇ ਆਂ, ਉਦੋਂ ਤੱਕ ਤੇਰੇ ਵਰਗੀਆਂ ਕੁੜੀਆਂ ਵੱਲ ਕੋਈ ਵੀ ਬਦਮਾਸ਼ ਅੱਖ ਉਠਾ ਕੇ ਨਹੀਂ ਝਾਕ ਸਕਦਾ।" ਦੂਸਰੇ ਦਿਨ ਜਦੋਂ ਰਣਜੀਤ ਉਸ ਚੌਕ ਵਿਚੋਂ ਗੁਜ਼ਰਨ ਲੱਗਾ ਤਾਂ ਸਾਹਮਣਿਉਂ ਉਸ ਨੂੰ ਬਿੱਲੂ ਬਦਮਾਸ਼ ਤੇ ਉਸ ਦੇ ਹੋਰ ਸਾਥੀ ਹਾਕੀਆਂ, ਚਾਕੂਆਂ ਤੇ ਹੋਰ ਤਰ੍ਹਾਂ-ਤਰ੍ਹਾਂ ਦੇ ਹਥਿਆਰਾਂ ਨਾਲ ਲੈਸ ਟੱਕਰ ਪਏ। ਰਣਜੀਤ ਪਹਿਲਾਂ ਤਾਂ ਉਨ੍ਹਾਂ ਨੂੰ ਵੇਖ ਕੇ ਰਤਾ ਘਬਰਾ ਗਿਆ ਪਰ ਫਿਰ ਜਲਦੀ ਹੀ ਉਹ ਸੰਭਾਲਿਆ ਤੇ ਤੇਜ਼ੀ ਨਾਲ ਇਕ ਦੁਕਾਨ ਵਿਚ ਜਾ ਵੜਿਆ। ਇਕ ਲੱਕੜਨੁਮਾ ਹਥਿਆਰ ਲੈ ਕੇ ਮੈਦਾਨ ਵਿਚ ਆ ਡਟਿਆ। ਉਸ ਦਾ ਹੌਸਲਾ ਤੇ ਹਿੰਮਤ ਦੇਖ ਕੇ ਕੋਈ ਹੋਰ ਮਦਰ ਲਏਂ ਮੈਦਾਨ 'ਚ ਨਿੱਤਰ ਆਏ। "ਹਿੰਮਤ ਨਾ ਹਾਰੀਂ ਵੀਰਾ! ਅਸੀਂ ਵੀ ਤੇਰੇ ਨਾਲ ਆਂ।" ਉਥੋਂ ਲੰਘਦੀਆਂ ਤਿੰਨ-ਚਾਰ ਔਰਤਾਂ ਦੇ ਹੱਥਾਂ 'ਚ ਚੂੜੀਆਂ ਦੀ ਜਗ੍ਹਾ ਸੈਂਡਲ ਤੇ ਜੁਤੀਆਂ ਸਨ।

-ਸੁਖਮਿੰਦਰ ਸੇਖੋਂ

## ਜ਼ਹਿਰ

ਵਾਰ-ਵਾਰ ਵਿਦਿਆਰਥੀਆਂ ਦੇ ਇਹ ਕਹਿਣ 'ਤੇ ਇਹ ਤਾਂ ਮੈਂ ਪੜ੍ਹੀ ਹੋਈ ਆ, ਇਹ ਤਾਂ ਮੈਂ ਪੜ੍ਹੀ ਹੋਈ ਆ।" ਲਾਇਬਰੇਰੀ ਇੰਚਾਰਜ ਅਧਿਆਪਕ ਨੇ ਇਹ ਕਹਿਣਾ ਸ਼ੁਰੂ ਕੀਤਾ, "ਚੀਚੂ ਦੀ ਸਿਆਣਪ" ਕਿਸ ਨੂੰ ਚਾਹੀਦੀ ਹੈ? ਵੀਰਪਾਲ ਬੋਲੀ, "ਮੈਨੂੰ।"

'ਲੰਡੋਰਾ ਬਾਂਦਰ ਉਸੇ ਵਰਗੀਆਂ ਹਰਕਤਾਂ ਕਰਨ ਵਾਲਾ ਜਿੰਦਰ ਬੋਲਿਆ, "ਜੀ ਮੈਨੂੰ।" ਬਾਕੀ ਵਿਦਿਆਰਥੀ ਮਿੰਨਾ ਜਿਹਾ ਮੁਸਕਰਾਏ।

'ਜ਼ਹਿਰ ਕਿਸਨੇ ਲੈਣੀ ਹੈ? ਸਭ ਤੋਂ ਹੁਸ਼ਿਆਰ ਸੋਨੂੰ ਬੋਲਿਆ, "ਜੀ ਜ਼ਹਿਰ ਮੈਂ ਲੈਣੀ ਹੈ।" ਸਾਰੀ ਕਲਾਸ ਖਿੜ-ਖਿੜ ਕੇ ਹੱਸਣ ਲੱਗੀ।

-ਬਲਜੀਤ ਕੌਰ ਮਾਨ

# ਕਾਵਿ ਰਚਨਾ

## ਤਨਹਾਈ

ਆਪਣੇ ਮਨ ਦੇ ਸੱਖਣੇ ਖੋਲ੍ਹ 'ਚ ਵਿਲਕ ਰਹੀ ਤਨਹਾਈ ਹਾਂ  
ਹਾਦਸਿਆਂ ਦੇ ਛੇਕ ਪੁਆ ਕੇ ਮੈਂ ਵੰਝਲੀ ਅਖਵਾਈ ਹਾਂ।  
ਆਪਾਂ ਰਲ ਕੇ ਇਸ 'ਚ ਆਪਣੇ ਖਾਬ ਦੀ ਬੇੜੀ ਤਾਰਾਂਗੇ।  
ਤੂੰ ਮੇਰਾ ਸਾਗਰ ਵੇ ਅੜਿਆ! ਮੈਂ ਤੇਰੀ ਗਹਿਰਾਈ ਹਾਂ।  
ਆ ਜਾ ਹੁਣ ਚਾਅ ਲੈ ਮੈਨੂੰ ਹਾਦਸਿਆਂ ਦੇ ਪਾਣੀ 'ਚੋਂ  
ਬਗਲਾ ਬਣ ਕੇ ਆ ਵੇ ਅੜਿਆ! ਮੈਂ ਮੱਛਲੀ ਦਰਿਆਈ ਹਾਂ।  
ਲੈ ਵੇ ਇਸ਼ਕਾਂ! ਮੈਂ ਵੀ ਅੱਜ ਇਹ ਰੀਤ ਨਿਭਾ 'ਤੀ ਤੇਰੀ ਵੇ,  
ਇਕ ਬੇਦਰਦੀ ਤੋਂ ਦਿਲ ਉਤੇ ਚੋਟ ਲੁਆ ਕੇ ਆਈ ਹਾਂ।  
ਹਿਜਰ ਤੇਰੇ ਦੀ ਅੱਗ 'ਚ ਹੁਣ ਤੱਕ ਅੱਖਰ-ਅੱਖਰ ਬਲਦੀ ਹਾਂ,  
ਤੇਰਾ ਹੀ ਚਾਨਣ ਹਾਂ ਚੰਨ੍ਹਾ! ਤੇਰੀ ਹੀ ਰੁਸ਼ਨਾਈ ਹਾਂ।  
ਐਵੇਂ ਤੈਨੂੰ ਭਰਮ ਜਿਹੈ ਕਿ ਮੈਂ ਜਜ਼ਬੇ ਦੀ ਟੀਸੀ ਹਾਂ,  
ਇਕ ਦਿਨ ਦੱਸਾਂਗੀ ਦਰਦਾਂ ਦੀ ਕਿੰਨੀ ਡੂੰਘੀ ਖਾਈ ਹਾਂ।  
ਨਜ਼ਰ ਤੇਰੀ ਦੇ ਉਤੇ ਹੁਣ ਤਾਂ ਹੋਂਦ ਮੇਰੀ ਦਾ ਨੁਕਤਾ ਵੇ,  
ਨਾ ਤੱਕੇ ਤਾਂ ਜ਼ਰਾ ਵੀ ਨਹੀਂ, ਤੱਕ ਲਏਂ ਫੇਰ ਖੁਦਾਈ ਹਾਂ।  
ਦੋ ਘੁੱਟਾਂ ਹੀ ਦੇਦੇ ਮੈਨੂੰ ਆਪਣੇ ਪਿਆਰ ਸਮੁੰਦਰ 'ਚੋਂ  
ਸੈ ਜਨਮਾਂ ਦੇ ਲੰਘ ਕੇ ਥਲ ਮੈਂ ਤੇਰੇ ਤੀਕਣ ਆਈ ਹਾਂ।  
ਆਪਣੇ ਮਨ ਦੇ ਸੱਖਣੇ ਖੋਲ੍ਹ 'ਚ ਵਿਲਕ ਰਹੀ ਤਨਹਾਈ ਹਾਂ।  
ਹਾਦਸਿਆਂ ਦੇ ਛੇਕ ਪੁਆ ਕੇ ਮੈਂ ਵੰਝਲੀ ਅਖਵਾਈ ਹਾਂ।

-ਸਿਮਰਨਜੋਤ

## ਗਜ਼ਲ


ਬੱਸ ਇਕ ਜਾਦੂ ਕਰ ਦੇ ਮੌਲਾ  
ਖਾਲੀ ਜੇਬਾਂ ਭਰ ਦੇ ਮੌਲਾ  
ਰੱਜੇ ਨੂੰ ਸੰਤੋਖ ਅਤਾ ਕਰ  
ਭੁੱਖੇ ਨੂੰ ਟੁੱਕਰ ਦੇ ਮੌਲਾ।  
ਤੱਕ-ਤੱਕ ਮੈਨੂੰ ਸੜਦੇ ਨੇ ਜੋ,  
ਘਰ ਓਨ੍ਹਾਂ ਦੇ ਭਰ ਦੇ ਮੌਲਾ  
ਪੰਛੀ ਬਣ ਅੰਬਰ 'ਚ ਉੱਡਾਂ,  
ਪੈਰਾਂ ਬਦਲੇ ਪਰ ਦੇ ਮੌਲਾ।  
ਮੋਇਆਂ ਬਖਸ਼ ਕਫਨ ਦੋ ਗਜ਼ ਦਾ,  
ਜੀਂਦੇ ਜੀ ਚਾਦਰ ਦੇ ਮੌਲਾ  
ਖਾਲਿਕ ਦੇ ਮਖਲੂਕ ਵਿਚਾਲੇ  
ਕਦ ਤੱਕ ਰਹਿਣ ਪਰਦੇ ਮੌਲਾ  
ਮੰਜ਼ਿਲ ਦੀ ਮੈਨੂੰ ਤਾਂਘ ਨਹੀਂ,  
ਹਾਲੇ ਹੋਰ ਸਫਰ ਦੇ ਮੌਲਾ।  
ਮਿਹਰ ਤਿਰੀ ਦਾ ਕਰ ਭਰਵਾਸਾ  
ਭੁੱਲ ਅਸੀਂ ਹਾਂ ਕਰਦੇ ਮੌਲਾ।  
ਤੂੰ ਮਾਲਕ ਮਰਜ਼ੀ ਦਾ ਆਪਣੀ,  
ਜੋ ਕਰਨਾ ਈ ਕਰ ਦੇ ਮੌਲਾ।

-ਸਦਾ ਅੰਬਾਲਵੀ

# ਕਹਾਣੀ-ਜੇਲ੍ਹ

ਉਹ ਸਦਾ ਹੀ ਖੁੱਲ੍ਹੇ ਆਸਮਾਨ ਵਿਚ ਆਜ਼ਾਦੀ ਨਾਲ ਉੱਡਣਾ ਚਾਹੁੰਦਾ ਸੀ। ਉਸ ਨੂੰ ਆਪਣੇ ਮਾਂ-ਬਾਪ ਦੀ ਹਰ ਗੱਲ ਉੱਤੇ ਰੋਕ-ਟੋਕ ਚੰਗੀ ਨਹੀਂ ਲੱਗਦੀ। ਬਚਪਨ ਤੋਂ ਬਾਅਦ ਜਵਾਨੀ ਵਿਚ ਕਦਮ ਰੱਖ ਲਿਆ। ਹੁਣ ਉਹ ਕਾਲਜ ਜਾਣ ਲੱਗ ਪਿਆ ਸੀ। ਉਸ ਦੇ ਘਰ ਦੇ ਬਾਹਰ ਇਕ ਨਿੰਮ ਸੀ, ਜਿਸ ਦੀ ਸੰਘਣੀ ਛਾਂ ਹੇਠ ਉਸ ਦੇ ਬਾਪੂ ਜੀ ਤੇ ਬੇਬੇ ਬੈਠਦੇ ਸਨ। ਉਹ ਸਵੇਰੇ ਜਦੋਂ ਜਾਂਦਾ ਤਾਂ ਉਸ ਦੇ ਬਾਪੂ ਜੀ ਉਸ ਤੋਂ ਹਮੇਸ਼ਾ ਪੁੱਛਦੇ, ਉਹ ਕਿਥੇ ਜਾ ਰਿਹਾ ਹੈ ਤੇ ਕਦੋਂ ਵਾਪਸ ਆਏਗਾ। ਉਸ ਨੂੰ ਹਮੇਸ਼ਾ ਹੀ ਇਨ੍ਹਾਂ ਸਵਾਲਾਂ ਦਾ ਜਵਾਬ ਦੇਣਾ ਪੈਂਦਾ ਸੀ। ਜੇ ਉਹ ਰਾਤ ਨੂੰ ਲੇਟ ਹੋ ਜਾਂਦਾ ਤਾਂ ਉਸ ਦੇ ਬਾਪੂ ਤੇ ਬੇਬੇ ਦੋਵੇਂ ਉਸ ਨਿੰਮ ਦੇ ਹੇਠ ਪਏ ਮੰਜੇ 'ਤੇ ਬੈਠਦੇ ਅਤੇ ਉਸ ਦਾ ਇੰਤਜ਼ਾਰ ਕਰਦੇ ਰਹਿੰਦੇ। ਜਦੋਂ ਉਹ ਆਉਂਦਾ ਤਾਂ ਫਿਰ ਉਹੀ ਸਵਾਲ ਪੁੱਛੇ ਜਾਂਦੇ ਸਨ। ਉਹ ਇਨ੍ਹਾਂ ਰੋਜ਼-ਰੋਜ਼ ਦੇ ਸਵਾਲਾਂ-ਜਵਾਬਾਂ ਤੋਂ ਦੁਖੀ ਹੋ ਗਿਆ ਸੀ। ਉਸ ਦੇ ਬਾਪੂ ਜੀ ਹਮੇਸ਼ਾ ਉਸ ਨੂੰ ਕਹਿੰਦੇ ਕਿ ਉਹ ਘਰ ਵੇਲੇ ਨਾਲ ਆ ਜਾਇਆ ਕਰੇ, ਕਿਉਂਕਿ ਦੌਲਤ ਕਦੇ ਵੀ ਮਿਲ ਸਕਦੀ ਹੈ ਪਰ ਇਕ ਵਾਰ ਗਈ ਇੱਜ਼ਤ ਕਦੇ ਵਾਪਸ ਨਹੀਂ ਮਿਲਦੀ। ਉਹ ਉਨ੍ਹਾਂ ਦੀਆਂ ਗੱਲਾਂ ਉੱਤੇ ਕਦੇ ਧਿਆਨ ਨਾ ਦਿੰਦਾ, ਉਹ ਇਹੀ ਸਮਝਦਾ ਸੀ ਕਿ ਬੁੱਢਿਆਂ ਦਾ ਕੰਮ ਤਾਂ ਸਾਰੇ ਦਿਨ ਬੁੜ-ਬੁੜ ਕਰਦੇ ਰਹਿਣਾ ਹੈ। ਇਕ ਦਿਨ ਘਰ ਬਹੁਤ ਦੇਰ ਨਾਲ ਆਉਣ ਉੱਤੇ ਉਸ ਨੂੰ ਬਾਪੂ ਜੀ ਕੋਲੋਂ ਝਿੜਕਾਂ ਖਾਣੀਆਂ ਪਈਆਂ। ਹੁਣ ਉਸ ਨੂੰ ਘਰ ਇਕ ਜੇਲ੍ਹ ਮਹਿਸੂਸ ਹੋਣ ਲੱਗੀ, ਜਿਸ ਦਾ ਉਹ ਇਕ ਕੈਦੀ ਸੀ ਅਤੇ ਉਸਦੇ ਜੇਲ੍ਹ ਸਨ ਉਸ ਦੇ ਬਾਪੂ ਜੀ। ਉਸ ਨੂੰ ਆਪਣੇ ਪੈਰਾਂ ਵਿਚ ਬੇੜੀਆਂ ਮਹਿਸੂਸ ਹੋਈਆਂ ਜੋ ਕਿ ਉਸ ਦੇ ਬਾਪੂ ਜੀ ਨੇ ਪਾਈਆਂ ਸਨ। ਕੁਝ ਦਿਨਾਂ ਬਾਅਦ ਅਚਾਨਕ ਕਾਲਜ ਵਿਚ ਇਕ ਆਦਮੀ ਆਇਆ। ਉਸ ਨੇ ਦੱਸਿਆ ਕਿ ਉਸ ਦੇ ਬਾਪੂ ਜੀ ਤੇ ਬੇਬੇ ਦਾ ਐਕਸੀਡੈਂਟ ਹੋ ਗਿਆ, ਜਦੋਂ ਉਹ ਹਸਪਤਾਲ ਪਹੁੰਚਿਆ ਤਾਂ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ। ਦਿਨ ਬੀਤਦੇ ਗਏ। ਹੁਣ ਉਸਨੇ ਆਪ ਨੂੰ ਇਕ ਆਜ਼ਾਦ ਪੰਛੀ ਵਾਂਗ ਮਹਿਸੂਸ ਕੀਤਾ ਜੋ ਕਿਤੇ ਵੀ ਉਡਾਰੀ ਲਗਾ ਸਕਦਾ ਸੀ। ਉਸ ਨੂੰ ਲੱਗਦਾ ਕਿ ਹੁਣ ਉਸ ਦੀ ਸਜ਼ਾ ਪੂਰੀ ਹੋ ਗਈ ਹੈ ਤੇ ਹੁਣ ਉਹ ਜੇਲ੍ਹ ਵਿਚੋਂ ਹਮੇਸ਼ਾ-ਹਮੇਸ਼ਾ ਲਈ ਰਿਹਾਅ ਕਰ ਦਿੱਤਾ ਗਿਆ ਹੈ। ਉਸ ਦੇ ਪੈਰਾਂ ਦੀਆਂ ਬੇੜੀਆਂ ਨਿਕਲ ਗਈਆਂ ਸਨ। ਜਦੋਂ ਵੀ ਹੁਣ ਉਹ ਘਰ ਤੋਂ ਬਾਹਰ ਜਾਂਦਾ ਤਾਂ ਉਸ ਨੂੰ ਇਹੀ ਲੱਗਦਾ ਕਿ ਬਾਪੂ ਜੀ ਉਸਨੂੰ ਕਹਿ ਰਹੇ ਨੇ ਕਿ ਉਹ ਜਲਦੀ ਘਰ ਆ ਜਾਵੇ ਤੇ ਬੇਬੇ ਕਹਿ ਰਹੀ ਹੈ ਕਿ ਬੇਟਾ ਰੋਟੀ ਵਖਤ ਉੱਤੇ ਖਾ ਲਵੀਂ। ਪਰ ਜਦੋਂ ਪਿੱਛੇ ਮੁੜ ਕੇ ਦੇਖਦਾ ਹੈ ਤਾਂ ਉਹੀ ਨਿੰਮ ਦੇ ਹੇਠ ਉਨ੍ਹਾਂ ਦਾ ਖਾਲੀ ਮੰਜਾ ਪਿਆ ਹੁੰਦਾ। ਉਹ ਉਸ ਜੇਲ੍ਹ ਤੋਂ ਰਿਹਾਅ ਤਾਂ ਹੋ ਗਿਆ ਸੀ ਪਰ ਜੇਲ੍ਹ ਤੋਂ ਬਾਹਰ ਤਾਂ ਸ਼ੈਤਾਨ ਸਨ ਜੋ ਕਿ ਭੋਲੀਆਂ ਸੂਰਤਾਂ ਦੇ ਪਿੱਛੇ ਛੁਪੇ ਹੋਏ ਸਲ। ਹੁਣ ਉਸ ਨੂੰ ਮੁੜ ਉਸ ਜੇਲ੍ਹ ਦੀ ਯਾਦ ਆਉਂਦੀ ਹੈ। ਉਹ ਮੁੜ ਕੈਦੀ ਬਣਂ ਦੀ ਕੋਸ਼ਿਸ਼ ਕਰਦਾ ਹੈ, ਜਿਸ ਦਾ ਜੇਲ੍ਹਰ ਉਸ ਨੂੰ ਚੰਗੇ, ਬੁਰੇ ਦੀ ਪਹਿਚਾਣ ਕਰਵਾਏ, ਜੋ ਹਮੇਸ਼ਾ ਉਸ ਦੇ ਪਿੱਛੇ ਉਸ ਦੇ ਸਹਾਰਾ ਬਣਨ ਕੇ ਖੜ੍ਹੇ। ਪਰ ਹੁਣ ਸਮਾਂ ਨਿਕਲ ਗਿਆ ਸੀ। ਉਸ ਦੀ ਸਜ਼ਾ ਖਤਮ ਹੋ ਗਈ ਸੀ ਤੇ ਉਹ ਜੇਲ੍ਹ ਦੇ ਦਰਵਾਜ਼ੇ ਉਸ ਦੇ ਲਈ ਹਮੇਸ਼ਾ-ਹਮੇਸ਼ਾ ਲਈ ਬੰਦ ਹੋ ਗਏ ਸਨ।

-ਪਰਮਜੀਤ ਕੌਰ



# ਸਿਹਤਮੰਦ ਹਰਿਆਣਾ ਦੀ ਦਿਸ਼ਾ ਵਿੱਚ ਵੱਡਾ ਕਦਮ, ਮੁੱਖ ਮੰਤਰੀ ਨੇ 100 ਕਰੋੜ ਤੋਂ ਵੱਧ ਦੇ ਸਿਹਤ ਪ੍ਰੋਜੈਕਟਾਂ ਦੀ ਕੀਤੀ ਸ਼ੁਰੂਆਤ

**ਪੰਚਕੂਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ 'ਸਵਸਥ ਹਰਿਆਣਾ-ਸਮ੍ਰਿੱਧ ਹਰਿਆਣਾ' ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰਦਿਆਂ ਅਤੇ ਸੂਬਾ ਵਾਸੀਆਂ ਦੀ ਬਿਹਤਰ ਸਿਹਤ ਤੇ ਸਨਮਾਨਜਨਕ ਜੀਵਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਦਿਆਂ ਪੰਚਕੂਲਾ ਵਿੱਚ ਆਯੋਜਿਤ ਰਾਜ ਪੱਧਰੀ ਸਮਾਰੋਹ ਦੌਰਾਨ ਸਿਹਤ ਖੇਤਰ ਦੀਆਂ 100 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੀਆਂ 9 ਮਹੱਤਵਪੂਰਨ ਯੋਜਨਾਵਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ।

ਇਸ ਮੌਕੇ ਹਰਿਆਣਾ ਦੀ ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਅਤੇ ਮਹਿਲਾ ਤੇ ਬਾਲ ਵਿਕਾਸ ਮੰਤਰੀ ਸ਼੍ਰੀਮਤੀ ਸ਼ਰੁਤੀ ਚੌਧਰੀ ਵੀ ਮਜੂਦ ਸਨ।

ਮੁੱਖ ਮੰਤਰੀ ਨੇ ਸਿਹਤ ਬੁਨਿਆਦੀ ਢਾਂਚੇ ਨੂੰ ਆਧੁਨਿਕ ਅਤੇ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦਿਆਂ 22.29 ਕਰੋੜ ਰੁਪਏ ਦੀ ਲਾਗਤ ਨਾਲ 30 ਸਿਹਤ ਸੰਸਥਾਵਾਂ ਦਾ ਉਦਘਾਟਨ ਕੀਤਾ ਅਤੇ 21.50 ਕਰੋੜ ਰੁਪਏ ਦੀ ਲਾਗਤ ਨਾਲ 16 ਸਿਹਤ ਸੰਸਥਾਵਾਂ ਦਾ ਨੀਂਹ ਪੱਥਰ ਰੱਖਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਜ਼ਿਲ੍ਹਾ ਸਿਵਲ ਹਸਪਤਾਲ ਸੋਨੀਪਤ ਵਿੱਚ 6.45 ਕਰੋੜ ਰੁਪਏ ਦੀ ਲਾਗਤ ਨਾਲ ਰੇਸਟ ਹਾਊਸ ਦਾ ਨੀਂਹ ਪੱਥਰ ਰੱਖਿਆ ਅਤੇ 0.34 ਕਰੋੜ ਰੁਪਏ ਪ੍ਰਤੀ ਸਾਲ ਦੀ ਲਾਗਤ ਨਾਲ 23 ਜ਼ਿਲ੍ਹਾ ਹਸਪਤਾਲਾਂ ਵਿੱਚ ਸਵਸਥ ਨਾਰੀ, ਸਸ਼ਕਤ ਪਰਿਵਾਰ ਕਲੀਨਿਕ (ਮਹਿਲਾ ਕਲੀਨਿਕ) ਦੀ ਸ਼ੁਰੂਆਤ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਪੀ.ਪੀ.ਪੀ. ਮਾਡਲ ਤਹਿਤ ਸੀ.ਟੀ. ਸਕੈਨ ਅਤੇ ਐਮ.ਆਰ.ਆਈ. ਸੇਵਾਵਾਂ ਦਾ ਵਿਸਥਾਰ ਕਰਦਿਆਂ 12 ਕਰੋੜ ਰੁਪਏ ਦੀ ਲਾਗਤ ਨਾਲ ਜ਼ਿਲ੍ਹਾ ਹਸਪਤਾਲ ਪਾਣੀਪਤ ਤੇ ਕੁਰੂਕਸ਼ੇਤਰ ਵਿੱਚ ਐਮ.ਆਰ.ਆਈ. ਅਤੇ ਸਬ-ਡਿਵੀਜ਼ਨਲ ਹਸਪਤਾਲ ਬਹਾਦੁਰਗੜ੍ਹ



ਤੇ ਜ਼ਿਲ੍ਹਾ ਹਸਪਤਾਲ ਦਾਦਰੀ ਵਿੱਚ 10 ਕਰੋੜ ਰੁਪਏ ਦੀ ਲਾਗਤ ਨਾਲ ਸੀ.ਟੀ. ਸਕੈਨ ਸੇਵਾਵਾਂ ਦੀ ਸ਼ੁਰੂਆਤ ਕੀਤਾ।

ਮੁੱਖ ਮੰਤਰੀ ਨੇ ਦਿਲ ਦੇ ਰੋਗਾਂ ਦੀ ਸਮੇਂ ਸਿਰ ਪਛਾਣ ਅਤੇ ਇਲਾਜ ਲਈ 600 ਸਿਹਤ ਸੰਸਥਾਵਾਂ ਵਿੱਚ 3 ਕਰੋੜ ਰੁਪਏ ਪ੍ਰਤੀ ਸਾਲ ਦੀ ਲਾਗਤ ਨਾਲ ਟੈਲੀ-ਈ.ਸੀ.ਜੀ. ਸੇਵਾਵਾਂ ਦੀ ਸ਼ੁਰੂਆਤ ਕੀਤੀ। ਕਾਰਪੋਰੇਟ ਸੋਸ਼ਲ ਰਿਸਪੌਂਸੀਬਿਲਿਟੀ (ਸੀਐਸਆਰ) ਤਹਿਤ 24 ਕਰੋੜ ਰੁਪਏ ਤੋਂ ਵੱਧ ਦੀ ਰਕਮ ਦੇ ਐਨਸਥੀਸੀਆ ਵਰਕਸਟੇਸ਼ਨ, ਡਿਫਿਬ੍ਰਿਲੇਟਰ, ਐਕਸ-ਰੇ ਮਸ਼ੀਨ, ਟਰੂਨੈਟ ਮਸ਼ੀਨ ਅਤੇ ਆਈ.ਸੀ.ਯੂ. ਬੈੱਡਾਂ ਦੀ ਵਿਵਸਥਾ ਦੀ ਸ਼ੁਰੂਆਤ ਕੀਤੀ ਗਈ।

ਨਾਲ ਹੀ 3.60 ਕਰੋੜ ਰੁਪਏ ਪ੍ਰਤੀ ਸਾਲ ਦੀ ਲਾਗਤ ਨਾਲ ਮਹਾਰਿਸ਼ੀ ਚਯਵਨ ਮੈਡੀਕਲ ਕਾਲਜ, ਕੋਰੀਆਵਾਸ (ਨਾਰਨੌਲ) ਅਤੇ ਸ਼੍ਰੀ ਅਟਲ ਬਿਹਾਰੀ ਵਾਜਪਾਈ ਸਰਕਾਰੀ ਮੈਡੀਕਲ ਕਾਲਜ ਛਾਂਯਸਾ (ਫਰੀਦਾਬਾਦ) ਵਿੱਚ ਮੁਫ਼ਤ ਡਾਇਲਿਸਿਸ ਸਹੂਲਤ ਦੀ ਸ਼ੁਰੂਆਤ ਕੀਤੀ ਗਈ। ਇਸ ਦੇ ਨਾਲ ਹੀ 1.73 ਕਰੋੜ ਰੁਪਏ ਦੀ ਲਾਗਤ ਨਾਲ 23 ਜ਼ਿਲ੍ਹਾ ਹਸਪਤਾਲਾਂ ਵਿੱਚ ਆਮ ਲੋਕਾਂ ਨੂੰ ਬ੍ਰਾਂਡਡ ਦਵਾਈਆਂ ਸਸਤੀਆਂ ਦਰਾਂ 'ਤੇ ਮੁਹੱਈਆ ਕਰਵਾਉਣ ਲਈ 'ਅੰਮ੍ਰਿਤ ਫਾਰਮੇਸੀ' ਦਾ ਨੀਂਹ ਪੱਥਰ ਰੱਖਿਆ ਗਿਆ ਅਤੇ 0.91 ਕਰੋੜ ਰੁਪਏ ਦੀ ਲਾਗਤ ਨਾਲ 4600 ਆਸ਼ਾ ਵਰਕਰਾਂ ਲਈ ਆਪਦਾ ਪ੍ਰਬੰਧਨ ਦੇ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ।

ਮੁੱਖ ਮੰਤਰੀ ਨੇ ਇਸ ਮੌਕੇ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਇਸ ਲਈ ਵੀ ਖ਼ਾਸ ਹੈ ਕਿਉਂਕਿ ਅਸੀਂ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੀ 12 ਸਾਲਾਂ ਦੀ ਜਨ-ਸੇਵਾ ਯਾਤਰਾ ਦਾ ਗੌਰਵਪੂਰਨ ਉਤਸਵ ਮਨਾ ਰਹੇ ਹਾਂ। ਇਨ੍ਹਾਂ 12 ਸਾਲਾਂ ਵਿੱਚ ਭਾਰਤ ਨੇ ਸਿਹਤ ਖੇਤਰ ਵਿੱਚ ਜੋ ਇਤਿਹਾਸਕ ਬਦਲਾਅ ਦੇਖਿਆ ਹੈ, ਉਹ ਬੇਮਿਸਾਲ ਹੈ। ਉਨ੍ਹਾਂ ਕਿਹਾ ਕਿ ਇੱਕ ਸਮਾਂ ਸੀ ਜਦੋਂ ਗਰੀਬ ਪਰਿਵਾਰ ਇਲਾਜ ਲਈ ਵੱਡੇ ਸ਼ਹਿਰਾਂ ਦੇ ਚੱਕਰ ਕੱਟਦੇ ਸਨ। ਬੀਮਾਰੀ ਸਿਰਫ਼ ਸਰੀਰਕ ਪੀੜਾ ਹੀ ਨਹੀਂ ਦਿੰਦੀ ਸੀ, ਸਗੋਂ ਪਰਿਵਾਰ ਦੀ ਆਰਥਿਕ ਸਥਿਤੀ ਵੀ ਤੋੜ ਦਿੰਦੀ ਸੀ। ਪਰ ਅੱਜ ਆਯੁਸ਼ਮਾਨ ਭਾਰਤ ਯੋਜਨਾ, ਜਨ ਔਸ਼ਧੀ ਕੇਂਦਰ, ਡਿਜੀਟਲ ਹੈਲਥ ਮਿਸ਼ਨ, ਮੈਡੀਕਲ ਕਾਲਜਾਂ ਦੇ ਵਿਸਥਾਰ ਅਤੇ ਆਧੁਨਿਕ ਜਾਂਚ ਸਹੂਲਤਾਂ ਨੇ ਸਿਹਤ ਸੇਵਾਵਾਂ ਨੂੰ ਗਰੀਬ ਦੇ ਘਰ-ਘਰ ਤੱਕ ਪਹੁੰਚਾ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਸਿਹਤ ਵਿਭਾਗ ਨੂੰ ਟੀਚਾ ਦਿੱਤਾ ਸੀ ਕਿ ਹਰ ਜ਼ਿਲ੍ਹਾ ਹਸਪਤਾਲ ਆਪਣੇ ਸ਼ਹਿਰ ਦਾ ਸਭ ਤੋਂ ਬਿਹਤਰ ਹਸਪਤਾਲ ਬਣੇ। ਅੱਜ ਉਨ੍ਹਾਂ ਨੂੰ ਖੁਸ਼ੀ ਹੈ ਕਿ ਹਰਿਆਣਾ ਦੇ ਜ਼ਿਲ੍ਹਾ ਹਸਪਤਾਲਾਂ ਵਿੱਚ ਤੇਜ਼ੀ ਨਾਲ ਬਦਲਾਅ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹਰ ਜ਼ਿਲ੍ਹੇ ਤੱਕ ਹਾਈ-ਏਂਡ ਡਾਇਗਨੌਸਟਿਕ (ਉੱਚ-ਪੱਧਰੀ ਜਾਂਚ) ਸਹੂਲਤਾਂ ਪਹੁੰਚਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਅੱਜ ਸੂਬੇ ਦੇ 18 ਜ਼ਿਲ੍ਹਿਆਂ ਵਿੱਚ ਸੀ.ਟੀ. ਸਕੈਨ ਸੇਵਾਵਾਂ ਉਪਲਬਧ ਹਨ। ਇਸ ਤੋਂ ਇਲਾਵਾ, 7 ਜ਼ਿਲ੍ਹਿਆਂ ਵਿੱਚ ਐਮ.ਆਰ.ਆਈ. ਸੇਵਾਵਾਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਸਾਰੇ ਜ਼ਿਲ੍ਹਿਆਂ ਵਿੱਚ ਅਲਟਰਾਸਾਊਂਡ ਅਤੇ ਬਲੱਡ ਐਨਾਲਾਈਜ਼ਰ ਸਹੂਲਤਾਂ ਮੌਜੂਦ ਹਨ। ਇਸ ਵਿੱਤੀ ਸਾਲ ਦੇ ਬਜਟ ਵਿੱਚ ਬਾਕੀ ਰਹਿੰਦੇ ਜ਼ਿਲ੍ਹਿਆਂ ਵਿੱਚ ਵੀ ਸੀ.ਟੀ. ਸਕੈਨ, ਐਮ.ਆਰ.ਆਈ. ਅਤੇ ਡਿਜੀਟਲ ਐਕਸ-ਰੇ ਮਸ਼ੀਨਾਂ ਦੀ ਵਿਵਸਥਾ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 13 ਹੋਰ ਜ਼ਿਲ੍ਹਾ ਹਸਪਤਾਲਾਂ ਵਿੱਚ ਐਮ.ਆਰ.ਆਈ. ਸੇਵਾਵਾਂ ਲਈ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਆਉਣ ਵਾਲੇ ਸਮੇਂ ਵਿੱਚ ਹਰਿਆਣਾ ਦਾ ਨਾਗਰਿਕ ਆਪਣੇ ਹੀ ਜ਼ਿਲ੍ਹੇ ਵਿੱਚ ਵਿਸ਼ਵ ਪੱਧਰੀ ਜਾਂਚ ਸਹੂਲਤਾਂ ਦਾ ਲਾਭ ਲੈ ਸਕੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ 22 ਜ਼ਿਲ੍ਹਾ ਹਸਪਤਾਲਾਂ ਵਿੱਚ ਡੇ-ਕੇਅਰ ਕੈਂਸਰ ਸੈਂਟਰ ਸ਼ੁਰੂ ਕੀਤੇ ਗਏ ਹਨ। ਹੁਣ ਕੈਂਸਰ ਦੇ ਮਰੀਜ਼ਾਂ ਨੂੰ ਆਪਣੇ ਜ਼ਿਲ੍ਹੇ ਵਿੱਚ ਹੀ ਇਲਾਜ ਦੀ ਸਹੂਲਤ ਮਿਲੇਗੀ।

ਇਸ ਨਾਲ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਸਮੇਂ ਸਿਰ ਜਾਂਚ ਨੂੰ ਹੀ ਜੀਵਨ ਦੀ ਸੁਰੱਖਿਆ ਮੰਨਿਆ ਜਾਂਦਾ ਹੈ, ਇਸ ਲਈ ਅਸੀਂ ਜਾਂਚ ਸੇਵਾਵਾਂ ਦਾ ਦਾਇਰਾ ਵਿਸ਼ਾਲ ਕਰ ਰਹੇ ਹਾਂ। ਪਿਛਲੇ ਸਾਲ ਪੀ.ਪੀ.ਪੀ. ਮਾਡਲ ਰਾਹੀਂ ਜ਼ਿਲ੍ਹਾ ਹਸਪਤਾਲਾਂ ਵਿੱਚ ਲਗਭਗ 2 ਲੱਖ ਡਾਇਲਿਸਿਸ ਸੈਸ਼ਨ, 1 ਲੱਖ 65 ਹਜ਼ਾਰ ਸੀ.ਟੀ. ਸਕੈਨ, 70 ਹਜ਼ਾਰ ਐਮ.ਆਰ.ਆਈ. ਸਕੈਨ, 36 ਹਜ਼ਾਰ ਈਕੋ ਕਾਰਡੀਓਗ੍ਰਾਫੀ ਅਤੇ ਹਜ਼ਾਰਾਂ ਕੋਰੋਨਰੀ ਐਂਜੀਓਗ੍ਰਾਮ ਤੇ ਸਟੈਂਟ ਟ੍ਰਾਂਸਪਲਾਂਟ ਕੀਤੇ ਗਏ। ਇਹ ਅੰਕੜੇ ਦੱਸਦੇ ਹਨ ਕਿ ਹੁਣ ਲੋਕਾਂ ਨੂੰ ਉੱਚ ਪੱਧਰੀ ਸਿਹਤ ਸੇਵਾਵਾਂ ਆਪਣੇ ਜ਼ਿਲ੍ਹੇ ਵਿੱਚ ਹੀ ਮਿਲ ਰਹੀਆਂ ਹਨ।

# ਵੈਸ਼ਵਿਕ ਮੁਕਾਬਲੇ ਵਿੱਚ ਡਟੇ ਹਰਿਆਣਾ ਦੀਆਂ ਯੂਨੀਵਰਸਿਟੀਆਂ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਸਰਕਾਰੀ ਵਿਸ਼ਵਵਿਦਿਆਲੇ ਵਿਦਿਅਕ ਉੱਤਮਤਾ, ਰੁਜ਼ਗਾਰ ਮੁਖੀ ਸਿੱਖਿਆ, ਖੋਜ, ਨਵੀਨਤਾ ਅਤੇ ਵੈਸ਼ਵਿਕ ਮੁਕਾਬਲੇ ਦੇ ਮਾਮਲੇ ਵਿੱਚ ਵੱਡੇ ਬਦਲਾਵਾਂ ਵੱਲ ਤੇਜ਼ੀ ਨਾਲ ਵਧ ਰਹੇ ਹਨ। ਨਾਲ ਹੀ, ਰਾਜ ਸਰਕਾਰ ਹਰ ਜ਼ਿਲ੍ਹੇ ਵਿੱਚ ਇੱਕ-ਇੱਕ ਮਾਡਲ ਸੰਸਕ੍ਰਿਤੀ ਕਾਲਜ ਸਥਾਪਿਤ ਕਰਨ ਦੀ ਯੋਜਨਾ 'ਤੇ ਵੀ ਕੰਮ ਕਰ ਰਹੀ ਹੈ। ਇਹ 22 ਮਾਡਲ ਸੰਸਕ੍ਰਿਤੀ ਕਾਲਜ ਖ਼ੁਦਮੁਖਤਿਆਰ ਬਹੁ-ਵਿਸ਼ੇ ਉੱਤਮਤਾ ਕੇਂਦਰਾਂ ਵਜੋਂ ਵਿਕਸਿਤ ਕੀਤੇ ਜਾਣਗੇ। ਇਸ ਦੇ ਨਾਲ ਹੀ ਖੇਤਰੀ ਮੈਗਾ ਐਜੂਕੇਸ਼ਨਲ ਹੱਬ ਸਥਾਪਿਤ ਕਰਕੇ ਸਹਿਯੋਗਾਤਮਕ ਖੋਜ ਅਤੇ ਵਿਦਿਅਕ ਉੱਤਮਤਾ ਨੂੰ ਪ੍ਰੋਤਸਾਹਿਤ ਕੀਤਾ ਜਾਵੇਗਾ।ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਅੱਜ ਇੱਥੇ ਇੱਕ ਉੱਚ ਪੱਧਰੀ ਬੈਠਕ ਵਿੱਚ ਰਾਜ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਸ਼ੁਰੂ ਕੀਤੇ ਗਏ ਸੁਧਾਰਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ।

ਮੀਟਿੰਗ ਵਿੱਚ 5ਵੇਂ ਰਾਸ਼ਟਰੀ ਮੁੱਖ ਸਕੱਤਰ ਸੰਮੇਲਨ ਦੀਆਂ ਸਿਫ਼ਾਰਸ਼ਾਂ 'ਤੇ ਕੀਤੀ ਗਈ ਕਾਰਵਾਈ ਦੀ ਸਮੀਖਿਆ ਕਰਦੇ ਹੋਏ ਮੁੱਖ ਸਕੱਤਰ ਨੇ ਉੱਚ ਸਿੱਖਿਆ ਅਤੇ ਤਕਨੀਕੀ ਸਿੱਖਿਆ ਵਿਭਾਗ ਨੂੰ ਸਾਰੇ ਸੁਧਾਰਾਤਮਕ ਕਦਮਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰਦੇਸ਼ ਦੇ ਵਿਸ਼ਵਵਿਦਿਆਲਿਆਂ ਨੂੰ ਰਾਸ਼ਟਰੀ ਸਿੱਖਿਆ ਨੀਤੀ-2020 ਦੇ ਅਨੁਰੂਪ ਵਿਸ਼ਵ ਪੱਧਰ ਦੇ ਸਿੱਖਿਆ, ਖੋਜ, ਨਵੀਨਤਾ ਅਤੇ ਹੁਨਰ ਵਿਕਾਸ ਕੇਂਦਰਾਂ ਵਜੋਂ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ।

ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਨੇ ਉੱਚ ਸਿੱਖਿਆ ਅਤੇ ਤਕਨੀਕੀ ਸਿੱਖਿਆ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਸੁਧਾਰਾਂ ਦੀ ਰਫ਼ਤਾਰ ਨੂੰ ਬਣਾਈ ਰੱਖਦੇ ਹੋਏ ਸਾਰੀਆਂ ਪਹਿਲਕਦਮੀਆਂ ਦਾ ਸਮੇਂ ਸਿਰ ਲਾਗੂਕਰਨ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪ੍ਰਦੇਸ਼ ਦੇ ਵਿਸ਼ਵਵਿਦਿਆਲਿਆਂ ਦਾ ਰਾਸ਼ਟਰੀ ਸਿੱਖਿਆ ਨੀਤੀ 2020 ਅਤੇ ਭਵਿੱਖ ਦੀਆਂ ਆਰਥਿਕ ਅਤੇ ਤਕਨੀਕੀ ਲੋੜਾਂ ਦੇ ਅਨੁਰੂਪ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ ਸਿੱਖਿਆ, ਖੋਜ, ਨਵੀਨਤਾ ਅਤੇ ਹੁਨਰ ਵਿਕਾਸ ਦੇ ਕੇਂਦਰਾਂ ਵਜੋਂ ਵਿਕਾਸ ਹੋਣਾ ਚਾਹੀਦਾ ਹੈ।ਰਾਜ ਦੀ ਵੱਖ-ਵੱਖ ਯੂਨੀਵਰਸਿਟੀਆਂ ਨੇ ਭਾਰਤੀ ਮੂਲ ਦੇ ਨਾਮਵਰ ਸਿੱਖਿਆ ਸ਼ਾਸਤਰੀਆਂ ਅਤੇ ਖੋਜਕਰਤਾਵਾਂ ਨੂੰ ਆਕਰਸ਼ਿਤ ਕਰਨ ਲਈ ਪਹਿਲਕਦਮੀ ਕੀਤੀ ਹੈ। ਮਹਾਰਿਸ਼ੀ ਦਯਾਨੰਦ ਯੂਨੀਵਰਸਿਟੀ (ਐਮਡੀਯੂ), ਰੋਹਤਕ ਨੇ ਗਲੋਬਲ ਟੈਲੇਂਟ ਰਿਟਰਨ ਸਕੀਮ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ, ਜਦੋਂ ਕਿ ਗੁਰੂਗ੍ਰਾਮ ਯੂਨੀਵਰਸਿਟੀ ਵੈਸ਼ਵਿਕ ਸਾਬਕਾ ਵਿਦਿਆਰਥੀ (ਐਲੂਮਨਾਈ) ਡਾਟਾਬੇਸ ਵਿਕਸਿਤ ਕਰ ਰਹੀ ਹੈ ਅਤੇ ਆਈਜੀਯੂ ਰੇਵਾੜੀ ਨੇ ਵੈਸ਼ਵਿਕ ਸਿੱਖਿਆ ਸ਼ਾਸਤਰੀਆਂ ਨੂੰ ਆਕਰਸ਼ਿਤ ਕਰਨ ਲਈ ਸੈਂਟਰ ਆਫ਼ ਐਕਸੀਲੈਂਸ ਸਥਾਪਿਤ ਕਰਨ ਦਾ ਪ੍ਰਸਤਾਵ ਦਿੱਤਾ ਹੈ।

ਵਿਦਿਅਕ ਸੰਸਥਾਵਾਂ ਅਤੇ ਉਦਯੋਗਾਂ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਵਿਸ਼ਵਵਿਦਿਆਲਿਆਂ ਵਿੱਚ ਉਦਯੋਗ ਮਾਹਿਰਾਂ ਨੂੰ 'ਪ੍ਰੋਫੈਸਰ ਆਫ਼ ਪ੍ਰੈਕਟਿਸ' ਵਜੋਂ ਨਿਯੁਕਤ ਕੀਤਾ ਜਾ ਰਿਹਾ ਹੈ। ਕੁਰੂਕਸ਼ੇਤਰ ਯੂਨੀਵਰਸਿਟੀ ਨੇ ਦੋ ਉਦਯੋਗ ਮਾਹਿਰਾਂ ਨੂੰ ਨਿਯੁਕਤ ਕੀਤਾ ਹੈ, ਜਦੋਂ ਕਿ ਸੀਬੀਐਲਯੂ ਭਿਵਾਨੀ ਨੇ ਚਾਰ ਅਤੇ ਗੁਰੂਗ੍ਰਾਮ ਯੂਨੀਵਰਸਿਟੀ ਨੇ ਤਿੰਨ ਮਾਹਿਰਾਂ ਨੂੰ ਪੈਨਲ ਵਿੱਚ ਸ਼ਾਮਲ ਕੀਤਾ ਹੈ। ਕਈ ਵਿਸ਼ਵਵਿਦਿਆਲੇ 2026-27 ਵਿਦਿਅਕ ਸੈਸ਼ਨ ਤੋਂ ਅਜਿਹੀਆਂ ਨਿਯੁਕਤੀਆਂ ਦਾ ਵਿਸਤਾਰ ਕਰਨ ਦੀ ਯੋਜਨਾ ਬਣਾ ਰਹੇ ਹਨ।

ਰਾਜ ਸਰਕਾਰ ਤਾਲਮੇਲ ਵਾਲੀ ਭਰਤੀ ਰਣਨੀਤੀ ਰਾਹੀਂ ਅਧਿਆਪਕਾਂ ਦੀ ਕਮੀ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਵੀ ਕੰਮ ਕਰ ਰਹੀ ਹੈ। ਯੂਨੀਵਰਸਿਟੀਆਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੀ ਰੀਅਲ ਟਾਈਮ ਮੋਨੀਟਰਿੰਗ ਲਈ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਹਿਯੋਗ ਨਾਲ ਇੱਕ ਡਿਜੀਟਲ ਡੈਸ਼ਬੋਰਡ ਵਿਕਸਿਤ ਕੀਤਾ ਜਾ ਰਿਹਾ ਹੈ।

ਉੱਭਰ ਰਹੀਆਂ ਤਕਨਾਲੋਜੀਆਂ ਅਤੇ ਭਵਿੱਖ ਦੀਆਂ ਲੋੜਾਂ ਅਨੁਸਾਰ ਸਿੱਖਿਆ ਨੂੰ ਢਾਲਣ ਲਈ ਪਾਠਕ੍ਰਮਾਂ ਵਿੱਚ ਵਿਆਪਕ ਸੁਧਾਰ ਕੀਤੇ ਜਾ ਰਹੇ ਹਨ। ਕੁਰੂਕਸ਼ੇਤਰ ਯੂਨੀਵਰਸਿਟੀ ਨੇ ਆਪਣੇ ਵਿਦਿਅਕ ਪ੍ਰੋਗਰਾਮਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ, ਮਸ਼ੀਨ ਲਰਨਿੰਗ, ਬਲਾਕਚੈਨ ਅਤੇ ਡੇਟਾ ਐਨਾਲਿਟਿਕਸ ਨੂੰ ਸ਼ਾਮਲ ਕੀਤਾ ਹੈ, ਜਦੋਂ ਕਿ ਸੀਬੀਐਲਯੂ ਨੇ ਏਆਈ, ਡਰੋਨ ਟੈਕਨਾਲੋਜੀ, ਜੀਓ-ਇਨਫੋਰਮੈਟਿਕਸ ਅਤੇ ਸਾਈਬਰ ਸੁਰੱਖਿਆ ਵਰਗੇ ਕੋਰਸ ਸ਼ੁਰੂ ਕੀਤੇ ਹਨ। ਆਈਜੀਯੂ ਰੇਵਾੜੀ ਨੇ ਐਨਈਪੀ 2020 ਨੂੰ ਪੂਰੀ ਤਰ੍ਹਾਂ ਲਾਗੂ ਕਰਦੇ ਹੋਏ ਭਾਰਤੀ ਗਿਆਨ ਪਰੰਪਰਾ, ਟਿਕਾਊ ਵਿਕਾਸ (ਸਸਟੇਨੇਬਲ ਡਿਵੈਲਪਮੈਂਟ) ਅਤੇ ਨੈਤਿਕਤਾ ਨੂੰ ਆਪਣੇ ਪਾਠਕ੍ਰਮਾਂ ਵਿੱਚ ਸ਼ਾਮਲ ਕੀਤਾ ਹੈ।

# ਯੋਗ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਹਰਿਆਣਾ ਸਰਕਾਰ ਵਚਨਬੱਧ : ਮੁੱਖ ਮੰਤਰੀ



**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਅੰਤਰਰਾਸ਼ਟਰੀ ਯੋਗ ਦਿਵਸ-2026 ਦੀਆਂ ਤਿਆਰੀਆਂ ਨੂੰ ਲੈ ਕੇ ਸ਼ੁੱਕਰਵਾਰ ਨੂੰ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਸਾਲ ਵੀ ਕੌਮਾਂਤਰੀ ਯੋਗ ਦਿਵਸ ਨੂੰ ਪੂਰੇ ਸੂਬੇ ਵਿੱਚ ਵਿਆਪਕ ਜਨ-ਭਾਗੀਦਾਰੀ ਨਾਲ ਸ਼ਾਨਦਾਰ ਪੱਧਰ 'ਤੇ ਆਯੋਜਿਤ ਕੀਤਾ ਜਾਵੇ। ਇਸ ਸਾਲ ਯੋਗ ਦਿਵਸ ਦਾ ਥੀਮ ਸਵੱਸਥ ਬੁਢਾਪੇ ਲਈ ਯੋਗ ਹੋਵੇਗਾ। ਸਾਰੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਆਨਲਾਈਨ ਮਾਧਿਅਮ ਰਾਹੀਂ ਜੁੜੇ।

ਮੁੱਖ ਮੰਤਰੀ ਨੇ ਕਿਹਾ ਕਿ ਰਾਜ ਪੱਧਰੀ ਮੁੱਖ ਪ੍ਰੋਗਰਾਮ ਇਸ ਵਾਰ ਪੰਚਕੂਲਾ ਵਿੱਚ ਆਯੋਜਿਤ ਕੀਤਾ ਜਾਵੇਗਾ, ਜਦੋਂ ਕਿ ਜ਼ਿਲ੍ਹਾ, ਸਬ-ਡਿਵੀਜ਼ਨ ਅਤੇ ਗ੍ਰਾਮ ਪੰਚਾਇਤ ਪੱਧਰ ਤੱਕ ਵਿਸ਼ੇਸ਼ ਯੋਗ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਯੋਗ ਨੂੰ ਜਨ-ਜਨ ਤੱਕ ਪਹੁੰਚਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਇਸ ਸਾਲ ਅੰਤਰਰਾਸ਼ਟਰੀ ਯੋਗ ਦਿਵਸ ਦਾ ਥੀਮ ÷ਸਵੱਸਥ ਬੁਢਾਪੇ ਲਈ ਯੋਗ÷ ਨਿਰਧਾਰਤ ਕੀਤਾ ਗਿਆ ਹੈ। ਇਸੇ ਥੀਮ ਦੇ ਅਨੁਸਾਰ ਪ੍ਰਦੇਸ਼ ਭਰ ਵਿੱਚ ਯੋਗ ਕੈਂਪ, ਜਾਗਰੂਕਤਾ ਮੁਹਿੰਮਾਂ ਅਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ, ਤਾਂ ਜੋ ਲੋਕਾਂ, ਖ਼ਾਸ ਕਰਕੇ ਬਜ਼ੁਰਗ ਨਾਗਰਿਕਾਂ ਨੂੰ ਯੋਗ ਪ੍ਰਤੀ ਪ੍ਰੇਰਿਤ ਕੀਤਾ ਜਾ ਸਕੇ ਅਤੇ ਸਵੱਸਥ ਜੀਵਨ ਸ਼ੈਲੀ ਨੂੰ ਉਤਸ਼ਾਹ ਮਿਲੇ।

ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਯੋਗ ਨੂੰ ਕੌਮਾਂਤਰੀ ਪੱਧਰ 'ਤੇ ਬੇਮਿਸਾਲ ਪਛਾਣ ਅਤੇ ਸਨਮਾਨ ਮਿਲਿਆ ਹੈ। ਅੱਜ ਪੂਰੀ ਦੁਨੀਆ ਭਾਰਤ ਦੀ ਇਸ ਪ੍ਰਾਚੀਨ ਸੰਸਕ੍ਰਿਤੀ ਅਤੇ ਜੀਵਨ ਪੱਧਤੀ ਨੂੰ ਅਪਨਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੌਜਵਾਨਾਂ ਨੂੰ ਭਾਰਤੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਨਾਲ ਜੋੜਦੇ ਹੋਏ ਸਵੱਸਥ ਭਾਰਤ ਅਤੇ ਸਵੱਸਥ ਹਰਿਆਣਾ ਦੇ ਨਿਰਮਾਣ ਲਈ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਯੋਗ ਦਿਵਸ ਪ੍ਰੋਗਰਾਮ ਸਿਰਫ਼ ਰਸਮੀ ਆਯੋਜਨ ਤੱਕ ਸੀਮਤ ਨਾ ਰਹਿਣ, ਸਗੋਂ ਇਸ ਨੂੰ ਇੱਕ ਜਨ-ਅੰਦੋਲਨ ਦਾ ਰੂਪ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ, ਪੰਚਾਇਤਾਂ, ਸਮਾਜਿਕ ਸੰਗਠਨਾਂ ਅਤੇ ਸਵੈ-ਸੇਵੀ ਸੰਸਥਾਵਾਂ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾ ਕੇ ਵੱਧ ਤੋਂ ਵੱਧ ਲੋਕਾਂ ਨੂੰ ਯੋਗ ਨਾਲ ਜੋੜਿਆ ਜਾਵੇ।

# ਜਨਗਣਨਾ 2027: ਚੰਡੀਗੜ੍ਹ ਵਿੱਚ ਹਾਊਸ ਲਿਸਟਿੰਗ ਕਾਰਜ 100% ਪੂਰਨ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਗਣਨਾ ਸੰਚਾਲਨ ਡਾਇਰੈਕਟੋਰੇਟ, ਚੰਡੀਗੜ੍ਹ ਨੂੰ ਇਹ ਐਲਾਨ ਕਰਦੇ ਹੋਏ ਪ੍ਰਸੰਨਤਾ ਹੋ ਰਹੀ ਹੈ ਕਿ ਜਨਗਣਨਾ 2027 ਦੇ ਤਹਿਤ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਹਾਊਸ ਲਿਸਟਿੰਗ ਬਲਾਕ (ਐਚਐਲਬੀ/8*2) ਕਾਰਜ ਸਫ਼ਲਤਾਪੂਰਵਕ ਪੂਰਨ ਕਰ ਲਿਆ ਗਿਆ ਹੈ।

ਅੱਜ, 29 ਮਈ 2026 ਦੀ ਨਵੀਨਤਮ ਪ੍ਰਗਤੀ ਰਿਪੋਰਟ ਦੇ ਅਨੁਸਾਰ, ਸਾਰੇ 2,054 ਹਾਊਸ ਲਿਸਟਿੰਗ ਬਲਾਕਾਂ (ਐਚਐਲਬੀਜ਼/ ਦਾ ਕਾਰਜ ਪੂਰਨ ਕਰ ਲਿਆ ਗਿਆ ਹੈ, ਜਿਸ ਨਾਲ ਯੂਟੀ ਚੰਡੀਗੜ੍ਹ ਦੇ ਸਾਰੇ ਦਸ ਜਨਗਣਨਾ ਚਾਰਜਾਂ ਵਿੱਚ 100% ਕਵਰੇਜ ਸੁਨਿਸ਼ਚਿਤ ਹੋਈ ਹੈ।

ਇਹ ਮਹੱਤਵਪੂਰਨ ਉਪਲਬਧੀ ਗਣਨਾਕਾਰਾਂ (Enumerators), ਸੁਪਰਵਾਇਜ਼ਰਾਂ (Supervisors), ਚਾਰਜ ਅਫ਼ਸਰਾਂ ਅਤੇ ਹੋਰ ਜਨਗਣਨਾ ਕਰਮੀਆਂ ਦੇ ਸਮਰਪਿਤ ਪ੍ਰਯਾਸਾਂ ਨਾਲ ਸੰਭਵ ਹੋਈ ਹੈ, ਜਿਨ੍ਹਾਂ ਨੇ ਹਾਊਸ ਲਿਸਟਿੰਗ ਕਾਰਜ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕਰਨ ਲਈ ਅਣਥੱਕ ਮਿਹਨਤ ਕੀਤੀ। ਨਿਰੰਤਰ ਨਿਗਰਾਨੀ ਅਤੇ ਪ੍ਰਭਾਵੀ ਖੇਤਰੀ ਤਾਲਮੇਲ ਨੇ ਇਸ ਲਕਸ਼ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਇਸ ਉਪਲਬਧੀ 'ਤੇ ਜਨਗਣਨਾ ਸੰਚਾਲਨ ਡਾਇਰੈਕਟਰ, ਚੰਡੀਗੜ੍ਹ, ਡਾ. ਨਵਜੋਤ ਖੋਸਾ, ਆਈਏਐਸ ਅਤੇ ਪ੍ਰਿੰਸੀਪਲ ਜਨਗਣਨਾ ਅਧਿਕਾਰੀ, ਚੰਡੀਗੜ੍ਹ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਨੇ ਇਸ ਕਾਰਜ ਵਿੱਚ ਜੁੜੇ ਸਾਰੇ ਅਧਿਕਾਰੀਆਂ ਅਤੇ ਫੀਲਡ ਸਟਾਫ਼ ਦੀ ਪ੍ਰਤੀਬੱਧਤਾ ਅਤੇ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਚੰਡੀਗੜ੍ਹ ਦੇ ਨਿਵਾਸੀਆਂ ਵੱਲੋਂ ਦਿੱਤੇ ਗਏ ਪੂਰਨ ਸਹਿਯੋਗ ਲਈ ਵੀ ਆਭਾਰ ਵਿਅਕਤ ਕੀਤਾ, ਜਿਸ ਨੇ ਇਸ ਮਹੱਤਵਪੂਰਨ ਰਾਸ਼ਟਰੀ ਕਿਰਜ ਨੂੰ ਸਫ਼ਲਤਾਪੂਰਵਕ ਸੰਪੰਨ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ।

ਜਨਗਣਨਾ ਸੰਚਾਲਨ ਡਾਇਰੈਕਟੋਰੇਟ, ਚੰਡੀਗੜ੍ਹ ਹੁਣ ਜਨਗਣਨਾ 2027 ਦੇ ਅਗਲੇ ਪੜਾਅ ਅਰਥਾਤ ਜਨਸੰਖਿਆ ਗਣਨਾ (Population Enumeration) ਲਈ ਪੂਰੀ ਤਰ੍ਹਾਂ ਤਿਆਰ ਹੈ, ਜੋ ਫਰਵਰੀ 2027 ਤੋਂ ਸ਼ੁਰੂ ਹੋਣ ਵਾਲੀ ਹੈ। ਇਸ ਦੇ ਸੁਚਾਰੂ ਅਤੇ ਸਫ਼ਲ ਲਾਗੂਕਰਨ ਲਈ ਸਾਰੀਆਂ ਜ਼ਰੂਰੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਜਨਗਣਨਾ ਵਿਭਾਗ ਸਾਰੇ ਹਿਤਧਾਰਕਾਂ ਅਤੇ ਨਾਗਰਿਕਾਂ ਦੇ ਸਹਿਯੋਗ ਅਤੇ ਸਹਿਭਾਗਿਤਾ ਲਈ ਹਾਰਦਿਕ ਧੰਨਵਾਦ ਵਿਅਕਤ ਕਰਦਾ ਹੈ। ਵਿਭਾਗ ਜਨਗਣਨਾ 2027 ਦੇ ਆਗਾਮੀ ਪੜਾਵਾਂ ਵਿੱਚ ਡੇਟਾ ਕੁਆਲਿਟੀ, ਅਪ੍ਰੇਸ਼ਨਲ ਉਤਕ੍ਰਿਸ਼ਟਤਾ ਅਤੇ ਲੋਕ ਸੇਵਾ ਦੇ ਉੱਚਤਮ ਮਿਆਰਾਂ ਨੂੰ ਬਣਾਈ ਰੱਖਣ ਲਈ ਪ੍ਰਤੀਬੱਧ ਹੈ।

# ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਫਿਲਮ ਦੇਖੀ ਨਾਲੰਦਾ ਮਹਾਵਿਹਾਰ ਦੀ ਵਿਸ਼ੇਸ਼ ਸਕ੍ਰੀਨਿੰਗ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਸ਼ੁਕਰਵਾਰ ਨੂੰ ਇੱਥੇ ਲੋਕ ਭਵਨ ਵਿੱਚ ਫਿਲਮ ਨਾਲੰਦਾ ਮਹਾਵਿਹਾਰ ਦੀ ਵਿਸ਼ੇਸ਼ ਸਕ੍ਰੀਨਿੰਗ ਦੇਖੀ। ਹਰਿਆਣਾ ਦੀ ਫਸਟ ਲੇਡੀ ਸ਼੍ਰੀਮਤੀ ਮਿਤਰਾ ਘੋਸ਼ ਵੀ ਇਸ ਮੌਕੇ ਤੇ ਮੌਜੂਦ ਰਹੀ।

ਇਸ ਮੌਕੇ ਤੇ ਆਪਣੇ ਸੰਬੋਧਨ ਵਿੱਚ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਇਸ ਫਿਲਮ ਨੂੰ ਸਿਨੇਮਾ ਦੇ ਮਜਬੂਤ ਮਾਧਿਅਮ ਨਾਲ ਦੇਸ਼ ਦੀ ਖੁਸ਼ਹਾਲ ਵਿਰਾਸਤ ਨੂੰ ਸਰੰਖਤ ਅਤੇ ਪ੍ਰੋਤਸਾਹਨ ਦੇਣ ਦਾ ਇੱਕ ਇਮਾਨਦਾਰ ਅਤੇ ਸ਼ਲਾਘਾਯੋਗ ਯਤਨ ਦਸਿਆ। ਉਨ੍ਹਾਂ ਨੇ ਕਿਹਾ ਕਿ ਨਾਲੰਦਾ ਸਿਰਫ ਇੱਕ ਵਿਦਿਅਕ ਅਦਾਰਾ ਨਹੀਂ ਸੀ, ਸਗੋ ਗਿਆਨ ਦਾ ਇੱਕ ਵਿਸ਼ਵ ਕੇਂਦਰ ਸੀ। ਜਿਸ ਨੇ ਵਿਸ਼ਵਭਰ ਤੋਂ ਹਜਾਰਾਂ ਵਿਦਵਾਨਾਂ ਅਤੇ ਗਿਆਨ ਦੇ ਜਿਜਿਆਸੂਆਂ ਨੂੰ ਆਪਣੀ ਵੱਲ ਆਕਰਸ਼ਿਤ ਕੀਤਾ। ਇਹ ਭਾਰਤ ਦੀ ਬੌਧਿਕ ਅਤੇ ਸਭਿਆਚਾਰਕ ਸ੍ਰੇਸਠਾ ਦਾ ਇੱਕ ਸ਼ਾਸ਼ਵਤ ਪ੍ਰਤੀਕ ਰਿਹਾ ਹੈ।

ਇਸ ਫਿਲਮ ਦਾ ਮੁੱਖ ਉਦੇਸ਼ ਸਮਾਜ ਵਿੱਚ ਜਾਗਰੁਕਤਾ ਉਤਪਨ ਕਰਨਾ ਅਤੇ ਲੋਕਾਂ ਨੂੰ ਉਨ੍ਹਾਂ ਮੁੱਲਾਂ ਤੇ ਚਿੰਤਨ ਲਈ ਪ੍ਰੇਰਿਤ ਕਰਨਾ ਹੈ, ਜੋ ਇੱਕ ਬਿਹਤਰ, ਵੱਧ ਜਿਮੇਵਾਰ ਅਤੇ ਸੋਹਿਰਦਪੂਰਣ ਸਮਾਜ ਦੇ ਨਿਰਮਾਣ ਵਿੱਚ ਸਹਾਇਕ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਨਾਲੰਦਾ ਮਹਾਵਿਹਾਰ ਮਨੋਰੰਜਨ ਦੇ ਨਾਲ-ਨਾਲ ਇੱਕ ਮਜਬੂਤ



ਸਮਾਜਿਕ ਸੰਦੇਸ਼ ਵੀ ਪੇਸ਼ ਕਰਦੀ ਹੈ, ਜੋ ਇਸ ਨੂੰ ਸਭਿਆਚਾਰਕ ਮਹਤੱਵ ਅਤੇ ਸਮਕਾਲੀ ਪ੍ਰਸੰਗਿਕਤਾ ਦੇ ਮੱਦੇਨਜਰ ਇੱਕ ਮਹਤੱਵਪੂਰਣ ਫਿਲਮ ਬਣਾਉਂਦੀ ਹੈ।

ਇਸ ਫਿਲਮ ਦੇ ਪ੍ਰੋਡਿਯੂਸਰ ਸ੍ਰੀ ਦੀਪਕ ਦੀਵਾਨ ਹੈ, ਜਦੋਂ ਕਿ ਇਸ ਦਾ ਨਿਦੇਸ਼ਨ ਸ੍ਰੀ ਅਰਵਿੰਦ ਗੁਪਤਾ ਨੇ ਕੀਤਾ ਹੈ।

ਇਸ ਮੌਕੇ ਤੇ ਹਰਿਆਣਾ ਦੀ ਸਾਬਕਾ ਮੁੱਖ ਸਕੱਤਰ ਸ੍ਰੀਮਤੀ ਕੇਸ਼ਨੀ ਆਨੰਦ ਅਰੋੜਾ, ਰਾਜਪਾਲ ਦੇ ਸਕੱਤਰ ਸ੍ਰੀ ਵਿਜੈਕੁਮਾਰ ਭਾਵਿਕੱਟੀ, ਰਾਜਪਾਲ ਦੇ ਏਡੀਸੀ ਸ੍ਰੀ ਧੀਰਜ ਸੇਤਿਆ ਅਤੇ ਫਿਲਮ ਦੀ ਕਾਸਟ ਅਤੇ ਕਰੂ ਦੇ ਮੈਂਬਰ ਵੀ ਮੌਜੂਦ ਰਹੇ।

# ਆਬਕਾਰੀ ਵਿਭਾਗ ਦੀ ਸੈਕਟਰ-9 ਦੇ ਰੈਸਟੋਰੈਂਟ ਤੇ ਛਾਪੇਮਾਰੀ; .ਗੈਰ-ਕਾਨੂੰਨੀ ਤੌਰ ਤੇ ਸਟੋਰੇਜ ਕੀਤੀ ਸ਼ਰਾਬ ਬਰਾਮਦ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ, ਆਬਕਾਰੀ ਅਤੇ ਟੈਕਸੇਸ਼ਨ ਕਮਿਸ਼ਨਰ, ਯੂ.ਟੀ. ਚੰਡੀਗੜ੍ਹ ਦੇ ਮਾਰਗਦਰਸ਼ਨ ਵਿੱਚ ਅਤੇ ਇੱਕ ਭਰੋਸੇਯੋਗ ਸਰੋਤ ਤੋਂ ਪ੍ਰਾਪਤ ਵਿਸ਼ੇਸ਼ ਸੂਚਨਾ ਦੇ ਅਧਾਰ 'ਤੇ ਆਬਕਾਰੀ ਵਿਭਾਗ ਨੇ ਸੈਕਟਰ-9, ਚੰਡੀਗੜ੍ਹ ਸਥਿਤ ਕਾਉਬੌਏ ਰੈਸਟੋਰੈਂਟ ਵਿੱਚ ਛਾਪੇਮਾਰੀ ਕੀਤੀ।ਇਹ ਕਾਰਵਾਈ ਸ਼੍ਰੀ ਭੂਪਿੰਦਰ ਰਾਣਾ, ਆਬਕਾਰੀ ਅਤੇ ਟੈਕਸੇਸ਼ਨ ਅਧਿਕਾਰੀ ਅਤੇ ਸ਼੍ਰੀ ਜਗਬੀਰ ਸਿੰਘ, ਆਬਕਾਰੀ ਇੰਸਪੈਕਟਰ ਦੀ ਅਗਵਾਈ ਵਿੱਚ ਵਿਭਾਗੀ ਅਧਿਕਾਰੀਆਂ ਦੀ ਟੀਮ ਦੁਆਰਾ ਕੀਤੀ ਗਈ।

ਨਿਰੀਖਣ ਦੇ ਦੌਰਾਨ ਪਰਿਸਰ ਤੋਂ ਬੜੀ ਮਾਤਰਾ ਵਿੱਚ ਸ਼ਰਾਬ ਦੀਆਂ ਬੋਤਲਾਂ ਬਰਾਮਦ ਕੀਤੀਆਂ ਗਈਆਂ। ਜਾਂਚ ਦੇ ਦੌਰਾਨ ਇਹ ਪਾਇਆ ਗਿਆ ਕਿ ਰੈਸਟੋਰੈਂਟ ਦੇ ਪਾਸ ਸ਼ਰਾਬ ਦੇ ਭੰਡਾਰਣ ਅਤੇ ਪਰੋਸਣ ਹਿਤ ਜ਼ਰੂਰੀ ਵੈਧ ਲਾਇਸੈਂਸ ਉਪਲਬਧ ਨਹੀਂ ਸੀ।

# ਕੁੱਲ ਹਿੰਦ ਕਿਸਾਨ ਸਭਾ ਅਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਆਯੋਜਿਤ ਜਲੰਧਰ ਵਿਖੇ ਸੂਬਾ ਪੱਧਰੀ ਰੈਲੀ

**ਜਲੰਧਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁੱਲ ਹਿੰਦ ਕਿਸਾਨ ਸਭਾ ਦੇ ਰਾਸ਼ਟਰੀ ਪ੍ਰਧਾਨ ਡਾਕਟਰ ਅਸ਼ੋਕ ਕੁਮਾਰ ਧਾਵਲੇ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਭਾਰਤ ਅਤੇ ਅਮਰੀਕਾ ਦਰਮਿਆਨ ਕੀਤਾ ਵਪਾਰ ਸਮਝੌਤਾ ਦੇਸ਼ ਦੀ ਆਰਥਿਕਤਾ ਅਤੇ ਖੇਤੀ ਨੂੰ ਬਰਬਾਦ ਕਰਕੇ ਰੱਖ ਦੇਵੇਗਾ। ਅਮਰੀਕਾ ਤੋਂ ਭਾਰਤ ਵਿੱਚ ਆਯਾਤ ਹੋਣ ਵਾਲੀਆਂ ਵਸਤਾਂ ਮੱਛੀ, ਦੁੱਧ,ਅੰਡੇ, ਸੋਇਆਬੀਨ ਆਦਿ ਟੈਰਿਫ਼ ਤੋਂ ਮੁਕਤ ਹੋਣਗੀਆਂ। ਇਸਦੇ ਉਲਟ ਭਾਰਤ ਤੋਂ ਅਮਰੀਕਾ ਨੂੰ ਨਿਰਯਾਤ ਵਸਤਾਂ 'ਤੇ 18 ਪ੍ਰਤੀਸ਼ਤ ਟੈਰਿਫ਼ ਲਗਾਇਆ ਜਾਵੇਗਾ।

ਡਾਕਟਰ ਧਾਵਲੇ ਅੱਜ ਇੱਥੇ ਕੁੱਲ ਹਿੰਦ ਕਿਸਾਨ ਸਭਾ ਅਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਆਯੋਜਿਤ ਸੂਬਾਈ ਵਿਸ਼ਾਲ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਰੈਲੀ ਦੀ ਪ੍ਰਧਾਨਗੀ ਸਾਥੀ ਮੇਜਰ ਸਿੰਘ ਭਿੱਖੀਵਿੰਡ ਸੂਬਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ ਅਤੇ ਸਾਥੀ ਸਤਪਾਲ ਸਿੰਘ ਬਨੂੜ ਸੂਬਾ ਪ੍ਰਧਾਨ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਨੇ ਕੀਤੀ।

ਪੰਜਾਬ ਦੇ ਕੋਨੇ ਕੋਨੇ ਵਿੱਚੋਂ ਪਹੁੰਚੇ ਹਜ਼ਾਰਾਂ ਕਿਰਤੀਆਂ ਕਿਸਾਨਾਂ ਨੇ ਲਾਲ ਝੰਡਿਆਂ ਨਾਲ ਉੱਘੇ ਦੇਸ਼ ਭਗਤ ਪੰਡਿਤ ਕਿਸ਼ੋਰੀ ਲਾਲ ਦੇ ਬੁੱਤ ਤੇ ਫੁੱਲ-ਮਾਲਾਵਾਂ ਭੇਂਟ ਕੀਤੀਆਂ।

ਕਿਸਾਨ ਆਗੂ ਨੇ ਕਿਹਾ ਕਿ ਅੱਜ ਦੇਸ਼ ਵਿੱਚ ਭਾਜਪਾ-ਆਰ.ਐਸ.ਐਸ. ਦੁਆਰਾ ਫਿਰਕੂ ਅਤੇ ਫਾਸ਼ੀਵਾਦੀ ਤਾਕਤਾਂ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਅਤੇ ਇਹ ਤਾਕਤਾਂ ਸਮਾਜ ਵਿੱਚ ਫਿਰਕੂ ਜ਼ਹਿਰ ਫੈਲਾ ਰਹੀਆਂ ਹਨ ਤਾਂ ਜੋ ਦੇਸ਼ ਵਿੱਚ ਫਿਰਕੂ ਫਾਸ਼ੀਵਾਦੀ ਅਤੇ ਸਾਮਰਾਜੀ ਕਾਰਪੋਰੇਟ ਘਰਾਣਿਆਂ ਦੇ ਗਠਜੋੜ ਵਿਰੁੱਧ ਦਿਨ-ਬ-ਦਿਨ ਤਿੱਖੀ ਹੋ ਰਹੀ ਕਿਰਤੀਆਂ ਕਿਸਾਨਾਂ ਅਤੇ ਵੱਖ ਵੱਖ ਵਰਗਾਂ ਦੀ ਲੜਾਈ ਨੂੰ ਖੁੰਢਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਭਾਜਪਾ-ਆਰ.ਐਸ.ਐਸ. ਵੱਲੋਂ ਦੇਸ਼ ਅੰਦਰ ਫਿਰਕੂ ਫਾਸ਼ੀਵਾਦੀ ਰੁਝਾਨਾਂ ਨੂੰ ਗਿਣੀ ਮਿਥੀ ਸਾਜ਼ਿਸ਼ ਤਹਿਤ ਤੇਜ਼ੀ ਨਾਲ ਪੈਦਾ ਕੀਤਾ ਜਾ ਰਿਹਾ ਹੈ। ਜਿਸਦਾ ਟਾਕਰਾ ਕਰਨ ਲਈ ਅਗਾਂਹਵਧੂ, ਜਮਹੂਰੀ ਅਤੇ ਧਰਮ ਨਿਰਪੱਖ ਤਾਕਤਾਂ ਨੂੰ ਇਕੱਠੇ ਹੋ ਕੇ ਇਸਦਾ ਮੁਕਾਬਲਾ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਢੀਠਤਾਈ ਨਾਲ ਅਮਰੀਕਾ ਸਾਮਰਾਜ ਦੇ ਥੱਲੇ ਲੱਗ ਕੇ ਕਠਪੁੱਤਲੀ ਬਣੀ ਹੋਈ ਹੈ ਅਤੇ ਆਪਣੀ ਆਜ਼ਾਦਾਨਾ ਭੂਮਿਕਾ ਨਹੀਂ ਨਿਭਾ ਰਹੀ। ਇਸਦੇ ਫਲਸਰੂਪ ਦੇਸ਼ ਦੀ ਆਰਥਿਕਤਾ ਦਿਨੋਂ ਦਿਨ ਨਿੱਘਰ ਰਹੀ ਹੈ। ਸਮਾਜ ਦੇ ਹਰ ਵਰਗ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਅਤੇ ਗੁੱਸਾ ਹੈ। ਡਾਕਟਰ ਧਾਵਲੇ ਨੇ ਭਵਿੱਖ ਦੇ ਸਮੇਂ ਨੂੰ ਚੁਣੌਤੀਆਂ ਭਰਪੂਰ ਆਖਦਿਆਂ ਦੋਵਾਂ ਜਥੇਬੰਦੀਆਂ ਦੇ ਆਗੂਆਂ ਨੂੰ ਸੱਦਾ ਦਿੱਤਾ ਕਿ ਸਥਾਨਕ ਪੱਧਰ 'ਤੇ ਸੰਘਰਸ਼ਾਂ ਨੂੰ ਤਿੱਖਾ ਕਰਨ ਅਤੇ ਕਿਸਾਨਾਂ-ਖੇਤ ਮਜ਼ਦੂਰਾਂ ਦੀ ਤਾਕਤ ਨੂੰ ਜਥੇਬੰਦਕ ਤੌਰ 'ਤੇ ਮਜ਼ਬੂਤ ਕਰਨ।

ਇਸ ਮੌਕੇ 'ਤੇ ਸੀ.ਪੀ.ਆਈ.(ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਅੱਜ ਦੇਸ਼ ਪੱਧਰ 'ਤੇ ਸਮੇਤ ਪੰਜਾਬ ਵਿੱਚ ਫਿਰਕੂ ਫਾਸ਼ੀਵਾਦੀ ਧਿਰਾਂ ਦੇ ਖਤਰਨਾਕ ਮਨਸੂਬਿਆਂ ਨੂੰ ਆਮ ਜਨਤਾ ਵਿੱਚ ਨੰਗਾ ਕਰਨ ਤੋਂ ਬਿਨਾਂ ਮਜ਼ਦੂਰਾਂ ਕਿਸਾਨਾਂ ਦੀ ਮਜ਼ਬੂਤ ਲਹਿਰ ਦੀ ਉਸਾਰੀ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਇਤਿਹਾਸਕ ਪਿਛੋਕੜ ਦਰਸਾਉਂਦਾ ਹੈ ਕਿ ਸਾਮਰਾਜੀ ਕਾਰਪੋਰੇਟ ਤਾਕਤਾਂ ਦੇ ਆਰਥਿਕ ਲੁੱਟ ਖਸੁੱਟ ਦੇ ਰਾਹ ਨੂੰ ਪੱਧਰਾ ਕਰਨ ਵਿੱਚ ਫਿਰਕੂ ਫਾਸ਼ੀਵਾਦੀ ਤਾਕਤਾਂ ਆਮ ਜਨਤਾ ਵਿੱਚ ਫਿਰਕੂ ਵੰਡੀਆਂ ਪਾ ਕੇ ਸ਼ੰਘਰਸ਼ਾਂ ਨੂੰ ਸੱਟ ਮਾਰਦੀਆਂ ਹਨ। ਉਨ੍ਹਾਂ ਕਿਹਾ ਕਿ ਆਰਥਿਕ ਮੰਗਾਂ ਮਸਲਿਆਂ 'ਤੇ ਲੜਾਈ ਤਿੱਖੀ ਕਰਨ ਦੇ ਨਾਲ ਨਾਲ ਫਿਰਕੂ ਫਾਸ਼ੀਵਾਦੀ ਤਾਕਤਾਂ ਵਿਰੁੱਧ ਜ਼ਮੀਨੀ ਪੱਧਰ 'ਤੇ ਲੜਾਈ ਤੇਜ਼ ਕਰਨੀ ਹੋਵੇਗੀ।

ਕਾਮਰੇਡ ਸੇਖੋਂ ਨੇ ਕਿਹਾ ਕਿ ਪੰਜਾਬ ਦਾ ਗੌਰਵਮਈ ਅਤੇ ਇਤਿਹਾਸਕ ਵਿਰਸਾ ਹੈ ਕਿ ਫਿਰਕੂ ਤਾਕਤਾਂ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ ਹੈ ਅਤੇ ਇਨ੍ਹਾਂ ਤਾਕਤਾਂ ਵਿਰੁੱਧ ਪੰਜਾਬੀਆਂ ਨੇ ਇੱਕਜੁੱਟ ਹੋ ਕੇ ਬੇਕਿਰਕੀ ਨਾਲ ਲੜਾਈ ਲੜੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬੀਆਂ ਦੀਆਂ ਆਸਾਂ ਉਮੀਦਾਂ 'ਤੇ ਖਰੀ ਨਹੀਂ ਉੱਤਰੀ।

ਸੂਬੇ ਦੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਸਮੇਤ ਹਰ ਵਰਗ ਦੇ ਲੋਕ ਸੰਘਰਸ਼ਾਂ ਦੇ ਰਾਹ ਪਏ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ। ਨਿੱਤ ਦਿਨ ਕਤਲ,ਅਗਵਾ, ਲੁੱਟ ਖੋਹ, ਫ਼ਿਰੌਤੀਆਂ ਆਦਿ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਇਸ ਮੌਕੇ 'ਤੇ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਰਾਸ਼ਟਰੀ ਜੁਆਇੰਟ ਸਕੱਤਰ ਡਾਕਟਰ ਵਿਕਰਮ ਸਿੰਘ ਨੇ ਕਿਹਾ ਕਿ ਅੱਜ ਦੇਸ਼ ਦੇ ਪੇਂਡੂ ਖੇਤਰ ਦੇ ਮਜ਼ਦੂਰਾਂ ਕੋਲ ਰੁਜ਼ਗਾਰ ਦਾ ਕੋਈ ਵਸੀਲਾ ਨਹੀਂ। ਮੋਦੀ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨ ਨਾਲ ਸਰਕਾਰ ਦਾ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ।

ਖੇਤ ਮਜਦੂਰ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਅਮਰੀਕਾ ਸਾਮਰਾਜ ਦੁਆਰਾ ਸੇਧਤ ਨਵ ਉਦਾਰਵਾਦੀ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰ ਰਹੀ ਹੈ ਜਿਸ ਕਾਰਨ ਹਰ ਵਰਗ ਦੇ ਲੋਕਾਂ ਦਾ ਜਿਉਣਾ ਦੁੱਭਰ ਹੋਇਆ ਪਿਆ ਹੈ। ਦੇਸ਼ ਅੰਦਰ ਮਹਿੰਗਾਈ , ਭੁੱਖਮਰੀ, ਬੇਰੁਜ਼ਗਾਰੀ, ਗਰੀਬੀ, ਭ੍ਰਿਸ਼ਟਾਚਾਰ ਲਗਾਤਾਰ ਵਧ ਰਿਹਾ ਹੈ। ਦੂਜੇ ਪਾਸੇ ਸਰਕਾਰ ਮੁੱਠੀ ਭਰ ਅਮੀਰ ਕਾਰਪੋਰੇਟ ਘਰਾਣਿਆਂ ਨੂੰ ਖੁੱਲੇ ਗੱਫੇ ਦੇ ਰਹੀ ਹੈ ਅਤੇ ਇੰਨ੍ਹਾਂ ਘਰਾਣਿਆਂ ਦੀ ਸੰਪਤੀ ਵਿੱਚ ਬੇਸ਼ੁਮਾਰ ਵਾਧਾ ਹੋ ਰਿਹਾ ਹੈ।

ਇਸ ਮੌਕੇ 'ਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਸਾਥੀ ਮੇਜਰ ਸਿੰਘ ਭਿੱਖੀਵਿੰਡ, ਸੂਬਾ ਜਨਰਲ ਸਕੱਤਰ ਸਾਥੀ ਬਲਜੀਤ ਸਿੰਘ ਗਰੇਵਾਲ ਅਤੇ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਸਾਥੀ ਸਤਪਾਲ ਸਿੰਘ ਬਨੂੜ, ਸੂਬਾ ਜਨਰਲ ਸਕੱਤਰ ਸਾਥੀ ਚਮਕੌਰ ਸਿੰਘ ਖੇੜੀ ਨੇ ਮੰਗ ਕੀਤੀ ਕਿ ਮਨਰੇਗਾ ਕਾਨੂੰਨ ਬਹਾਲ ਕੀਤਾ ਜਾਵੇ,ਬਿਜਲੀ ਬਿੱਲ ਵਾਪਸ ਲਿਆ ਜਾਵੇ,ਬੀਜ ਬਿੱਲ ਵਾਪਸ ਲਿਆ ਜਾਵੇ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕੀਤੇ ਜਾਣ, ਆਬਾਦਕਾਰ ਕਿਸਾਨਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਜਾਣ, ਖੇਤ ਮਜ਼ਦੂਰਾਂ ਅਤੇ ਹੋਰ ਗਰੀਬਾਂ ਨੂੰ ਰਿਹਾਇਸ਼ੀ ਪਲਾਟ ਦਿੱਤੇ ਜਾਣ ਅਤੇ ਮੁਕਤ ਵਪਾਰ ਸੰਧੀਆਂ ਰੱਦ ਕੀਤੀਆਂ ਜਾਣ।

ਇਸ ਸੂਬਾਈ ਰੈਲੀ ਮੌਕੇ ਹੋਰਨਾਂ ਤੋਂ ਇਲਾਵਾ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਆਗੂ ਕਾਮਰੇਡ ਭੂਪ ਚੰਦ ਚੰਨੋਂ, ਕਾਮਰੇਡ ਗੁਰਮੇਸ਼ ਸਿੰਘ, ਕਾਮਰੇਡ ਸੁਖਪ੍ਰੀਤ ਸਿੰਘ ਜੌਹਲ, ਕਾਮਰੇਡ ਗੁਰਦਰਸ਼ਨ ਸਿੰਘ ਖਾਸਪੁਰ, ਕਾਮਰੇਡ ਸਵਰਨਜੀਤ ਸਿੰਘ ਦਲਿਓ, ਕਾਮਰੇਡ ਸੋਢੀ ਲਾਲ ਉੱਪਲ ਭੂਪਾ, ਕਾਮਰੇਡ ਹਰਬੰਸ ਸਿੰਘ ਧੂਤ, ਕਾਮਰੇਡ ਸਤਨਾਮ ਸਿੰਘ ਬੜੈਚ,ਕਾਮਰੇਡ ਧਰਮਪਾਲ ਸਿੰਘ ਸੀਲ, ਕਾਮਰੇਡ ਗੁਰਨੇਕ ਸਿੰਘ ਭੱਜਲ,ਕਾਮਰੇਡ ਜਸਵੀਰ ਸਿੰਘ ਝਬਾਲ, ਕਾਮਰੇਡ ਹੁਸਨ ਸਿੰਘ ਮਾਂਗਟ, ਕਾਮਰੇਡ ਸੁਰਜੀਤ ਸਿੰਘ ਗਗੜਾ, ਕਾਮਰੇਡ ਜਸਵਿੰਦਰ ਸਿੰਘ ਢੇਰ, ਕਾਮਰੇਡ ਲਖਵਿੰਦਰ ਸਿੰਘ ਮਰੜ, ਕਾਮਰੇਡ ਬਲਦੇਵ ਸਿੰਘ ਲਤਾਲਾ, ਡਾਕਟਰ ਗੁਰਵਿੰਦਰ ਸਿੰਘ, ਕਾਮਰੇਡ ਮੇਜਰ ਸਿੰਘ ਮੁਕਤਸਰ, ਕਾਮਰੇਡ ਤੇਜਾ ਸਿੰਘ ਬੜੈਚ, ਕਾਮਰੇਡ ਨਿੱਕਾ ਸਿੰਘ ਖੇੜਾ, ਕਾਮਰੇਡ ਹੀਰਾ ਸਿੰਘ, ਕਾਮਰੇਡ ਰਾਜਿੰਦਰ ਸਿੰਘ ਡੋਡ, ਡੀ.ਵਾਈ.ਐਫ.ਆਈ. ਦੇ ਸੂਬਾ ਸਕੱਤਰ ਸਾਥੀ ਸੁਖਦੀਪ ਸਿੰਘ ਗਰੇਵਾਲ ਆਦਿ ਵੀ ਮੌਜੂਦ ਸਨ।

ਇਸ ਰੈਲੀ ਮੌਕੇ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਕਾਮਰੇਡ ਪਿਨਾਰਾਇ ਵਿਜੀਜਨ ਦੇ ਘਰ ਈ.ਡੀ. ਵੱਲੋਂ ਰੇਡ ਮਾਰਨ ਦੇ ਵਿਰੁੱਧ, ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਦੇ ਵਾਧੇ ਵਿਰੁੱਧ ਅਤੇ ਮਹਿੰਗਾਈ ਖ਼ਿਲਾਫ਼, ਆਬਾਦਕਾਰ ਕਿਸਾਨਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦੇਣ, ਪੰਜਾਬ ਦੀ ਅਮਨ ਕਾਨੂੰਨ ਦੀ ਵਿਗੜ ਰਹੀ ਸਥਿਤੀ, ਕੋ-ਅਪਰੇਟਿਵ ਸੁਸਾਇਟੀਆਂ ਦੇ ਹੱਦ ਕਰਜ਼ੇ ਵਧਾਉਣ ਸਬੰਧੀ ਸਰਕੂਲਰ ਵਾਪਸ ਲੈਣ ਵਿਰੁੱਧ, ਖੇਤੀ ਖਾਦਾਂ ਦੀ ਵਧੀਆ ਕੁਆਲਟੀ ਯਕੀਨੀ ਬਣਾਉਣ ਅਤੇ ਨਿਰਵਿਘਨ ਸਪਲਾਈ ਸਬੰਧੀ ਮਤੇ ਪਾਸ ਕੀਤੇ ਗਏ।

# ਚੰਡੀਗੜ੍ਹ ਪ੍ਰਸ਼ਾਸਨ ਨੇ ਇੰਡਸਟ੍ਰੀਅਲ ਪਲਾਟਾਂ ਦੇ ਟੁਕੜੇ ਕਰਨ ਸਬੰਧੀ ਚੰਡੀਗੜ੍ਹ ਮਾਸਟਰ ਪਲਾਨ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪ੍ਰਸ਼ਾਸਨ ਨੇ ਇੰਡਸਟ੍ਰੀਅਲ ਏਰੀਆ ਫੇਜ਼-1 ਅਤੇ ਫੇਜ਼-2, ਚੰਡੀਗੜ੍ਹ ਵਿੱਚ ਇੰਡਸਟ੍ਰੀਅਲ ਪਲਾਟਾਂ ਦੇ ਟੁਕੜੇ ਕਰਨ ਸਬੰਧੀ ਚੰਡੀਗੜ੍ਹ ਮਾਸਟਰ ਪਲਾਨ (ਸੀਐੱਮਪੀ/ - 2031 ਵਿੱਚ ਪ੍ਰਸਤਾਵਿਤ ਸੰਸ਼ੋਧਨਾਂ ਦੇ ਸਬੰਧ ਵਿੱਚ ਇੱਕ ਜ਼ਮੀਮਾ (ਐਡੈਂਡਮ/ 1445©4"$) ਜਾਰੀ ਕੀਤਾ ਹੈ। ਇਹ ਕਦਮ ਇੰਡਸਟ੍ਰੀਅਲ ਭੂਮੀ ਦੇ ਅਧਿਕਤਮ ਅਤੇ ਪ੍ਰਭਾਵੀ ਉਪਯੋਗ ਨੂੰ ਪ੍ਰੋਤਸਾਹਿਤ ਕਰਨ ਹਿਤ ਚਲਾਈ ਜਾ ਰਹੀ ਡੀ-ਰੇਗੂਲੇਸ਼ਨ ਮੁਹਿੰਮ ਦੇ ਤਹਿਤ ਉਠਾਇਆ ਗਿਆ ਹੈ।

ਇਹ ਜ਼ਮੀਮਾ (ਐਡੈਂਡਮ/1445©4"$) ਮਾਣਯੋਗ ਪ੍ਰਸ਼ਾਸਕ, ਕੇਂਦਰ ਸ਼ਾਸਿਤ ਪ੍ਰਦੇਸ਼, ਚੰਡੀਗੜ੍ਹ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਹੈ ਅਤੇ 22 ਮਈ, 2026 ਨੂੰ ਅਧਿਸੂਚਿਤ ਕੀਤੇ ਗਏ ਪ੍ਰਸਤਾਵਿਤ ਸੰਸ਼ੋਧਨਾਂ ਦੇ ਕ੍ਰਮ ਵਿੱਚ ਪੜ੍ਹਿਆ ਜਾਵੇਗਾ। ਇਸ ਦਾ ਉਦੇਸ਼ ਇੰਡਸਟ੍ਰੀਅਲ ਏਰੀਆ ਫੇਜ਼-1 ਅਤੇ ਫੇਜ਼-2, ਚੰਡੀਗੜ੍ਹ ਵਿੱਚ ਬੜੇ ਇੰਡਸਟ੍ਰੀਅਲ ਪਲਾਟਾਂ ਦੇ ਅਧਿਕਤਮ ਅਤੇ ਪ੍ਰਭਾਵੀ ਉਪਯੋਗ ਨੂੰ ਸੁਗਮ ਬਣਾਉਣਾ ਹੈ।

ਡੀ-ਰੈਗੂਲੇਸ਼ਨ-99 ਦੇ ਤਹਿਤ ਇਹ ਪ੍ਰਸਤਾਵਿਤ ਕੀਤਾ ਗਿਆ ਹੈ ਕਿ ਇੰਡਸਟ੍ਰੀਅਲ ਏਰੀਆ ਫੇਜ਼-1 ਅਤੇ ਫੇਜ਼-2, ਚੰਡੀਗੜ੍ਹ ਵਿੱਚ ਬੜੇ ਇੰਡਸਟ੍ਰੀਅਲ ਪਲਾਟਾਂ ਨੂੰ ਛੋਟੇ ਪਲਾਟਾਂ ਵਿੱਚ ਵੰਡਣ ਦੀ ਇਜਾਜ਼ਤ ਦਿੱਤੀ ਜਾਵੇ, ਬਸ਼ਰਤੇ ਸੰਸ਼ੋਧਿਤ ਪਲਾਨਿੰਗ ਅਤੇ ਜ਼ੋਨਿੰਗ ਨੂੰ ਪ੍ਰਵਾਨਗੀ ਪ੍ਰਾਪਤ ਹੋਵੇ ਅਤੇ ਲਾਗੂ ਨੀਤੀ ਦੇ ਤਹਿਤ ਨਿਰਧਾਰਿਤ ਹੋਰ ਸ਼ਰਤਾਂ ਦਾ ਅਨੁਪਾਲਨ ਕੀਤਾ ਜਾਵੇ।

ਅਜਿਹੇ ਫ੍ਰੈਗਮੈਂਟੇਸ਼ਨ ਨੂੰ ਨਿਯੰਤ੍ਰਿਤ ਕਰਨ ਵਾਲੀ ਨੀਤੀ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਵੱਖਰੇ ਤੌਰ 'ਤੇ ਅਧਿਸੂਚਿਤ ਕੀਤਾ ਜਾਵੇਗਾ।

ਇਸ ਅਨੁਸਾਰ, ਸੀਐੱਮਪੀ -2031 ਦੇ ਅਧਿਆਇ-16 ਜੋ ਉਦਯੋਗਿਕ ਖੇਤਰਾਂ ਲਈ ਵਿਕਾਸ ਨਿਯੰਤ੍ਰਣ ਅਤੇ ਰੈਗੂਲੇਸ਼ਨਾਂ ਨਾਲ ਸਬੰਧਿਤ ਹੈ, ਵਿੱਚ ਵਰਤਮਾਨ ਪ੍ਰਾਵਧਾਨ, ਜਿਸ ਵਿੱਚ ਫ੍ਰੈਗਮੈਂਟੇਸ਼ਨ ਦੀ ਇਜਾਜ਼ਤ ਨਹੀਂ ਹੈ, ਨੂੰ ਹਟਾ ਕੇ ਇਹ ਪ੍ਰਾਵਧਾਨ ਪ੍ਰਸਤਾਵਿਤ ਕੀਤਾ ਗਿਆ ਹੈ ਕਿ ਫ੍ਰੈਗਮੈਂਟੇਸ਼ਨ ਸਬੰਧੀ ਮਾਪਦੰਡ ਚੰਡੀਗੜ੍ਹ ਪ੍ਰਸ਼ਾਸਨ ਦੀ ਲਾਗੂ ਨੀਤੀ ਦੇ ਅਨੁਸਾਰ ਹੋਣਗੇ, ਜੋ ਸੰਸ਼ੋਧਿਤ ਪਲਾਨਿੰਗ ਅਤੇ ਜ਼ੋਨਿੰਗ ਦੀ ਪ੍ਰਵਾਨਗੀ ਅਤੇ ਹੋਰ ਜਿਸ ਵਿੱਚ ਫ੍ਰੈਗਮੈਂਟੇਸ਼ਨ ਦੀ ਇਜਾਜ਼ਤ ਨਹੀਂ ਹੈ, ਨੂੰ ਹਟਾ ਕੇ ਇਹ ਪ੍ਰਾਵਧਾਨ ਫ੍ਰੈਗਮੈਂਟੇਸ਼ਨ ਸਬੰਧੀਨਿਰਧਾਰਿਤ ਸ਼ਰਤਾਂ ਦੀ ਪੂਰਤੀ ਦੇ ਅਧੀਨ ਹੋਣਗੇ।

# ਫਰੀਦਾਬਾਦ ਵਿੱਚ ਮਸਜਿਦ ਅਤੇ ਮੰਦਰਾਂ 'ਤੇ ਚੱਲੇ ਬੁਲਡੋਜ਼ਰ

**ਫਰੀਦਾਬਾਦ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਫਰੀਦਾਬਾਦ ਪ੍ਰਸ਼ਾਸਨ ਨੇ ਅੱਜ ਤੜਕੇ ਆਰ.ਆਰ.ਟੀ.ਐੱਸ. ਕੋਰੀਡੋਰ ਅਤੇ ਐਲੀਵੇਟਿਡ ਰੋਡ ਦੀ ਤਿਆਰੀ ਲਈ ਐਨ.ਆਈ.ਟੀ.-3, ਮਸਜਿਦ ਚੌਕ ਵਿਖੇ 700 ਗਜ਼ ਦੀ ਮਸਜਿਦ ਸਮੇਤ ਕਈ ਨਾਜਾਇਜ਼ ਉਸਾਰੀਆਂ ਨੂੰ ਢਾਹ ਦਿੱਤਾ। ਇਸ ਡਿਮੋਲੀਸ਼ਨ (ਢਾਹ-ਢੇਰੀ) ਮੁਹਿੰਮ ਦੌਰਾਨ ਦੋ ਮੰਦਰਾਂ ਨੂੰ ਵੀ ਢਾਹਿਆ ਗਿਆ।

ਇਹ ਢਾਹ-ਢੇਰੀ ਮੁਹਿੰਮ ਅੱਜ ਸਵੇਰੇ 4:00 ਵਜੇ ਸ਼ੁਰੂ ਕੀਤੀ ਗਈ ਸੀ, ਜਿਸ ਲਈ ਨਗਰ ਨਿਗਮ ਨੇ ਪਹਿਲਾਂ ਹੀ ਵਿਆਪਕ ਤਿਆਰੀਆਂ ਕਰ ਲਈਆਂ ਸਨ। ਕਾਨੂੰਨ ਅਤੇ ਵਿਵਸਥਾ ਦੀ ਕੋਈ ਸਮੱਸਿਆ ਪੈਦਾ ਨਾ ਹੋਵੇ, ਇਸ ਲਈ ਭਾਰੀ ਪੁਲੀਸ ਫੋਰਸ ਤਾਇਨਾਤ ਕੀਤੀ ਗਈ ਸੀ ਅਤੇ ਪੂਰੇ ਖੇਤਰ ਦੀ ਨੇੜਿਓਂ ਨਿਗਰਾਨੀ ਕੀਤੀ ਗਈ ਸੀ।

ਸ਼ੁੱਕਰਵਾਰ ਨੂੰ, ਹਰਿਆਣਾ ਸਰਕਾਰ ਦੇ ਗ੍ਰਹਿ ਵਿਭਾਗ ਨੇ ਕਾਨੂੰਨ ਵਿਵਸਥਾ ਅਤੇ ਜਨਤਕ ਸ਼ਾਂਤੀ ਬਣਾਈ ਰੱਖਣ ਲਈ ਫਰੀਦਾਬਾਦ ਜ਼ਿਲ੍ਹੇ ਦੇ ਐਨ.ਆਈ.ਟੀ. ਜ਼ੋਨ ਵਿੱਚ ਇੱਕ ਨਿਸ਼ਚਿਤ ਘੇਰੇ ਦੇ ਅੰਦਰ ਮੋਬਾਈਲ ਇੰਟਰਨੈੱਟ, ਬਲਕ ਐੱਸ.ਐੱਮ.ਐੱਸ. ਅਤੇ ਡੋਂਗਲ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਦਾ ਹੁਕਮ ਜਾਰੀ ਕੀਤਾ ਸੀ। ਇਹ ਕਦਮ ਅੱਜ ਖੇਤਰ ਵਿੱਚ ਪ੍ਰਸਤਾਵਿਤ ਇੱਕ ਵੱਡੀ ਢਾਹ-ਢੇਰੀ ਮੁਹਿੰਮ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਫਰੀਦਾਬਾਦ ਨਗਰ ਨਿਗਮ ਨੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਹੁਕਮਾਂ 'ਤੇ ਇਹ ਕਾਰਵਾਈ ਕੀਤੀ ਹੈ।

ਪੁਲਿਸ ਨੇ ਰਾਤ ਕਰੀਬ 2:00 ਵਜੇ ਮਸਜਿਦ ਚੌਕ ਦੇ ਅੰਦਰ ਅਤੇ ਆਲੇ-ਦੁਆਲੇ ਬੈਰੀਕੇਡ ਲਗਾਉਣੇ ਸ਼ੁਰੂ ਕਰ ਦਿੱਤੇ ਸਨ। ਕਈ ਪ੍ਰਮੁੱਖ ਸੜਕਾਂ 'ਤੇ ਆਵਾਜਾਈ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਗਈ ਸੀ ਅਤੇ ਵਾਹਨਾਂ ਨੂੰ ਬਦਲਵੇਂ ਰੂਟਾਂ 'ਤੇ ਡਾਇਵਰਟ ਕਰ ਦਿੱਤਾ ਗਿਆ ਸੀ।

ਸੰਚਾਲਨ ਨੂੰ ਸੁਚਾਰੂ ਬਣਾਉਣ ਲਈ ਕਾਰਵਾਈ ਵਾਲੀ ਥਾਂ ਦੇ ਆਲੇ-ਦੁਆਲੇ ਲੋਕਾਂ ਅਤੇ ਵਾਹਨਾਂ ਦੀ ਆਵਾਜਾਈ ਨੂੰ ਪੂਰੀ ਤਰ੍ਹਾਂ ਸੀਮਤ ਕਰ ਦਿੱਤਾ ਗਿਆ ਸੀ। ਨਿਗਮ ਨੇ ਕਈ ਅਰਥਮੂਵਿੰਗ ਮਸ਼ੀਨਾਂ ਦੀ ਵਰਤੋਂ ਕਰਕੇ ਮਸਜਿਦ ਅਤੇ ਹੋਰ ਢਾਂਚਿਆਂ ਨੂੰ ਹਟਾ ਦਿੱਤਾ।

## ਸੰਪਾਦਕੀ

# ਇਨਸਾਫ਼ ਦਾ ਘਾਣ

ਸੁਪਰੀਮ ਕੋਰਟ ਨੇ 'ਮੁਕੰਮਲ ਇਨਸਾਫ਼' ਦੇਣ ਦੇ ਮਕਸਦ ਨਾਲ ਸੰਵਿਧਾਨ ਦੀ ਧਾਰਾ 142 ਦੀ ਵਰਤੋਂ ਕਰਦੇ ਹੋਏ ਸਾਰੀਆਂ ਹਾਈਕੋਰਟਾਂ ਨੂੰ ਫ਼ੈਸਲੇ ਸੁਣਾਉਣ ਵਿੱਚ ਹੁੰਦੀ ਦੇਰੀ ਨੂੰ ਨੱਥ ਪਾਉਣ ਦੇ ਨਿਰਦੇਸ਼ ਦਿੱਤੇ ਹਨ। ਫ਼ੈਸਲਿਆਂ ਲਈ ਤੈਅ ਕੀਤੀ ਗਈ ਸਮਾਂ-ਸੀਮਾ (ਆਦੇਸ਼ ਸੁਰੱਖਿਅਤ ਰੱਖਣ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਫ਼ੈਸਲਾ ਸੁਣਾਉਣਾ) ਸਹੀ ਦਿਸ਼ਾ ਵੱਲ ਇੱਕ ਸ਼ਲਾਘਾਯੋਗ ਕਦਮ ਹੈ। ਫ਼ੈਸਲਿਆਂ ਵਿੱਚ ਦੇਰੀ ਸਿਰਫ਼ ਪ੍ਰਸ਼ਾਸਨਿਕ ਲਾਪਰਵਾਹੀ ਨਹੀਂ ਸਗੋਂ ਇਹ ਆਪਣੇ ਆਪ ਵਿੱਚ ਇਨਸਾਫ਼ ਦਾ ਘਾਣ ਹੈ।

ਪ੍ਰੇਸ਼ਾਨ ਕਰਨ ਵਾਲੀ ਇਸ ਹਕੀਕਤ ਨੂੰ ਅਦਾਲਤ ਨੇ ਇੱਕ ਵਾਰ ਫਿਰ ਸਵੀਕਾਰ ਕੀਤਾ ਹੈ। ਅਨਿਲ ਰਾਏ ਕੇਸ (2001) ਵਿੱਚ ਸੁਪਰੀਮ ਕੋਰਟ ਨੇ ਹਾਈਕੋਰਟ ਦੇ ਜੱਜਾਂ ਦੀ ਇਸ ਚਿੰਤਾਜਨਕ ਆਦਤ ਦਾ ਜ਼ਿਕਰ ਕੀਤਾ, ਜਿਸ ਤਹਿਤ ਉਹ ਪਹਿਲਾਂ ਫ਼ੈਸਲੇ ਸੁਰੱਖਿਅਤ ਰੱਖ ਲੈਂਦੇ ਹਨ, ਫਿਰ ਮਹੀਨਿਆਂ ਜਾਂ ਸਾਲਾਂ ਤੱਕ ਫ਼ੈਸਲਾ ਨਹੀਂ ਸੁਣਾਉਂਦੇ ਜਾਂ ਫਿਰ ਸਿਰਫ਼ ਫ਼ੈਸਲੇ ਦਾ ਮੁੱਖ ਹਿੱਸਾ ਸੁਣਾ ਦਿੰਦੇ ਹਨ ਅਤੇ ਪੂਰੀ ਤਫ਼ਸੀਲ (ਕਾਰਨ) ਬਾਅਦ ਵਿੱਚ ਲਿਖਵਾਉਣ ਦਾ ਵਾਅਦਾ ਕਰਦੇ ਹਨ, ਜੋ ਕਿ ਕਈ ਮਾਮਲਿਆਂ ਵਿੱਚ ਕਦੇ ਪੂਰਾ ਹੀ ਨਹੀਂ ਹੁੰਦਾ।

ਜਦੋਂ ਕੇਸਾਂ ਨੂੰ ਅਣਮਿੱਥੇ ਸਮੇਂ ਲਈ 'ਫ਼ੈਸਲੇ ਲਈ ਸੁਰੱਖਿਅਤ' ਰੱਖ ਲਿਆ ਜਾਂਦਾ ਹੈ ਤਾਂ ਪੀੜਤਾਂ ਨੂੰ ਭਾਰੀ ਮਾਨਸਿਕ ਪ੍ਰੇਸ਼ਾਨੀ ਵਿੱਚੋਂ ਲੰਘਣਾ ਪੈਂਦਾ ਹੈ। ਸੁਣਵਾਈ ਪੂਰੀ ਹੋਣ ਦੇ ਬਾਵਜੂਦ ਹਵਾਲਾਤੀ ਜੇਲ੍ਹਾਂ ਵਿੱਚ ਸੜਦੇ ਰਹਿੰਦੇ ਹਨ ਜਦਕਿ ਪੀੜਤ ਅਤੇ ਉਨ੍ਹਾਂ ਦੇ ਪਰਿਵਾਰ ਅਨਿਸ਼ਚਿਤਤਾ ਦੇ ਮਾਹੌਲ ਵਿੱਚ ਜਿਊਣ ਲਈ ਮਜਬੂਰ ਹੁੰਦੇ ਹਨ। ਸੁਪਰੀਮ ਕੋਰਟ ਦਾ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਜ਼ਮਾਨਤ ਦੇ ਆਦੇਸ਼ ਉਸੇ ਦਿਨ ਜਾਂ ਅਗਲੇ ਦਿਨ ਤੱਕ ਜ਼ਰੂਰ ਜਾਰੀ ਕੀਤੇ ਜਾਣ। ਇਹ ਕਦਮ ਮਾਨਵੀ ਪਹਿਲੂ ਤੋਂ ਵੀ ਅਤੇ ਸੰਵਿਧਾਨਕ ਤੌਰ 'ਤੇ ਵੀ ਬੇਹੱਦ ਜ਼ਰੂਰੀ ਹੈ।

ਸੁਪਰੀਮ ਕੋਰਟ ਵੱਲੋਂ ਪਾਰਦਰਸ਼ਤਾ 'ਤੇ ਦਿੱਤਾ ਗਿਆ ਜ਼ੋਰ ਸਵਾਗਤਯੋਗ ਹੈ। ਹਾਈਕੋਰਟਾਂ ਨੂੰ 24 ਘੰਟਿਆਂ ਦੇ ਅੰਦਰ ਫ਼ੈਸਲੇ ਅਪਲੋਡ ਕਰਨ ਅਤੇ ਫ਼ੈਸਲਾ ਸੁਰੱਖਿਅਤ ਰੱਖਣ, ਸੁਣਾਉਣ ਤੇ ਅਪਲੋਡ ਕਰਨ ਦੀ ਸਮਾਂ-ਸੀਮਾ ਨੂੰ ਜਨਤਕ ਕਰਨ ਦੇ ਨਿਰਦੇਸ਼ ਦੇ ਕੇ ਨਿਆਂਪਾਲਿਕਾ ਵਧੇਰੇ ਜਵਾਬਦੇਹੀ ਵੱਲ ਕਦਮ ਵਧਾ ਰਹੀ ਹੈ। ਅਦਾਲਤਾਂ 'ਤੇ ਜਨਤਾ ਦਾ ਭਰੋਸਾ ਨਾ ਸਿਰਫ਼ ਫ਼ੈਸਲਿਆਂ ਦੀ ਗੁਣਵੱਤਾ ਸਗੋਂ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਉਹ ਸਮੇਂ ਸਿਰ ਸੁਣਾਏ ਜਾਣ। ਦੇਸ਼ ਦੀ ਸਰਵਉੱਚ ਅਦਾਲਤ ਇਹ ਯਕੀਨੀ ਬਣਾਏ ਕਿ ਉਸ ਦੇ ਆਪਣੇ ਜੱਜ ਵੀ ਇਸ ਮੁਹਾਜ਼ 'ਤੇ ਕੋਈ ਗ਼ਲਤੀ ਨਾ ਕਰਨ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਸੁਪਰੀਮ ਕੋਰਟ ਨੂੰ ਹਾਈਕੋਰਟਾਂ ਨੂੰ ਉਨ੍ਹਾਂ ਦਾ ਕੰਮ ਚੇਤੇ ਕਰਵਾਉਣ ਲਈ ਵਾਰ-ਵਾਰ ਕਹਿਣਾ ਪੈ ਰਿਹਾ ਹੈ। ਅਦਾਲਤਾਂ ਦੀ ਹਾਲਤ ਖ਼ੁਦ ਅੰਕੜੇ ਬਿਆਨ ਕਰ ਰਹੇ ਹਨ। ਦੇਸ਼ ਭਰ ਦੀਆਂ ਹਾਈਕੋਰਟਾਂ ਵਿੱਚ 64 ਲੱਖ ਤੋਂ ਵੱਧ ਕੇਸ ਲਟਕ ਰਹੇ ਹਨ, ਜਿਨ੍ਹਾਂ ਵਿੱਚੋਂ ਲਗਪਗ ਤਿੰਨ-ਚੌਥਾਈ (75 ਫ਼ੀਸਦੀ) ਕੇਸ ਇੱਕ ਸਾਲ ਤੋਂ ਵੱਧ ਪੁਰਾਣੇ ਹਨ। ਸੁਪਰੀਮ ਕੋਰਟ ਦੇ ਇਹ ਨਵੇਂ ਹੁਕਮ ਅਦਾਲਤੀ ਕੰਮਕਾਰ ਵਿੱਚ ਅਨੁਸ਼ਾਸਨ ਲਿਆਉਣ ਦੀ ਇੱਕ ਵੱਡੀ ਕੋਸ਼ਿਸ਼ ਹਨ। ਇਸ ਦੇ ਨਾਲ ਹੀ ਅਦਾਲਤੀ ਫ਼ੈਸਲਿਆਂ ਵਿੱਚ ਹੁੰਦੀ ਦੇਰੀ ਨੂੰ ਸਿਰਫ਼ ਜੱਜਾਂ ਦੀ ਨਾਕਾਮੀ ਵਜੋਂ ਨਹੀਂ ਦੇਖਿਆ ਜਾ ਸਕਦਾ। ਅਦਾਲਤੀ ਫ਼ੈਸਲਿਆਂ ਲਈ ਸਮਾਂ ਤੈਅ ਕਰਨ ਦੇ ਨਾਲ-ਨਾਲ ਹੋਰ ਵੱਡੇ ਸੁਧਾਰ ਕਰਨੇ ਵੀ ਬਹੁਤ ਜ਼ਰੂਰੀ ਹਨ। ਜਿਵੇਂ ਕਿ ਖਾਲੀ ਪਈਆਂ ਜੱਜਾਂ ਦੀਆਂ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ, ਅਦਾਲਤਾਂ ਨੂੰ ਵਧੀਆ ਕੰਪਿਊਟਰ-ਤਕਨੀਕੀ ਸਹੂਲਤਾਂ ਦਿੱਤੀਆਂ ਜਾਣ ਅਤੇ ਕੇਸਾਂ ਨੂੰ ਜਲਦੀ ਨਿਪਟਾਉਣ ਲਈ ਇੱਕ ਪੱਕਾ ਤੇ ਪ੍ਰਭਾਵਸ਼ਾਲੀ ਸਿਸਟਮ ਬਣਾਇਆ ਜਾਵੇ।

# ਪਟਿਆਲਾ ਦੇ ਸਾਰੇ ਸੰਗਠਨਾਂ ਦੇ ਹਿੰਦੂ ਪ੍ਰਤੀਨਿਧੀਆਂ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਹਿੰਦੂ ਸਮਾਜ ਦੇ ਪ੍ਰਤੀਨਿਧੀਆਂ ਦੀ ਮੀਟਿੰਗ ਦਾ ਆਯੋਜਨ

**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵੱਖ-ਵੱਖ ਹਿੰਦੂ ਸੰਗਠਨਾਂ ਦੇ ਸਮੂਹਿਕ ਪ੍ਰਸਤਾਵ @ਤੇ, ਭਗਵਾਨ ਸ਼੍ਰੀ ਪਰਸ਼ੂਰਾਮ ਚੌਕ ਦੀ ਇਮਾਰਤ ਵਿੱਚ ਪਟਿਆਲਾ ਦੇ ਸਾਰੇ ਸੰਗਠਨਾਂ ਦੇ ਹਿੰਦੂ ਪ੍ਰਤੀਨਿਧੀਆਂ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਹਿੰਦੂ ਸਮਾਜ ਦੇ ਪ੍ਰਤੀਨਿਧੀਆਂ ਦੀ ਇੱਕ ਵੱਡੀ ਮੀਟਿੰਗ ਦਾ ਆਯੋਜਨ ਕੀਤਾ ਗਿਆ।

ਸ਼੍ਰੀ ਪਵਨ ਗੁਪਤਾ, ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਦੀ ਪਹਿਲਕਦਮੀ @ਤੇ, ਇਕੱਠੇ ਹੋਏ ਸਾਰੇ ਹਿੰਦੂ ਸੰਗਠਨਾਂ ਦੇ ਰਾਸ਼ਟਰੀ ਮੁਖੀਆਂ ਦੀ ਅਗਵਾਈ ਹੇਠ, ਜਿਨ੍ਹਾਂ ਵਿੱਚ ਸ਼੍ਰੀ ਬ੍ਰਹਮਾਨੰਦ ਗਿਰੀ ਜੀ ਮਹਾਰਾਜ ਮਹਾਂਮੰਡਲੇਸ਼ਵਰ ਸ਼੍ਰੀ ਹਿੰਦੂ ਤਖ਼ਤ, ਸ਼੍ਰੀ ਰਾਜੇਸ਼ ਕੇਹਰ ਰਾਸ਼ਟਰੀ ਪ੍ਰਧਾਨ ਹਿੰਦੂ ਸੁਰੱਖਿਆ ਸਮਿਤੀ, ਸ਼੍ਰੀ ਸਵਤੰਤਰ ਰਾਜ ਪਾਸੀ ਸੀਨੀਅਰ ਹਿੰਦੂ ਨੇਤਾ ਅਤੇ ਸ਼ਿਵ ਸ਼ਕਤੀ ਸੇਵਾ ਦਲ ਲੰਗਰ ਕਮੇਟੀ ਸ਼੍ਰੀ ਕਾਲੀ ਮਾਤਾ ਮੰਦਰ ਪਟਿਆਲਾ, ਸ਼੍ਰੀ ਸ਼ੰਕਰਾਨੰਦ ਗਿਰੀ ਜੀ ਮਹਾਰਾਜ ਸਰਪ੍ਰਸਤ ਹਿੰਦੂ ਸੁਰੱਖਿਆ ਸਮਿਤੀ, ਹਿੰਦੂ ਸਮਾਜ ਦੀ ਸਾਂਝੀ ਸਰਪ੍ਰਸਤੀ ਹੇਠ, ਅੱਜ ਸ਼੍ਰੀ ਕਾਲੀ ਮਾਤਾ ਮੰਦਰ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਦੀ ਆੜ ਵਿੱਚ, ਸਨਾਤਨ ਹਿੰਦੂ ਧਰਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੱਡੇ ਪੱਧਰ @ਤੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ ਅਤੇ ਪਟਿਆਲਾ ਦੇ ਹਿੰਦੂ ਸਮਾਜ ਨਾਲ ਸਬੰਧਤ ਹੋਰ ਭਖਦੇ ਮੁੱਦਿਆਂ @ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਹਿੰਦੂ ਭਾਈਚਾਰੇ ਦੇ ਇਸ ਵੱਡੇ ਇਕੱਠ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਵੱਖ-ਵੱਖ ਵਿਚਾਰਧਾਰਾਵਾਂ ਤੋਂ ਪ੍ਰੇਰਿਤ ਵੱਡੀ ਗਿਣਤੀ ਵਿੱਚ ਸਮਾਜਿਕ ਸੰਗਠਨਾਂ, ਵਪਾਰਕ ਸੰਗਠਨਾਂ ਅਤੇ ਧਾਰਮਿਕ ਖੇਤਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਇਕੱਠ ਸੀ।

ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲੇ ਪ੍ਰਸਿੱਧ ਸਮਾਜ ਸੇਵਕ ਅਤੇ ਸ਼੍ਰੀ ਰਾਧਾ ਕ੍ਰਿਸ਼ਨ ਜਨ ਸੇਵਾ ਸਮਿਤੀ ਦੇ ਸੰਸਥਾਪਕ ਅਨੀਸ਼ ਮੰਗਲਾ ਨੇ ਆਪਣੇ ਵਪਾਰਕ ਸਾਥੀਆਂ ਨਾਲ ਇਸ ਵੱਡੇ ਇਕੱਠ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸੰਗਠਨ ਹਿੰਦੂ ਸੰਗਠਨਾਂ ਦੁਆਰਾ ਉਠਾਏ ਜਾ ਰਹੇ ਮੁੱਦਿਆਂ ਦੇ ਪਿੱਛੇ ਮਜ਼ਬੂਤੀ ਨਾਲ ਖੜ੍ਹਾ ਹੈ ਅਤੇ ਹਿੰਦੂ ਸੰਗਠਨਾਂ ਦੁਆਰਾ ਸਮੂਹਿਕ ਤੌਰ @ਤੇ ਆਯੋਜਿਤ ਕੀਤੇ ਜਾਣ ਵਾਲੇ ਕਿਸੇ ਵੀ ਪ੍ਰੋਗਰਾਮ ਨੂੰ ਉਨ੍ਹਾਂ ਦਾ ਪੂਰਾ ਸਮਰਥਨ ਪ੍ਰਾਪਤ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਸਨਾਤਨ ਹਿੰਦੂ ਧਰਮ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਮਥੁਰਾ-ਵ੍ਰਿੰਦਾਵਨ ਵਿੱਚ ਇੱਕ ਵੱਡੀ ਧਰਮਸ਼ਾਲਾ ਬਣਾਈ ਜਾ ਰਹੀ ਹੈ। ਉਹ ਸਾਧਵੀ ਚਿੱਤਰਲੇਖਾ ਜੀ ਨਾਲ ਗਊ ਹਸਪਤਾਲ ਦੇ ਵੱਡੇ ਪੱਧਰ @ਤੇ ਨਿਰਮਾਣ ਲਈ ਪੂਰਾ ਸਹਿਯੋਗ ਕਰ ਰਹੇ ਹਨ। ਹਿੰਦੂ ਭਾਈਚਾਰੇ ਨੂੰ ਪਟਿਆਲਾ ਵਿੱਚ ਸ਼੍ਰੀ ਕਾਲੀ ਦੇਵੀ ਮੰਦਰ ਪ੍ਰਤੀ ਬਹੁਤ ਸ਼ਰਧਾ ਹੈ, ਅਤੇ ਇਸ ਸ਼ਰਧਾ ਦੀ ਬਜਾਏ ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨਾਲ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਨਾਤਨ ਹਿੰਦੂਤਵ ਧਾਰਮਿਕ ਖੇਤਰ ਅਤੇ ਸਮਾਜ ਸੇਵਾ ਦੇ ਮੋਹਰੀ ਸ਼ਖ਼ਸੀਅਤ ਸ਼੍ਰੀ ਸੌਰਭ ਜੈਨ ਨੇ ਅੱਜ ਇਸ ਮੀਟਿੰਗ ਵਿੱਚ ਅਗਰਵਾਲ ਭਾਈਚਾਰੇ ਵੱਲੋਂ ਸ਼ਿਰਕਤ ਕੀਤੀ। ਉਨ੍ਹਾਂ ਹਿੰਦੂ ਸੰਗਠਨਾਂ ਵੱਲੋਂ ਉਠਾਏ ਗਏ ਮੁੱਦਿਆਂ ਲਈ ਆਪਣਾ ਪੂਰਾ ਸਮਰਥਨ ਪ੍ਰਗਟ ਕੀਤਾ। ਉਨ੍ਹਾਂ ਇਸ ਗੱਲ @ਤੇ ਨਿਰਾਸ਼ਾ ਪ੍ਰਗਟ ਕੀਤੀ ਕਿ ਸਰਕਾਰ ਵੱਲੋਂ ਨਿਯੁਕਤ ਸ਼੍ਰੀ ਕਾਲੀ ਮਾਤਾ ਮੰਦਰ ਕਮੇਟੀ ਪਟਿਆਲਾ ਦੇ ਹਿੰਦੂ ਸੰਗਠਨਾਂ ਅਤੇ ਖਾਸ ਕਰਕੇ ਹਿੰਦੂ ਧਰਮ ਆਚਾਰੀਆ ਨੂੰ ਧਾਰਮਿਕ ਮਾਮਲਿਆਂ @ਤੇ ਵਿਸ਼ਵਾਸ ਵਿੱਚ ਨਹੀਂ ਲੈ ਰਹੀ ਹੈ, ਜਿਸ ਕਾਰਨ ਸ਼੍ਰੀ ਕਾਲੀ ਮਾਤਾ ਮੰਦਰ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਸਬੰਧੀ ਹਿੰਦੂ ਭਾਈਚਾਰੇ ਅੰਦਰ ਕਈ ਗਲਤ ਧਾਰਨਾਵਾਂ ਪੈਦਾ ਹੋ ਰਹੀਆਂ ਹਨ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਕਮੇਟੀ ਹਿੰਦੂ ਸੰਗਠਨਾਂ ਦੀਆਂ ਮੰਗਾਂ ਅਤੇ ਸੁਝਾਵਾਂ ਨੂੰ ਸਮਝੇਗੀ ਅਤੇ ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਕਿਸੇ ਵੀ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੇਗੀ। ਜਦੋਂ ਕਿ ਪੰਜਾਬ ਸਰਕਾਰ ਵੱਲੋਂ ਮੰਦਰ ਦੀ ਉਸਾਰੀ ਇੱਕ ਬਹੁਤ ਵਧੀਆ ਕੰਮ ਹੈ, ਸ਼੍ਰੀ ਕਾਲੀ ਮਾਤਾ ਮੰਦਰ ਕਮੇਟੀ ਨੂੰ ਹਿੰਦੂ ਸੰਗਠਨਾਂ ਨਾਲ ਕਿਸੇ ਵੀ ਟਕਰਾਅ ਤੋਂ ਬਚਣਾ ਚਾਹੀਦਾ ਹੈ। ਇਸ ਮੁੱਦੇ ਨੂੰ ਗੱਲਬਾਤ ਰਾਹੀਂ ਅਤੇ ਆਪਸੀ ਸਦਭਾਵਨਾ ਦੇ ਮਾਹੌਲ ਵਿੱਚ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਅਗਰਵਾਲ ਭਾਈਚਾਰੇ ਵੱਲੋਂ ਅਤੇ ਆਪਣੇ ਵੱਲੋਂ ਹਿੰਦੂ ਸੰਗਠਨਾਂ ਨੂੰ ਆਪਣਾ ਪੂਰਾ ਸਮਰਥਨ ਪ੍ਰਗਟ ਕੀਤਾ। ਸ਼੍ਰੀ ਦੇਵੀ ਦਿਆਲ ਜੀ, ਜੋ ਕੁਮਾਰ ਸਭਾ ਸੰਸਥਾ ਦੀ ਨੁਮਾਇੰਦਗੀ ਕਰਦੇ ਹਨ, ਜੋ ਕਈ ਸਾਲਾਂ ਤੋਂ ਸਮਾਜ ਦੀ ਸੇਵਾ ਕਰ ਰਹੀ ਹੈ, ਨੇ ਹਿੰਦੂ ਭਾਈਚਾਰੇ ਦੀ ਇੱਕ ਸਮੂਹਿਕ ਮੀਟਿੰਗ ਵਿੱਚ ਬੋਲਦਿਆਂ ਕਿਹਾ, ÷ਅਸੀਂ ਜਨਮ ਤੋਂ ਲੈ ਕੇ ਮੌਤ ਤੱਕ, ਯਾਨੀ ਕਿ ਸ਼ਮਸ਼ਾਨਘਾਟ ਵਿੱਚ ਜੀਵਨ ਦੇ ਹਰ ਪਹਿਲੂ ਵਿੱਚ ਸੇਵਾ ਕਰਦੇ ਹਾਂ। ਭਾਵੇਂ ਉਹ ਹਸਪਤਾਲ ਸੇਵਾ ਹੋਵੇ, ਅਪਾਹਜਾਂ ਲਈ ਹੋਵੇ, ਵਿਦਿਅਕ ਸੰਸਥਾਵਾਂ ਰਾਹੀਂ ਸਮਾਜ ਨੂੰ ਸਿੱਖਿਅਤ ਕਰਨਾ ਹੋਵੇ, ਗਰੀਬ ਲੜਕੀਆਂ ਦੇ ਵਿਆਹ ਕਰਵਾਉਣਾ ਹੋਵੇ, ਜਾਂ ਸ਼ਮਸ਼ਾਨਘਾਟ ਸੇਵਾ, ਸਾਡੀ ਸੰਸਥਾ ਹਰ ਤਰ੍ਹਾਂ ਦੀ ਸੇਵਾ ਵਿੱਚ ਸਭ ਤੋਂ ਅੱਗੇ ਹੈ। ਅਸੀਂ ਕਈ ਸਾਲਾਂ ਤੋਂ ਹਰ ਤਰੀਕੇ ਨਾਲ ਸਨਾਤਨ ਧਰਮ ਦੀ ਸੇਵਾ ਲਈ ਕੰਮ ਕਰ ਰਹੇ ਹਾਂ।÷ ਉਨ੍ਹਾਂ ਕਿਹਾ, ਅਸੀਂ ਪਟਿਆਲਾ ਦੇ ਵੱਖ-ਵੱਖ ਹਿੰਦੂ ਸੰਗਠਨਾਂ ਦੁਆਰਾ ਕੀਤੇ ਗਏ ਇਸ ਯਤਨ ਦਾ ਜ਼ੋਰਦਾਰ ਸਮਰਥਨ ਕਰਦੇ ਹਾਂ। ਸਰਕਾਰ ਨੂੰ ਅੱਜ ਦੀ ਮੀਟਿੰਗ ਵਿੱਚ ਸ਼੍ਰੀ ਕਾਲੀ ਮਾਤਾ ਮੰਦਰ ਸੰਬੰਧੀ ਉਠਾਏ ਗਏ ਮੁੱਦਿਆਂ @ਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ। ਕਿਸੇ ਵੀ ਮੰਦਰ ਕਮੇਟੀ ਨੂੰ ਆਪਣੀ ਮਰਜ਼ੀ ਨਾਲ ਹਿੰਦੂ ਸੰਗਠਨਾਂ ਨੂੰ ਧਰਮ ਦਾ ਪ੍ਰਚਾਰ ਕਰਨ ਤੋਂ ਨਹੀਂ ਰੋਕਣਾ ਚਾਹੀਦਾ।÷ ਸਾਡੀ ਤਰਫੋਂ, ਅਸੀਂ ਪੰਜਾਬ ਸਰਕਾਰ ਅਤੇ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਉਹ ਵੱਖ-ਵੱਖ ਹਿੰਦੂ ਸੰਗਠਨਾਂ ਨਾਲ ਜੁੜ ਕੇ ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨ ਅਤੇ ਸਾਰੇ ਮੁੱਦਿਆਂ ਦੇ ਨਿਰਪੱਖ ਹੱਲ ਲਈ ਯਤਨ ਕਰਨ। ਪਟਿਆਲਾ ਵਿੱਚ ਸ਼੍ਰੀ ਕਾਲੀ ਮਾਤਾ ਮੰਦਰ ਅਤੇ ਹੋਰ ਮੰਦਰ ਵੀ ਹਿੰਦੂ ਭਾਈਚਾਰੇ ਲਈ ਧਾਰਮਿਕ ਆਸਥਾ ਦੇ ਪ੍ਰਮੁੱਖ ਕੇਂਦਰ ਹਨ।



ਹਿੰਦੂ ਭਾਈਚਾਰੇ ਦੇ ਇਸ ਵੱਡੇ ਸਮੂਹ ਨੂੰ ਸੰਬੋਧਨ ਕਰਦਿਆਂ ਹਿੰਦੂ ਸੁਰੱਖਿਆ ਸਮਿਤੀ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਰਾਜੇਸ਼ ਕੇਹਰ ਨੇ ਕਿਹਾ ਕਿ ਪੁਲਿਸ ਬਲ ਦੀ ਦੁਰਵਰਤੋਂ ਕਰਕੇ ਹਿੰਦੂ ਸੰਗਠਨਾਂ ਨੂੰ ਸ਼੍ਰੀ ਕਾਲੀ ਮਾਤਾ ਮੰਦਰ ਵਿੱਚ ਧਰਮ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ। ਗੋਲਕ ਦਾ ਪੈਸਾ ਕਹੇ ਜਾਣ ਵਾਲੇ ਮੰਦਰ ਵਿੱਚ ਚੜ੍ਹਾਏ ਜਾਣ ਵਾਲੇ ਚੜ੍ਹਾਵੇ ਦਾ ਕੋਈ ਹਿਸਾਬ-ਕਿਤਾਬ ਆਮ ਜਨਤਾ ਨੂੰ ਨਹੀਂ ਦਿੱਤਾ ਜਾ ਰਿਹਾ। ਮੰਦਰ ਕਮੇਟੀ ਦੇ ਮੈਂਬਰ ਤਾਨਾਸ਼ਾਹੀ ਰਵੱਈਆ ਅਪਣਾ ਰਹੇ ਹਨ। ਪਟਿਆਲਾ ਦੇ ਕਿਸੇ ਵੀ ਹਿੰਦੂ ਭਾਈਚਾਰੇ ਨਾਲ ਮੰਦਰ ਸਬੰਧੀ ਕੋਈ ਚਰਚਾ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਪਟਿਆਲਾ ਦਾ ਹਿੰਦੂ ਭਾਈਚਾਰਾ ਗੁੱਸੇ ਵਿੱਚ ਹੈ। ਸ਼੍ਰੀ ਬ੍ਰਹਮਾਨੰਦ ਗਿਰੀ ਜੀ, ਮਹਾਂਮੰਡਲੇਸ਼ਵਰ ਪ੍ਰਮੁੱਖ ਸ਼੍ਰੀ ਹਿੰਦੂ ਤਖ਼ਤ ਨੇ ਸ਼੍ਰੀ ਕਾਲੀ ਮਾਤਾ ਮੰਦਰ, ਪਟਿਆਲਾ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਕਾਲੀ ਮਾਤਾ ਮੰਦਰ ਦੀ ਉਸਾਰੀ ਦੌਰਾਨ ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨਾਲ ਛੇੜਛਾੜ ਕੀਤੀ ਜਾ ਰਹੀ ਹੈ, ਉਸ ਦੀ ਸਖ਼ਤ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਭਾਵੇਂ ਅਸੀਂ ਸਾਰੇ ਪੰਜਾਬ ਸਰਕਾਰ ਵੱਲੋਂ ਸ਼੍ਰੀ ਕਾਲੀ ਮਾਤਾ ਮੰਦਰ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਦਾ ਸਮਰਥਨ ਕਰਦੇ ਹਾਂ, ਅਤੇ ਪਿਛਲੇ ਸਮੇਂ ਵਿੱਚ, ਅਸੀਂ ਪੰਜਾਬ ਸਰਕਾਰ ਵੱਲੋਂ ਮੰਦਰ ਦੀ ਉਸਾਰੀ ਲਈ ਬਣਾਈ ਗਈ ਕਮੇਟੀ ਦੇ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ ਹੈ, ਪਰ ਕਮੇਟੀ ਨੇ ਸਾਡੀ ਪ੍ਰਸ਼ੰਸਾ ਨੂੰ ਗਲਤ ਅਰਥਾਂ ਵਿੱਚ ਲਿਆ ਅਤੇ ਤਾਨਾਸ਼ਾਹੀ ਪਹੁੰਚ ਅਪਣਾਉਂਦੇ ਹੋਏ, ਹਿੰਦੂ ਮੰਦਰ ਵਿੱਚ ਹਿੰਦੂ ਧਾਰਮਿਕ ਪੂਜਾ @ਤੇ ਪਾਬੰਦੀਆਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਕਿਸੇ ਵੀ ਹਾਲਤ ਵਿੱਚ ਮੰਦਰ ਵਿੱਚ ਸਾਲਾਂ ਤੋਂ ਚੱਲ ਰਹੇ ਹਵਨ ਕੀਰਤਨ ਅਤੇ ਸ਼੍ਰੀ ਹਨੂੰਮਾਨ ਚਾਲੀਸਾ ਜੀ ਦੇ ਪਾਠ ਨੂੰ ਰੋਕਿਆ ਨਹੀਂ ਜਾਵੇਗਾ। ਜੇਕਰ ਮੰਦਰ ਦੀ ਉਸਾਰੀ ਦੌਰਾਨ ਧਾਰਮਿਕ ਮਰਿਆਦਾ ਨਹੀਂ ਬਣਾਈ ਜਾਂਦੀ ਅਤੇ ਸਰਕਾਰ ਇਸ ਮਾਮਲੇ @ਤੇ ਹਿੰਦੂ ਸੰਗਠਨਾਂ ਨਾਲ ਚਰਚਾ ਨਹੀਂ ਕਰਦੀ ਅਤੇ ਇੱਕ ਢਾਂਚਾ ਤਿਆਰ ਨਹੀਂ ਕਰਦੀ, ਤਾਂ ਹਿੰਦੂ ਭਾਈਚਾਰਾ ਵਿਰੋਧ ਕਰਨ ਲਈ ਮਜਬੂਰ ਹੋਵੇਗਾ। ਉਨ੍ਹਾਂ ਨੇ ਪਟਿਆਲਾ ਦੇ ਹਿੰਦੂ ਭਾਈਚਾਰੇ ਨੂੰ ਇੱਕਜੁੱਟ ਹੋਣ ਦੀ ਅਪੀਲ ਵੀ ਕੀਤੀ। ਪੰਚਾਨੰਦ ਗਿਰੀ ਜੀ ਮਹਾਰਾਜ ਦੇ ਭਰਾ ਸ਼੍ਰੀ ਸ਼ੰਕਰਾਨੰਦ ਗਿਰੀ ਜੀ ਮਹਾਰਾਜ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੀ ਕਾਲੀ ਮਾਤਾ ਮੰਦਰ ਕਮੇਟੀ ਪਟਿਆਲਾ ਨੂੰ ਹਿੰਦੂ ਮੰਦਰਾਂ ਦੀਆਂ ਧਾਰਮਿਕ ਮਾਨਤਾਵਾਂ ਪ੍ਰਤੀ ਹਿੰਦੂ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਹਿੰਦੂ ਸੰਗਠਨਾਂ ਨੂੰ ਵਿਸ਼ਵਾਸ ਵਿੱਚ ਲੈਣਾ ਚਾਹੀਦਾ ਹੈ। ਜੇਕਰ ਸ਼੍ਰੀ ਕਾਲੀ ਮਾਤਾ ਮੰਦਰ ਕਮੇਟੀ ਤਾਨਾਸ਼ਾਹੀ ਰਵੱਈਆ ਅਪਣਾਉਂਦੀ ਰਹੀ ਤਾਂ ਸਥਿਤੀ ਵਿਸਫੋਟਕ ਬਣ ਸਕਦੀ ਹੈ। ਹਿੰਦੂ ਸੰਗਠਨ ਸ਼੍ਰੀ ਕਾਲੀ ਮਾਤਾ ਮੰਦਰ ਕਮੇਟੀ ਨਾਲ ਜੋ ਮੁੱਦੇ ਉਠਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਗੱਲਬਾਤ ਅਤੇ ਧਾਰਮਿਕ ਵਿਸ਼ਵਾਸਾਂ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਹਿੰਦੂ ਸਮਾਜ ਨੂੰ ਸੰਗਠਿਤ ਹੋਣ ਦਾ ਸੰਦੇਸ਼ ਵੀ ਦਿੱਤਾ। ਅੰਤ ਵਿੱਚ ਬੋਲਦੇ ਹੋਏ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੇ ਹਿੰਦੂ ਸਮਾਜ ਦੇ ਸਾਰੇ ਨੌਜਵਾਨ ਦੋਸਤਾਂ ਦਾ ਧੰਨਵਾਦ ਕੀਤਾ ਜੋ ਅੱਜ ਵੱਖ-ਵੱਖ ਹਿੰਦੂ ਸੰਗਠਨਾਂ, ਵਪਾਰਕ ਭਾਈਚਾਰੇ, ਖਾਸ ਕਰਕੇ ਵੱਡੀ ਗਿਣਤੀ ਵਿੱਚ ਆਈਆਂ ਔਰਤਾਂ ਅਤੇ ਪ੍ਰਸਿੱਧ ਧਾਰਮਿਕ ਆਗੂਆਂ, ਖਾਸ ਕਰਕੇ ਸੰਤਾਂ ਅਤੇ ਮਹਾਤਮਾਵਾਂ ਦੀ ਅਪੀਲ @ਤੇ ਇਕੱਠੇ ਹੋਏ ਸਨ, ਜੋ ਮਹੰਤ ਸ਼੍ਰੀ ਰਾਮਦਾਸ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਆਏ ਸਨ, ਹਿੰਦੂ ਸਮਾਜ ਦੇ ਧਰਮ ਲਈ ਇਸ ਲੜਾਈ ਵਿੱਚ ਸ਼ਾਮਲ ਹੋਣ ਅਤੇ ਆਪਣਾ ਆਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ @ਤੇ ਮੌਜੂਦ ਰਹਿਣ ਲਈ।

ਉਨ੍ਹਾਂ ਕਿਹਾ, ਅਸੀਂ ਪੰਜਾਬ ਸਰਕਾਰ ਦੇ ਮਹੱਤਵਪੂਰਨ ਫੈਸਲੇ ਦਾ ਪੁਰਜ਼ੋਰ ਸਮਰਥਨ ਕਰਦੇ ਹਾਂ ਕਿ ਪਟਿਆਲਾ ਦੇ ਹਿੰਦੂ ਭਾਈਚਾਰੇ ਦੇ ਸਭ ਤੋਂ ਵੱਡੇ ਆਸਥਾ ਕੇਂਦਰ, ਸ਼੍ਰੀ ਕਾਲੀ ਮਾਤਾ ਮੰਦਰ ਦੇ ਨਵੀਨੀਕਰਨ, ਸੁੰਦਰੀਕਰਨ ਅਤੇ ਵਿਸਥਾਰ ਲਈ ਇੱਕ ਨਵੀਂ ਕਮੇਟੀ ਬਣਾ ਕੇ ਕੰਮ ਸ਼ੁਰੂ ਕੀਤਾ ਜਾਵੇ। ਸਾਡੇ ਸਮਰਥਨ ਦੇ ਬਾਵਜੂਦ, ਕਮੇਟੀ ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਣ ਵਿੱਚ ਅਸਫਲ ਰਹੀ। ਉਸਾਰੀ ਦੌਰਾਨ ਜੁੱਤੀਆਂ ਪਾ ਕੇ ਮੰਦਰ ਦੀ ਸ਼ਾਨ ਦਾ ਨਿਰਾਦਰ ਕੀਤਾ ਜਾ ਰਿਹਾ ਹੈ। ਇੱਕ ਢੁਕਵਾਂ ਹੱਲ ਲੱਭਿਆ ਜਾਣਾ ਚਾਹੀਦਾ ਸੀ ਅਤੇ ਉਸਾਰੀ ਦਾ ਕੰਮ ਪੂਰਾ ਕੀਤਾ ਜਾਣਾ ਚਾਹੀਦਾ ਸੀ। ਹਾਲਾਂਕਿ, ਸ਼੍ਰੀ ਗੌਰੀ ਮਾਤਾ ਮੰਦਰ, ਸ਼੍ਰੀ ਹਨੂੰਮਾਨ ਮੰਦਰ, ਸ਼੍ਰੀ ਸੂਰਿਆ ਭਗਵਾਨ ਮੰਦਰ ਅਤੇ ਸ਼੍ਰੀ ਗਣੇਸ਼ ਮੰਦਰ ਦੀ ਮੌਜੂਦਗੀ ਦੇ ਬਾਵਜੂਦ, ਮਜ਼ਦੂਰਾਂ, ਖਾਸ ਕਰਕੇ ਹੋਰ ਭਾਈਚਾਰਿਆਂ ਦੇ ਲੋਕਾਂ ਦਾ, ਮੰਦਰ @ਤੇ ਕੰਮ ਕਰਦੇ ਸਮੇਂ ਜੁੱਤੀਆਂ ਪਾ ਕੇ ਜਾਣਾ ਮੰਦਰ ਦੀ ਸ਼ਾਨ ਦੀ ਉਲੰਘਣਾ ਹੈ। ਇਸ ਨਾਲ ਹਿੰਦੂ ਭਾਈਚਾਰੇ ਵਿੱਚ ਕਾਫ਼ੀ ਰੋਸ ਹੈ। ਇਸੇ ਤਰ੍ਹਾਂ, ਇਸ ਅਤਿ ਦੀ ਗਰਮੀ ਵਿੱਚ, ਮੰਦਰ ਦੇ ਅੰਦਰ ਸ਼ਰਧਾਲੂਆਂ ਲਈ ਕੋਈ ਸਹੂਲਤ ਨਹੀਂ ਹੈ। ਪੀਣ ਵਾਲੇ ਪਾਣੀ ਦੀ ਸਹੂਲਤ ਵਾਟਰ ਕੂਲਰ ਹੈ। ਮੰਦਰ ਦਾ ਨਿਰਮਾਣ ਖੇਤਰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ, ਜਦੋਂ ਕਿ ਹਿੰਦੂ ਭਾਈਚਾਰਾ ਮੰਦਰ ਦੇ ਪੁਨਰ ਨਿਰਮਾਣ ਵਿੱਚ ਕਾਰ ਸੇਵਾ (ਸੇਵਾ) ਕਰਕੇ ਮਾਤਾ ਦੇਵੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਉਤਸੁਕ ਸੀ। ਹਾਲਾਂਕਿ, ਜਿਸ ਢੰਗ ਨਾਲ ਜਿਸ ਕਾਰਨ ਮੰਦਰ ਦੀ ਉਸਾਰੀ ਵਾਲੀ ਥਾਂ ਨੂੰ ਗੁਪਤ ਰੂਪ ਵਿੱਚ ਬੰਦ ਕਰ ਦਿੱਤਾ ਗਿਆ ਹੈ, ਅਤੇ ਕਿਸੇ ਨੂੰ ਵੀ ਕਾਰ ਸੇਵਾ (ਸੇਵਾ) ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ, ਨੇ ਹਿੰਦੂ ਭਾਈਚਾਰੇ ਵਿੱਚ ਕਾਫ਼ੀ ਚਿੰਤਾ ਅਤੇ ਗੁੱਸਾ ਪੈਦਾ ਕੀਤਾ ਹੈ।

ਜਿਸ ਤਰੀਕੇ ਨਾਲ ਹਿੰਦੂ ਸੰਗਠਨ ਮੰਦਰ ਦੇ ਕੀਰਤਨ, ਹਵਨ ਅਤੇ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਅਤੇ ਵਿਘਨ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉਸ ਨਾਲ ਪਟਿਆਲਾ ਸ਼ਹਿਰ ਦੇ ਹਿੰਦੂ ਭਾਈਚਾਰੇ ਵਿੱਚ ਵੀ ਲਗਾਤਾਰ ਗੁੱਸਾ ਵਧ ਰਿਹਾ ਹੈ। ਮੰਦਰ ਕਮੇਟੀ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਲਿਖਤੀ ਰੂਪ ਵਿੱਚ ਵਿਸ਼ੇਸ਼ ਤੌਰ @ਤੇ ਸੂਚਿਤ ਕੀਤਾ ਹੈ। ਹਾਲਾਂਕਿ, ਕੋਈ ਹੱਲ ਨਾ ਨਿਕਲਣ ਕਾਰਨ, ਪਟਿਆਲਾ ਹਿੰਦੂ ਭਾਈਚਾਰੇ ਨੂੰ ਹਿੰਦੂ ਸੰਗਠਨਾਂ ਦੇ ਇੱਕ ਸਮੂਹ ਨੂੰ ਬੁਲਾਉਣ ਲਈ ਮਜਬੂਰ ਹੋਣਾ ਪਿਆ।

ਇਹ ਇਸ ਲਈ ਹੈ ਕਿਉਂਕਿ ਹਿੰਦੂ ਸੰਗਠਨ ਸ਼੍ਰੀ ਕਾਲੀ ਮਾਤਾ ਮੰਦਰ ਦੀ ਉਸਾਰੀ, ਸੁੰਦਰੀਕਰਨ ਜਾਂ ਨਵੀਨੀਕਰਨ ਨਾਲ ਸਬੰਧਤ ਕਿਸੇ ਵੀ ਕੰਮ ਵਿੱਚ ਦਖਲ ਨਹੀਂ ਦੇਣਾ ਚਾਹੁੰਦੇ। ਇਸ ਦੀ ਬਜਾਏ, ਉਹ ਉੱਪਰ ਦੱਸੇ ਗਏ ਕਾਰਨਾਂ ਦਾ ਹੱਲ ਚਾਹੁੰਦੇ ਹਨ, ਜਿਸਦਾ ਹੱਲ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੁਆਰਾ ਬਣਾਈ ਗਈ ਸ਼੍ਰੀ ਕਾਲੀ ਮਾਤਾ ਮੰਦਰ ਕਮੇਟੀ ਨਾਲ ਗੱਲਬਾਤ ਰਾਹੀਂ ਸ਼ਾਂਤੀਪੂਰਵਕ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਸ਼੍ਰੀ ਕਾਲੀ ਮਾਤਾ ਮੰਦਰ ਕਮੇਟੀ ਇਨ੍ਹਾਂ ਸਮੱਸਿਆਵਾਂ ਦਾ ਜਲਦੀ ਹੱਲ ਨਹੀਂ ਕਰਦੀ ਹੈ, ਤਾਂ ਸਮੁੱਚਾ ਹਿੰਦੂ ਭਾਈਚਾਰਾ ਅੰਦੋਲਨ ਸ਼ੁਰੂ ਕਰਨ ਲਈ ਮਜਬੂਰ ਹੋਵੇਗਾ।

ਕਿਉਂਕਿ ਹਿੰਦੂ ਸੰਗਠਨ ਸ਼੍ਰੀ ਕਾਲੀ ਮਾਤਾ ਮੰਦਿਰ ਦੇ ਨਿਰਮਾਣ, ਸੁੰਦਰੀਕਰਨ ਅਤੇ ਨਵੀਨੀਕਰਨ ਦੇ ਕਿਸੇ ਵੀ ਕੰਮ ਵਿੱਚ ਕੋਈ ਰੁਕਾਵਟ ਨਹੀਂ ਪਾਉਣਾ ਚਾਹੁੰਦੇ, ਸਗੋਂ ਉਹ ਉੱਪਰ ਦੱਸੇ ਗਏ ਕਾਰਨਾਂ ਦਾ ਹੱਲ ਚਾਹੁੰਦੇ ਹਨ, ਜਿਸਦਾ ਹੱਲ ਜ਼ਿਲ੍ਹਾ ਪ੍ਰਸ਼ਾਸਨ, ਪਟਿਆਲਾ ਅਤੇ ਪੰਜਾਬ ਸਰਕਾਰ ਦੁਆਰਾ ਬਣਾਈ ਗਈ ਸ਼੍ਰੀ ਕਾਲੀ ਮਾਤਾ ਮੰਦਿਰ ਕਮੇਟੀ ਨਾਲ ਗੱਲਬਾਤ ਕਰਕੇ ਸ਼ਾਂਤੀਪੂਰਵਕ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਜ਼ਿਲ੍ਹਾ ਪ੍ਰਸ਼ਾਸਨ, ਪਟਿਆਲਾ ਅਤੇ ਸ਼੍ਰੀ ਕਾਲੀ ਮਾਤਾ ਮੰਦਿਰ ਕਮੇਟੀ ਇਨ੍ਹਾਂ ਸਮੱਸਿਆਵਾਂ ਦਾ ਜਲਦੀ ਤੋਂ ਜਲਦੀ ਹੱਲ ਨਹੀਂ ਲੱਭਦੀ ਹੈ, ਤਾਂ ਸਮੁੱਚਾ ਹਿੰਦੂ ਭਾਈਚਾਰਾ ਵਿਰੋਧ ਕਰਨ ਲਈ ਮਜਬੂਰ ਹੋਵੇਗਾ।

ਸਾਰੀਆਂ ਹਿੰਦੂ ਸੰਗਠਨਾਂ ਦੀ ਇਸ ਮਹੱਤਵਪੂਰਨ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸੋਮਵਾਰ ਨੂੰ ਹਿੰਦੂ ਭਾਈਚਾਰੇ ਵੱਲੋਂ ਇਨ੍ਹਾਂ ਸਾਰੀਆਂ ਧਾਰਮਿਕ ਸਮੱਸਿਆਵਾਂ ਬਾਰੇ ਇੱਕ ਮੰਗ ਪੱਤਰ ਡੀਸੀ ਪਟਿਆਲਾ ਅਤੇ ਐਸਐਸਪੀ ਪਟਿਆਲਾ ਨੂੰ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਇਨ੍ਹਾਂ ਧਾਰਮਿਕ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦੀ ਅਪੀਲ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਪਟਿਆਲਾ ਦੇ ਸਾਬਕਾ ਮੇਅਰ ਸ਼੍ਰੀ ਵਿਸ਼ਨੂੰ ਸ਼ਰਮਾ, ਕਾਂਗਰਸ ਪਾਰਟੀ ਦੇ ਯੁਵਾ ਨੇਤਾ ਸ਼੍ਰੀ ਕਰਨ ਗੌੜ, ਭਾਜਪਾ ਨੇਤਾ ਸ਼੍ਰੀ ਗੁਰਵਿੰਦਰ ਬਾਂਸਲ, ਭਾਜਪਾ ਦੇ ਯੁਵਾ ਨੇਤਾ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਰਾਸ਼ਟਰੀ ਸੰਗਠਨ ਮੰਤਰੀ ਸ਼੍ਰੀ ਸਾਹਿਲ ਗੋਇਲ, ਅਗਰਵਾਲ ਸਭਾ ਦੇ ਪ੍ਰਧਾਨ ਪਵਨ ਗਰਗ, ਆਲ ਇੰਡੀਆ ਬੈਂਕਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਵਾਸੂ ਜੀ, ਸ਼੍ਰੀ ਸ਼ਿਵ ਮੰਦਰ ਕਮੇਟੀ, ਨਾਭਾ ਅਨਾਜ ਮੰਡੀ, ਪਟਿਆਲਾ ਦੇ ਪ੍ਰਧਾਨ ਸ਼੍ਰੀ ਰਾਕੇਸ਼ ਮਿੱਤਲ ਅਤੇ ਬ੍ਰਾਹਮਣ ਸਭਾ, ਪਟਿਆਲਾ ਦੇ ਆਗੂ ਸ਼੍ਰੀ ਸ਼ਿਵਰਾਜ ਸ਼ਰਮਾ ਸ਼ਾਮਲ ਹੋਏ।

ਇਸ ਤੋਂ ਇਲਾਵਾ ਸ਼ਿਵ ਸੈਨਾ ਹਿੰਦੁਸਤਾਨ ਦੇ ਸੀਨੀਅਰ ਆਗੂ ਸ਼੍ਰੀ ਹੇਮਰਾਜ ਗੋਇਲ, ਸ਼੍ਰੀ ਪ੍ਰਦੀਪ ਵਰਮਾ, ਸ਼੍ਰੀ ਰਿੰਕੂ ਭਾਰਦਵਾਜ, ਸ਼੍ਰੀ ਸਮਕਾਂਤ ਪਾਂਡੇ, ਸ਼੍ਰੀ ਕ੍ਰਿਸ਼ਨ ਕੁਮਾਰ ਗੀਬਾ, ਸ਼੍ਰੀ ਅਮਰਜੀਤ ਬੰਟੀ, ਸ਼੍ਰੀ ਰਵੀ ਸੋਹਲ, ਸ਼੍ਰੀ ਭੋਲਾ ਸ਼ਰਮਾ, ਸ਼੍ਰੀ ਨੰਦਲਾਲ, ਸ਼੍ਰੀਮਤੀ ਵਿਮਲਾ ਦੇਵੀ, ਸ਼੍ਰੀ ਗੁਰਪ੍ਰੀਤ ਸਿੰਘ ਬਾਗੀ, ਸ਼੍ਰੀ ਸੂਰਜ ਕੁਮਾਰ, ਸ਼੍ਰੀ ਨਰਿੰਦਰ ਕੁਮਾਰ, ਸ਼੍ਰੀ ਰਾਮਚੰਦਰ, ਸ਼੍ਰੀ ਪ੍ਰਮੋਦ ਕੁਮਾਰ, ਸ਼੍ਰੀ ਪ੍ਰੇਮਚੰਦ, ਸ਼੍ਰੀ ਨਵਦੀਪ ਮਿੱਤਲ, ਸ਼੍ਰੀ ਸੋਨੂੰ ਸਨੌਰ ਇਸ ਤੋਂ ਇਲਾਵਾ ਹਿੰਦੂ ਸੁਰੱਖਿਆ ਸਮਿਤੀ ਦੀ ਤਰਫੋਂ ਵਿਸ਼ੇਸ਼ ਤੌਰ @ਤੇ ਹਿੰਦੂ ਸੁਰੱਖਿਆ ਕਮੇਟੀ ਦੇ ਪ੍ਰਧਾਨ ਰਾਜੇਸ਼ ਕੌਸ਼ਿਕ, ਸ਼ੰਕਰਾਨੰਦ ਗਿਰੀ, ਗੁਰਮੁਖ ਸਿੰਘ, ਰੋਹਿਤ ਅਟਵਾਲ, ਅਤੁਲ ਤਿਆਗੀ, ਅਨੂਪ ਸ਼ਰਮਾ, ਹਿਮਾਲਿਆ ਕੇਹਰ, ਸੁਰਿੰਦਰ ਕਾਕਾ, ਵਿੱਕੀ ਕੰਬੋਜ, ਸ਼ਮਿੰਦਰ ਸ਼ੰਮੀ, ਅਸ਼ੋਕ ਖੱਤਰੀ, ਮੈਦਾਨ ਗਿਰੀ, ਰਾਹੁਲ ਮਹਿਤਾ, ਸਾਹਿਲ ਕੁਮਾਰ, ਵਿਸ਼ਾਲ ਬਡੇਰਾ, ਅਜੀਤ ਸ਼ਰਮਾ, ਆਰ.ਕੇ ਬੌਬੀ, ਪੁਰਸ਼ੋਤਮ ਗੋਸਵਾਮੀ, ਪੱਪੂ ਡੈਂਟਰ, ਮਨਸਾ ਰਾਮ, ਰਾਧਾ ਕ੍ਰਿਸ਼ਨ, ਸਤਿੰਦਰ ਸਤੀ, ਆਸ਼ਾ ਕੇਹਰ, ਅਨੁਰਾਧਾ ਸ਼ਰਮਾ, ਕੋਮਲ ਕੁਮਾਰ, ਸੰਗੀਤਾ ਸਿੰਘ, ਕੋਮਲ, ਨੀਤੂ ਗੀਤਾ ਚੌਹਾਨ, ਸੋਨੂੰ ਦੇਵੀ, ਸਿਮਰਨ ਮਿੱਡਾ, ਸ਼ਾਰਦਾ ਲਾਡੀ ਨੇ ਵੀ ਸ਼ਿਰਕਤ ਕੀਤੀ

# ਸੀ ਟੀ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਨੂੰ ਬਿਗ ਇੰਪੈਕਟ ਐਵਾਰਡਜ਼ 2026 ਨਾਲ ਸਨਮਾਨ

**ਲੁਧਿਆਣਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਟੀ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਨੂੰ ਉੱਚ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀ ਦੂਰਦਰਸ਼ੀ ਲੀਡਰਸ਼ਿਪ, ਨਵੀਨਤਮ ਸੋਚ ਅਤੇ ਵਿਸ਼ੇਸ਼ ਯੋਗਦਾਨ ਲਈ ਬਿਗ ਇੰਪੈਕਟ ਐਵਾਰਡਜ਼ 2026 ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਕਵਿੰਦਰ ਗੁਪਤਾ ਵੱਲੋਂ ਪ੍ਰਦਾਨ ਕੀਤਾ ਗਿਆ।ਡਾ. ਮਨਬੀਰ ਸਿੰਘ ਦੀ ਅਗਵਾਈ ਹੇਠ ਸੀ ਟੀ ਯੂਨੀਵਰਸਿਟੀ ਨੇ ਅਕਾਦਮਿਕ ਉਤਕ੍ਰਿਸ਼ਟਤਾ, ਉਦਯੋਗ-ਕੇਂਦਰਿਤ ਸਿੱਖਿਆ, ਨਵੀਨਤਾ ਅਤੇ ਵਿਦਿਆਰਥੀ ਵਿਕਾਸ ਦੇ ਖੇਤਰ ਵਿੱਚ ਮਹੱਤਵਪੂਰਨ ਪ੍ਰਗਤੀ ਕੀਤੀ ਹੈ ਸਨਮਾਨ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਨੇ ਇਸ ਉਪਲਬਧੀ ਨੂੰ ਸਮੂਹ ਸੀ ਟੀ ਪਰਿਵਾਰ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਇਹ ਯੂਨੀਵਰਸਿਟੀ ਦੇ ਅਧਿਆਪਕਾਂ,




ਕਰਮਚਾਰੀਆਂ, ਵਿਦਿਆਰਥੀਆਂ ਅਤੇ ਸਹਿਯੋਗੀਆਂ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਸੀ ਟੀ ਯੂਨੀਵਰਸਿਟੀ ਭਵਿੱਖ ਵਿੱਚ ਵੀ ਗੁਣਵੱਤਾਪੂਰਨ ਸਿੱਖਿਆ, ਨਵੀਨਤਾ ਅਤੇ ਰਾਸ਼ਟਰ ਨਿਰਮਾਣ ਲਈ ਆਪਣਾ ਯੋਗਦਾਨ ਜਾਰੀ ਰੱਖੇਗੀ। ਇਹ ਸਨਮਾਨ ਯੂਨੀਵਰਸਿਟੀ ਦੀ ਵਧਦੀ ਸਾਖ ਅਤੇ ਸਿੱਖਿਆ ਖੇਤਰ ਵਿੱਚ ਉਸਦੀ ਉਤਕ੍ਰਿਸ਼ਟਤਾ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ।

# ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣ ਲਈ ਸਮੂਚੇ ਪਟਿਆਲਵੀ ਆਪਣੇ ਆਲੇ ਦੁਆਲੇ ਦੀ ਸਾਫ ਸਫਾਈ ਵੱਲ ਧਿਆਨ ਦੇਣ ਲਈ ਅੱਗੇ ਆਉਣ: ਸੁਖਜਿੰਦਰ ਬਾਜਵਾ, ਸਤੀਸ਼ ਗੋਇਲ

**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**


ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਅਤੇ ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣ ਲਈ



ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਊਨਿਟੀ ਅਫੇਅਰ ਡਵੀਜ਼ਨ ਪੰਜਾਬ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ- ਜ਼ਿਲ੍ਹਾ ਕਾਮਊਨਿਟੀ ਅਫ਼ਸਰ ਵੈਭਵ ਚੋਧਰੀ ਦੀ ਸਰਪ੍ਰਸਤੀ ਹੇਠ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਉਦਘਾਟਨ ਸਤੀਸ਼ ਕੁਮਾਰ ਗੋਇਲ ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਿਊ ਪਾਵਰ ਹਾਊਸ ਕਲੋਨੀ ਨੇ ਕੀਤਾ। ਵਿਸ਼ੇਸ਼ ਤੌਰ ਤੇ ਸੁਰਿੰਦਰ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1,ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਵਰਿੰਦਰ ਖਰੌਡ ਡੈਟਾ ਅਪਰੇਟਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ,ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ , ਹਰਮਨਜੀਤ ਸਿੰਘ ਰੰਧਾਵਾ, ਰਾਜ ਕੁਮਾਰ ਨੇ ਸ਼ਿਰਕਤ ਕੀਤੀ।ਇਸ ਮੌਕੇ ਸੁਖਜਿੰਦਰ ਬਾਜਵਾ, ਪ੍ਰਿੰਸੀਪਲ ਸਤੀਸ਼ ਗੋਇਲ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ ਵੱਖ ਵੱਖ ਸਕੂਲਾਂ ਅਤੇ ਪਾਰਕਾਂ ਵਿੱਚ ਆਪਣੇ ਆਲੇ ਦੁਆਲੇ ਦੀ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿੱਚ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ, ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣਾ ਇੰਨਸਾਨੀਅਤ ਦਾ ਮੁਢਲਾ ਫਰਜ਼ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਬਰਸਾਤੀ ਮੌਸਮ ਕਾਰਨ ਸਫ਼ਾਈ ਨਾ ਹੋਣ ਕਰਕੇ ਕਈ ਬੀਮਾਰੀਆਂ ਫੈਲ ਸਕਦੀਆਂ ਹਨ , ਇਸ ਦੇ ਨਾਲ ਹੀ ਬਰਸਾਤੀ ਮੌਸਮ ਦੌਰਾਨ ਡੇਂਗੂ ਦੇ ਫੈਲਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਆਲੇ ਦੁਆਲੇ ਦੀ ਸਾਫ ਜ਼ਰੂਰ ਕਰਨੀ ਚਾਹੀਦੀ ਹੈ।

ਉਹਨਾਂ ਸਮੂਚੇ ਪਟਿਆਲਵੀਆਂ ਨੂੰ ਵੀ ਅਪੀਲ ਕੀਤੀ ਕਿ ਉਹੋ ਆਪਣੇ ਘਰਾਂ ਦੇ ਆਲੇ ਦੁਆਲੇ ਦੀ ਸਾਫ ਸਫਾਈ ਰੱਖਣ ਅਤੇ ਆਪਣੇ ਘਰਾਂ ਵਿੱਚ ਗਮਲਿਆਂ ਜਾ ਕਿਸੇ ਹੋਰ ਚੀਜ਼ ਵਿੱਚ ਪਾਣੀ ਨਾ ਖੜਾ ਹੋਣ ਦੇਣ ਇਸ ਨਾਲ ਡੇਂਗੂ ਦਾ ਲਾਰਵਾ ਪੈਦਾ ਹੋ ਸਕਦਾ ਹੈ, ਅਤੇ ਡੇਂਗੂ ਦੇ ਮੱਛਰਾਂ ਦੇ ਕੱਟਣ ਨਾਲ ਤੁਸੀਂ ਗੰਭੀਰ ਬੀਮਾਰ ਵੀ ਹੋ ਸਕਦੇ ਹੋ।

# ਅੰਨਦਾਤਾ ਤੋਂ ਊਰਜਾਦਾਤਾ ਸਕੀਮ ਤਹਿਤ ਬਠਿੰਡਾ ਵਿੱਚ ਸਮਰੱਥਾ ਨਿਰਮਾਣ ਅਤੇ ਕਿਸਾਨ ਜਾਗਰੂਕਤਾ ਵਰਕਸ਼ਾਪ ਕਰਵਾਈ ਗਈ



**ਬਠਿੰਡਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਨਦਾਤਾ ਤੋਂ ਊਰਜਾਦਾਤਾ ਸਕੀਮ ਤਹਿਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਚਾਉਕੇ ਵਿਖੇ ਸਮਰੱਥਾ ਨਿਰਮਾਣ ਅਤੇ ਕਿਸਾਨ ਜਾਗਰੂਕਤਾ ਵਰਕਸ਼ਾਪ ਸਫਲਤਾਪੂਰਵਕ ਕਰਵਾਈ ਗਈ।

ਇਹ ਪਾਇਲਟ ਪਹਿਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹੈ। ਸਮਾਗਮ ਦਾ ਆਯੋਜਨ ਦ ਨੇਚਰ ਕਨਜ਼ਰਵੇਂਸੀ ਵੱਲੋਂ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ ਅਤੇ ਪੰਜਾਬ ਡਿਵੈਲਪਮੈਂਟ ਕਮਿਸ਼ਨ ਦੇ ਸਹਿਯੋਗ ਨਾਲ ਕੀਤਾ ਗਿਆ।

ਵਰਕਸ਼ਾਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਇਸ ਪਾਇਲਟ ਪਹਿਲ ਦੇ ਉਦੇਸ਼ਾਂ ਅਤੇ ਨਵਿਆਉਣਯੋਗ ਊਰਜਾ, ਖ਼ਾਸ ਕਰਕੇ ਸੂਰਜੀ ਊਰਜਾ, ਨੂੰ ਅਪਣਾਉਣ ਨਾਲ ਪਾਣੀ ਸੰਭਾਲ ਅਤੇ ਮਿੱਟੀ ਦੀ ਸਿਹਤ ਪ੍ਰਬੰਧਨ ਵਿੱਚ ਮਿਲਣ ਵਾਲੇ ਲੰਬੇ ਸਮੇਂ ਦੇ ਲਾਭ ਬਾਰੇ ਜਾਣੂ ਕਰਵਾਉਣਾ ਸੀ। ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਵੱਲੋਂ ਟਿਕਾਊ ਜਲ ਉਪਯੋਗ ਤਕਨੀਕਾਂ ਅਤੇ ਮਿੱਟੀ ਦੀ ਸਿਹਤ ਨੂੰ ਬਰਕਰਾਰ ਰੱਖਣ ਸਬੰਧੀ ਸੈਸ਼ਨ ਕਰਵਾਏ ਗਏ ਤਾਂ ਜੋ ਲੰਬੇ ਸਮੇਂ ਲਈ ਖੇਤੀ ਚੋਂ ਚੰਗਾ ਮੁਨਾਫਾ ਯਕੀਨੀ ਬਣਾਈ ਜਾ ਸਕੇ।

ਵਰਕਸ਼ਾਪ ਵਿੱਚ 400 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ। ਕਈ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਇਤ ਮੈਂਬਰਾਂ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਮੌਸਮ-ਅਨੁਕੂਲ ਅਤੇ ਟਿਕਾਊ ਖੇਤੀ ਪ੍ਰਥਾਵਾਂ 'ਤੇ ਅਧਾਰਤ ਇਸ ਪਹਿਲ ਦੀ ਸ਼ਲਾਘਾ ਕੀਤੀ।ਸਮਾਗਮ ਦੌਰਾਨ ਦ ਨੇਚਰ ਕਨਜ਼ਰਵੇਂਸੀ ਵੱਲੋਂ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ ਅਤੇ ਪੰਜਾਬ ਡਿਵੈਲਪਮੈਂਟ ਕਮਿਸ਼ਨ ਆਦਿ ਦੇ ਸੀਨੀਅਰ ਅਧਿਕਾਰੀ ਮੌਜੂਦ ਰਹੇ ਅਤੇ ਉਨ੍ਹਾਂ ਨੇ ਕਿਸਾਨਾਂ ਨਾਲ ਸਰਕਾਰੀ ਸਕੀਮ ਦੇ ਲਾਭਾਂ ਅਤੇ ਇਸ ਦੀ ਕਾਰਗੁਜ਼ਾਰੀ ਬਾਰੇ ਸਿੱਧੀ ਗੱਲਬਾਤ ਕੀਤੀ।

# ਸਦੀ ਖੇਤੀਬਾੜੀ ਕਮੇਟੀ ਵੱਲੋਂ ਸ੍ਰੀਨਗਰ, ਲੁਧਿਆਣਾ, ਚੰਡੀਗੜ੍ਹ ਤੇ ਸ਼ਿਮਲਾ ਦਾ ਅਧਿਐਨ ਦੌਰਾ ਸ਼ੁਰੂ



**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ, ਪਸ਼ੂ ਪਾਲਣ ਅਤੇ ਫੂਡ ਪ੍ਰੋਸੈਸਿੰਗ ਬਾਰੇ ਸੰਸਦੀ ਕਮੇਟੀ ਨੇ ਅੱਜ ਤੋਂ ਸ੍ਰੀਨਗਰ, ਲੁਧਿਆਣਾ, ਚੰਡੀਗੜ੍ਹ ਅਤੇ ਸ਼ਿਮਲਾ ਦਾ ਆਪਣਾ ਹਫ਼ਤਾ ਭਰ ਚੱਲਣ ਵਾਲਾ ਅਧਿਐਨ ਦੌਰਾ ਸ਼ੁਰੂ ਕਰ ਦਿੱਤਾ ਹੈ। ਇਸ ਦੌਰੇ ਦਾ ਮੁੱਖ ਮਕਸਦ ਦੇਸ਼ ਅੰਦਰ ਜਲ-ਖੇਤੀ (ਇਨਲੈਂਡ ਐਕਵਾਕਲਚਰ), ਖੇਤੀਬਾੜੀ ਖੋਜ, ਕੁਦਰਤੀ ਆਫ਼ਤਾਂ ਕਾਰਨ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਦੇ ਮੁਆਵਜ਼ੇ, ਡੇਅਰੀ ਬੁਨਿਆਦੀ ਢਾਂਚੇ ਅਤੇ ਫੂਡ ਪ੍ਰੋਸੈਸਿੰਗ ਖੇਤਰਾਂ ਵਿੱਚ ਦਰਪੇਸ਼ ਚੁਣੌਤੀਆਂ ਅਤੇ ਸੰਭਾਵਨਾਵਾਂ ਦੀ ਸਮੀਖਿਆ ਕਰਨਾ ਹੈ। ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਇਹ ਕਮੇਟੀ 4 ਜੂਨ ਤੱਕ ਚੱਲਣ ਵਾਲੇ ਇਸ ਦੌਰੇ ਦੌਰਾਨ ਕੇਂਦਰੀ ਮੰਤਰਾਲਿਆਂ, ਸੂਬਾ ਸਰਕਾਰਾਂ, ਖੋਜ ਸੰਸਥਾਵਾਂ, ਬੈਂਕਾਂ ਅਤੇ ਉਦਯੋਗ ਜਗਤ ਦੇ ਨੁਮਾਇੰਦਿਆਂ ਨਾਲ ਵਿਸਥਾਰਪੂਰਵਕ ਚਰਚਾ ਕਰੇਗੀ।

ਕਮੇਟੀ ਦੇ ਦੌਰੇ ਦੀ ਸ਼ੁਰੂਆਤ ਸ਼ਨੀਵਾਰ ਨੂੰ ਸ੍ਰੀਨਗਰ ਤੋਂ ਹੋਈ, ਜਿੱਥੇ ਇਨਲੈਂਡ ਐਕਵਾਕਲਚਰ ਅਤੇ ਰਿਜ਼ਰਵਾਇਰ ਫਿਸ਼ਰੀਜ਼ ਦੇ ਵਿਕਾਸ: ਫਰੈਸ਼ਵਾਟਰ ਐਕਵਾਕਲਚਰ ਅਤੇ ਕਲੱਸਟਰ-ਆਧਾਰਿਤ ਵਿਕਾਸ ਨੂੰ ਉਤਸ਼ਾਹਿਤ ਕਰਨਾ ਵਿਸ਼ੇ 'ਤੇ ਗੈਰ-ਰਸਮੀ ਗੱਲਬਾਤ ਕੀਤੀ ਗਈ। ਇਸ ਮੀਟਿੰਗ ਵਿੱਚ ਮੱਛੀ ਪਾਲਣ ਵਿਭਾਗ, ਐਨ.ਐਫ.ਡੀ.ਬੀ., ਆਈ.ਸੀ.ਏ.ਆਰ.-ਸੈਂਟਰਲ ਇੰਸਟੀਚਿਊਟ ਆਫ਼ ਕੋਲਡ-ਵਾਟਰ ਫਿਸ਼ਰੀਜ਼ ਰਿਸਰਚ, ਨਾਬਾਰਡ ਅਤੇ ਜੰਮੂ-ਕਸ਼ਮੀਰ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਦੁਪਹਿਰ ਤੋਂ ਬਾਅਦ ਦੇ ਸੈਸ਼ਨ ਵਿੱਚ ਜੰਮੂ-ਕਸ਼ਮੀਰ ਬੈਂਕ, ਐਪੀਡਾ ਐਨ.ਸੀ.ਡੀ.ਸੀ. ਅਤੇ ਖੇਤੀਬਾੜੀ ਮੰਤਰਾਲੇ ਦੇ ਅਧਿਕਾਰੀਆਂ ਨਾਲ ਖੇਤੀਬਾੜੀ ਮੁੱਲ ਲੜੀ (Agri-Value Chains) ਨੂੰ ਮਜ਼ਬੂਤ ਕਰਨ ਬਾਰੇ ਚਰਚਾ ਕੀਤੀ ਗਈ।

# ਵਿਧਾਇਕ ਜਲਾਲਾਬਾਦ ਨੇ ਅਰਨੀਵਾਲਾ ਨਗਰ ਨਿਗਮ ਚੋਣਾਂ ਵਿੱਚ 6 ਵਾਰਡਾਂ ਤੇ ਆਪ ਉਮੀਦਵਾਰਾਂ ਨੂੰ ਜਿੱਤ ਦਿਵਾਉਣ ਤੇ ਅਰਨੀਵਾਲਾ ਵਾਸੀਆਂ ਦਾ ਧੰਨਵਾਦ

**ਫਾਜ਼ਿਲਕਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਨਗਰ ਨਿਗਮ ਅਰਨੀਵਾਲਾ ਦੀਆਂ 11 ਵਾਰਡਾਂ ਵਿੱਚੋਂ 6 ਵਾਰਡਾਂ ਤੇ ਆਮ ਆਦਮੀ ਦੇ ਉਮੀਦਵਾਰਾਂ ਨੂੰ ਜਿੱਤ ਦੀਵਾਉਣ ਤੇ ਅਰਨੀ ਵਾਲਾ ਸ਼ੇਖ਼ ਸੁਭਾਨ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕੀਤਾ!

ਉਹਨਾਂ ਦੱਸਿਆ ਕਿ ਨਗਰ ਨਿਗਮ ਅਰਨੀਵਾਲਾ ਦੇ ਵਾਰਡ ਨੰਬਰ 2 ਤੋਂ ਸੰਦੀਪ ਕੁਮਾਰ, ਵਾਰਡ ਨੰਬਰ 3 ਤੋਂ ਕੇਵਲ ਕ੍ਰਿਸ਼ਨ ਕੰਬੋਜ, ਵਾਰਡ ਨੰਬਰ 8 ਤੋਂ ਹਰਭਜਨ ਦਾਸ, ਵਾਰਡ ਨੰਬਰ 9 ਤੋਂ ਮੋਨੂੰ ਕੱਕੜ, ਵਾਰਡ ਨੰਬਰ 10 ਤੋਂ



ਸ਼ਿਵ ਕੁਮਾਰ ਅਤੇ ਵਾਰਡ ਨੰਬਰ 11 ਤੋਂ ਕੁਲਵੰਤ ਕੌਰ ਨੇ ਜਿੱਤ ਪ੍ਰਾਪਤ ਕੀਤੀ ਹੈ!

ਉਹਨਾਂ ਕਿਹਾ ਕਿ ਅਰਨੀਵਾਲਾ ਵਾਸੀਆਂ ਵੱਲੋਂ ਜਿਸ ਆਸ ਨਾਲ ਇਨਾ ਉਮੀਦਵਾਰਾਂ ਨੂੰ ਜਿਤਾਇਆ ਗਿਆ ਹੈ, ਉਹਨਾਂ ਦੀ ਹਰ ਆਸ ਨੂੰ ਪੂਰਾ ਕੀਤਾ ਜਾਵੇਗਾ ਤੇ ਹੁਣ ਅਰਨੀਵਾਲਾ ਦਾ ਵਿਕਾਸ ਹੋਰ ਦੁੱਗਣੀ ਰਫਤਾਰ ਨਾਲ ਹੋਵੇਗਾ!

ਉਹਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੀ ਬਿਹਤਰੀ ਲਈ ਯਤਨਸ਼ੀਲ ਹੈ ਤੇ ਇਸੇ ਤਹਿਤ ਹੀ ਕਰੋੜਾਂ ਦੀ ਰਾਸ਼ੀ ਦੇ ਵਾਰਡ ਨੰਬਰ 2 ਤੋਂ ਸੰਦੀਪ ਕੁਮਾਰ, ਵਾਰਡ ਨੰਬਰ 3 ਤੋਂ ਕੇਵਲ ਕ੍ਰਿਸ਼ਨ ਕੰਬੋਜ, ਵਾਰਡ ਨੰਬਰਨਾਲ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

# ਅਮਰੀਕਾ ਨੇ ਇਰਾਨੀ ਫ਼ੌਜੀ ਟਿਕਾਣਿਆਂ 'ਤੇ ਸੁੱਟ ਬੰਬ; ਕੁਵੈਤ 'ਤੇ ਹੋਏ ਡਰੋਨ ਅਤੇ ਮਿਜ਼ਾਈਲ ਹਮਲੇ

**ਦੁਬਈ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਰਾਨ ਵੱਲੋਂ ਹਫ਼ਤੇ ਦੇ ਅਖੀਰ ਵਿੱਚ ਇੱਕ ਅਮਰੀਕੀ 'ਐੱਮ ਕਿਊ - 1 ਪ੍ਰੀਡੇਟਰ' ਡਰੋਨ ਨੂੰ ਮਾਰ ਗਿਰਾਉਣ ਤੋਂ ਬਾਅਦ, ਜਵਾਬ ਵਿੱਚ ਅਮਰੀਕਾ ਨੇ ਇਰਾਨ ਦੇ ਰਡਾਰ ਅਤੇ ਡਰੋਨ ਕੰਟਰੋਲ ਸੈਂਟਰਾਂ 'ਤੇ ਬੰਬ ਸੁੱਟੇ ਹਨ। ਅਮਰੀਕੀ ਫ਼ੌਜ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ।

ਇਰਾਨ ਨੇ ਜਵਾਬੀ ਹਮਲਾ ਕਰਨ ਦੀ ਗੱਲ ਸਵੀਕਾਰ ਕੀਤੀ। ਇਸ ਦੌਰਾਨ ਕੁਵੈਤ ਨੇ ਕਿਹਾ ਕਿ ਉਸ 'ਤੇ ਡਰੋਨ ਅਤੇ ਮਿਜ਼ਾਈਲ ਹਮਲੇ ਕੀਤੇ ਗਏ, ਜਿਨ੍ਹਾਂ ਨੂੰ ਉਨ੍ਹਾਂ ਦੇ ਨਿਸ਼ਾਨੇ ਤੱਕ ਪਹੁੰਚਣ ਤੋਂ ਰੋਕਣ ਲਈ ਉਸ ਦੀਆਂ ਹਵਾਈ ਰੱਖਿਆ ਪ੍ਰਣਾਲੀਆਂ (ਏਅਰ ਡਿਫੈਂਸ ਸਿਸਟਮ) ਨੇ ਕਾਰਵਾਈ ਸ਼ੁਰੂ ਕਰ ਦਿੱਤੀ।

ਇਹ ਹਮਲੇ ਇਰਾਨ ਯੁੱਧ ਵਿੱਚ ਕਈ ਹਫ਼ਤਿਆਂ ਤੋਂ ਲਾਗੂ ਜੰਗਬੰਦੀ ਦੀ ਨਾਜ਼ੁਕ ਸਥਿਤੀ ਨੂੰ ਦਰਸਾਉਂਦੇ ਹਨ। ਅਮਰੀਕੀ ਅਤੇ ਇਰਾਨੀ ਅਧਿਕਾਰੀ ਇਸ ਜੰਗਬੰਦੀ ਦੀ ਮਿਆਦ ਨੂੰ ਵਧਾਉਣ ਲਈ ਸਮਝੌਤੇ 'ਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਇਸ ਦੇ ਬਾਵਜੂਦ ਹਮਲੇ ਲਗਾਤਾਰ ਜਾਰੀ ਹਨ।

ਇਰਾਨ ਨੇ ਹੋਰਮੁਜ਼ ਜਲ ਮਾਰਗ 'ਤੇ ਆਪਣਾ ਕਬਜ਼ਾ ਜਮਾਇਆ ਹੋਇਆ ਹੈ, ਜਿਸ ਕਰਕੇ ਦੁਨੀਆ ਭਰ ਵਿੱਚ ਤੇਲ-ਗੈਸ (ਊਰਜਾ) ਦੀ ਸਪਲਾਈ 'ਤੇ ਅਸਰ ਪਿਆ ਹੈ। ਕਿਸੇ ਸਮੇਂ ਫ਼ਾਰਸ ਦੀ ਖਾੜੀ ਦੇ ਇਸ ਤੰਗ ਰਸਤੇ ਰਾਹੀਂ ਦੁਨੀਆ ਦੇ ਕੁੱਲ ਤੇਲ ਅਤੇ ਕੁਦਰਤੀ ਗੈਸ ਦੇ ਵਪਾਰ ਦਾ ਪੰਜਵਾਂ ਹਿੱਸਾ (20 ਫ਼ੀਸਦੀ) ਲੰਘਦਾ ਸੀ।

ਇਸੇ ਦੌਰਾਨ, ਹਾਲਾਤ ਲਗਾਤਾਰ ਹੋਰ ਖ਼ਰਾਬ ਹੁੰਦੇ ਜਾ ਰਹੇ ਹਨ। ਇਜ਼ਰਾਈਲ ਨੇ ਲੇਬਨਾਨ ਦੇ ਅੰਦਰ ਲਿਤਾਨੀ ਨਦੀ ਤੋਂ ਅੱਗੇ ਤੱਕ ਆਪਣਾ ਕਬਜ਼ਾ ਕਰ ਲਿਆ ਹੈ, ਜਦੋਂ ਕਿ ਦੂਜੇ ਪਾਸੇ ਹਿਜ਼ਬੁੱਲਾ ਸੰਗਠਨ ਵੀ ਇਜ਼ਰਾਈਲ ਉੱਤੇ ਲਗਾਤਾਰ ਡਰੋਨ ਹਮਲੇ ਕਰ ਰਿਹਾ ਹੈ।

ਅਮਰੀਕੀ ਫ਼ੌਜ ਦੀ 'ਸੈਂਟਰਲ ਕਮਾਂਡ' ਨੇ ਕਿਹਾ ਕਿ ਉਸ ਨੇ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਇਰਾਨ ਦੇ ਗੇਰੂਕ ਸ਼ਹਿਰ ਅਤੇ ਕੇਸ਼ਮ ਟਾਪੂ ਦੇ ਆਲੇ-ਦੁਆਲੇ ਹਮਲੇ ਕੀਤੇ।

'ਸੈਂਟਰਲ ਕਮਾਂਡ' ਨੇ ਕਿਹਾ, ਇਹ ਹਮਲੇ ਬਹੁਤ ਸੀਮਤ ਅਤੇ ਸੋਚ-ਸਮਝ ਕੇ ਇਰਾਨ ਦੀਆਂ ਹਮਲਾਵਰ ਕਾਰਵਾਈਆਂ ਦੇ ਜਵਾਬ ਵਿੱਚ ਕੀਤੇ ਗਏ ਹਨ। ਇਨ੍ਹਾਂ ਕਾਰਵਾਈਆਂ ਵਿੱਚ ਕੌਮਾਂਤਰੀ ਸਮੰਦਰੀ ਖੇਤਰ ਦੇ ਉੱਪਰ ਉਡਾਣ ਭਰ ਰਹੇ 'ਅਮਰੀਕੀ ਐੱਮ.ਕਿਊ.-1' ਡਰੋਨ ਨੂੰ ਇਰਾਨ ਵੱਲੋਂ ਮਾਰ ਗਿਰਾਉਣਾ ਵੀ ਸ਼ਾਮਲ ਹੈ।

ਕਮਾਂਡ ਨੇ ਕਿਹਾ, ÷ਅਮਰੀਕੀ ਲੜਾਕੂ ਜਹਾਜ਼ਾਂ ਨੇ ਤੁਰੰਤ ਐਕਸ਼ਨ ਲੈਂਦੇ ਹੋਏ ਇਰਾਨ ਦੇ ਏਅਰ ਡਿਫੈਂਸ ਸਿਸਟਮ (ਹਵਾਈ ਰੱਖਿਆ ਪ੍ਰਣਾਲੀ), ਇੱਕ ਜ਼ਮੀਨੀ ਕੰਟਰੋਲ ਸੈਂਟਰ ਅਤੇ ਦੋ ਅਜਿਹੇ ਡਰੋਨਾਂ ਨੂੰ ਤਬਾਹ ਕਰ ਦਿੱਤਾ, ਜੋ ਉਸ ਇਲਾਕੇ ਦੇ ਸਮੁੰਦਰੀ ਰਸਤੇ ਤੋਂ ਲੰਘ ਰਹੇ ਜਹਾਜ਼ਾਂ ਲਈ ਸਿੱਧਾ ਖ਼ਤਰਾ ਬਣੇ ਹੋਏ ਸਨ।÷

ਇਰਾਨ ਦੀ ਸਰਕਾਰੀ ਸਮਾਚਾਰ ਏਜੰਸੀ 'ਆਈ ਆਰ ਐੱਨ ਏ' (IRNA) ਦੀ ਖ਼ਬਰ ਅਨੁਸਾਰ, ਇਰਾਨੀ ਅਰਧ-ਸੈਨਿਕ ਬਲ 'ਰਿਵੋਲਿਊਸ਼ਨਰੀ ਗਾਰਡ' ਨੇ ਇੱਕ ਬਿਆਨ ਵਿੱਚ ਦੱਸਿਆ ਕਿ ਅਮਰੀਕੀ ਬਲਾਂ ਨੇ ਇੱਕ ਟਾਪੂ 'ਤੇ ਟੈਲੀਕਾਮ ਟਾਵਰ ਨੂੰ ਨਿਸ਼ਾਨਾ ਬਣਾਇਆ।

# ਪੰਜਾਬ ਕੈਬਨਿਟ ਵੱਲੋਂ ਚੋਣ ਵਿਭਾਗ ਦੇ ਸੇਵਾ ਨਿਯਮਾਂ 'ਚ ਸੋਧ ਨੂੰ ਹਰੀ ਝੰਡੀ



**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਦੀ ਚੋਣ ਮਸ਼ੀਨਰੀ ਨੂੰ ਮਜ਼ਬੂਤ ਕਰਨ ਲਈ ਚੋਣ ਵਿਭਾਗ ਦੇ ਸੇਵਾ ਨਿਯਮਾਂ ਵਿੱਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਫੈਸਲੇ ਨਾਲ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਪ੍ਰਸ਼ਾਸਨਿਕ ਰੁਕਾਵਟਾਂ ਦੂਰ ਹੋਣਗੀਆਂ, ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐਸ.ਆਈ.ਆਰ.) ਨੂੰ ਸੁਚਾਰੂ ਅਤੇ ਨਿਰਵਿਘਨ ਤਰੀਕੇ ਨਾਲ ਨੇਪਰੇ ਚਾੜ੍ਹਨ ਵਿੱਚ ਮਦਦ ਮਿਲੇਗੀ ਅਤੇ ਚੋਣਾਂ ਨਾਲ ਸਬੰਧਤ ਕਾਰਜਾਂ ਲਈ ਲੋੜੀਂਦਾ ਸਟਾਫ਼ ਯਕੀਨੀ ਬਣਾਉਣ ਲਈ ਖਾਲੀ ਪਈਆਂ ਮਹੱਤਵਪੂਰਨ ਅਸਾਮੀਆਂ ਨੂੰ ਭਰਨ ਲਈ ਰਾਹ ਪੱਧਰਾ ਹੋਵੇਗਾ। ਮੰਤਰੀ ਮੰਡਲ ਨੇ ਜਲ ਸਰੋਤ ਵਿਭਾਗ ਦੀ ਸਾਲ 2025-26 ਦੀ ਸਾਲਾਨਾ ਪ੍ਰਸ਼ਾਸਨਿਕ ਰਿਪੋਰਟ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਇਹ ਫੈਸਲੇ ਅੱਜ ਇੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਏ ਗਏ। ਮੰਤਰੀ ਮੰਡਲ ਨੇ ਚੋਣ ਕਾਨੂੰਨਗੋ ਦੀ ਅਸਾਮੀ ਤੋਂ ਚੋਣ ਤਹਿਸੀਲਦਾਰ ਵਜੋਂ ਤਰੱਕੀ ਲਈ ਲੋੜੀਂਦੇ ਤਜਰਬੇ ਨੂੰ 15 ਸਾਲ ਤੋਂ ਘਟਾ ਕੇ 12 ਸਾਲ ਕਰਨ ਲਈ ਚੋਣ ਵਿਭਾਗ ਦੇ ਸੇਵਾ ਨਿਯਮਾਂ ਵਿੱਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਸੋਧ ਵਿਭਾਗ ਵਿੱਚ ਚੋਣ ਤਹਿਸੀਲਦਾਰ ਦੀਆਂ 7 ਖਾਲੀ ਅਸਾਮੀਆਂ ਹੋਣ ਕਾਰਨ ਜ਼ਰੂਰੀ ਹੋ ਗਈ ਸੀ। ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਸੁਧਾਈ ਅਤੇ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚੋਣਾਂ ਨਾਲ ਸਬੰਧਤ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਚੋਣ ਤਹਿਸੀਲਦਾਰਾਂ ਦੀਆਂ ਸੇਵਾਵਾਂ ਦੀ ਤੁਰੰਤ ਲੋੜ ਹੈ।

ਮੌਜੂਦਾ ਨਿਯਮਾਂ ਤਹਿਤ 15 ਸਾਲਾਂ ਦੇ ਤਜਰਬੇ ਦੀ ਲੋੜ ਹੁੰਦੀ ਹੈ ਅਤੇ ਇਸ ਵੇਲੇ ਸੇਵਾ ਨਿਭਾ ਰਹੇ ਚੋਣ ਕਾਨੂੰਨਗੋਆਂ ਵਿੱਚੋਂ ਕੋਈ ਵੀ ਤਰੱਕੀ ਲਈ ਯੋਗ ਨਹੀਂ ਹੈ। ਵਿਭਾਗ ਨੇ ਲੋੜੀਂਦੇ ਤਜਰਬੇ ਨੂੰ ਘਟਾ ਕੇ 12 ਸਾਲ ਕਰਨ ਦੀ ਤਜਵੀਜ਼ ਰੱਖੀ ਸੀ ਤਾਂ ਜੋ ਯੋਗ ਚੋਣ ਕਾਨੂੰਨਗੋਆਂ ਨੂੰ ਆਉਣ ਵਾਲੇ ਸਮੇਂ ਵਿੱਚ ਪਦ-ਉੱਨਤ ਕੀਤਾ ਜਾ ਸਕੇ ਅਤੇ ਚੋਣ ਮਸ਼ੀਨਰੀ ਨੂੰ ਮਜ਼ਬੂਤ ਕਰਨ ਲਈ ਖਾਲੀ ਪਈਆਂ ਅਸਾਮੀਆਂ ਨੂੰ ਭਰਿਆ ਜਾ ਸਕੇ।

# ਕਰਿਆਨਾ ਸਟੋਰ ਦੇ ਮਾਲਕ ਦੀ ਦਿਨ ਦਿਹਾੜੇ ਗੋਲੀਆਂ ਮਾਰ ਕੇ ਹੱਤਿਆ

**ਫਿਰੋਜ਼ਪੁਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਫਿਰੋਜ਼ਪੁਰ ਦੇ ਕਸਬਾ ਮੱਖੂ ਦੇ ਗੁਰਦੁਆਰਾ ਸਿੰਘ ਸਭਾ ਦੇ ਸਾਹਮਣੇ ਮੇਨ ਬਜ਼ਾਰ ਵਿੱਚ ਭੀੜ ਭਰੇ ਇਲਾਕੇ ਵਿਚ ਕੁੱਝ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਕਰਿਆਨਾ ਸਟੋਰ ਦੇ ਮਾਲਕ ਗੁਰਚਰਨ ਸਿੰਘ (ਕਾਲਾ ਗਾਬਾ) ਪੁੱਤਰ



ਕੁਲਵੰਤ ਸਿੰਘ ਗਾਬਾ ਨੂੰ ਦਿਨ ਦਿਹਾੜੇ ਗੋਲੀਆਂ ਮਾਰ ਕੇ ਗੰਭੀਰ ਰੂਪ ਵਿੱਚ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ ਦੀ ਮੋਗਾ ਮੈਡੀਸਿਟੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ।

ਮ੍ਰਿਤਕ ਕਾਲਾ ਗਾਬਾ ਦੀ ਦੁਕਾਨ 'ਤੇ ਕੰਮ ਕਰਨ ਵਾਲੇ ਮੁਲਾਮਜ਼ ਨੇ ਦੱਸਿਆ ਕਿ ਹਮਲਾਵਰ ਪਹਿਲਾਂ ਦੁਕਾਨ 'ਤੇ ਕੋਲਡਰਿੰਕ ਲੈਣ ਦੇ ਬਹਾਨੇ ਆਇਆ ਅਤੇ ਤਕਰੀਬਨ 10-12 ਮਿੰਟ ਦੁਕਾਨ ਵਿੱਚ ਖੜ੍ਹਾ ਰਿਹਾ। ਮੁਲਾਜ਼ਮ ਨੇ ਦੱਸਿਆ ਕਿ ਉਹ ਬਾਅਦ ਵਿੱਚ ਕੋਲਡਰਿੰਕ ਲੈ ਕੇ ਚਲਾ ਗਿਆ ਅਤੇ ਫ਼ਿਰ 10 ਕੁ ਮਿੰਟ ਬਾਅਦ ਦੋ ਜਣੇ ਦੁਬਾਰਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ। ਇਕ ਵਿਅਕਤੀ ਮੋਟਰਸਾਈਕਲ 'ਤੇ ਬੈਠਾ ਰਿਹਾ ਅਤੇ ਦੂਸਰੇ ਵਿਅਕਤੀ ਵੱਲੋਂ ਦੁਕਾਨ ਦੇ ਅੰਦਰ ਆ ਕੇ ਕਾਲਾ ਗਾਬਾ ਦੇ ਗੋਲੀਆਂ ਮਾਰਨ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਏ।

ਘਟਨਾ ਦੀ ਸੂਚਨਾ ਮਿਲਦੇ ਹੀ ਐੱਸ ਐੱਸ ਪੀ ਭੁਪਿੰਦਰ ਸਿੰਘ ਸਿੱਧੂ ਫਿਰੋਜ਼ਪੁਰ ਅਤੇ ਥਾਣਾ ਮੱਖੂ ਦੀ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਮ੍ਰਿਤਕ ਗੁਰਚਰਨ ਸਿੰਘ ਕਾਲਾ ਗਾਬਾ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਘਟਨਾ ਦੀ ਪੜਤਾਲ ਸ਼ੁਰੂ ਕਰ ਦਿੱਤੀ। ਗੁਰਚਰਨ ਸਿੰਘ ਕਾਲਾ ਗਾਬਾ ਦੀ ਹੋਈ ਹੱਤਿਆ ਕਾਰਨ ਸ਼ਹਿਰ ਵਾਸੀਆਂ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਸ਼ਹਿਰ ਵਾਸੀਆਂ ਵਿੱਚ ਸੋਗ ਦੀ ਲਹਿਰ ਦੌੜ ਗਈ।

# ਲੁਧਿਆਣਾ 'ਚ ਜ਼ਹਿਰੀਲੀ ਗੈਸ ਲੀਕ, ਪਿਤਾ-ਪੁੱਤਰ ਸਣੇ ਤਿੰਨ ਦੀ ਮੌਤ; ਕਈ ਮਜ਼ਦੂਰਾਂ ਦੀ ਹਾਲਤ ਗੰਭੀਰ, ਸਿਹਤ ਵਿਭਾਗ ਤੇ ਜਾਂਚ ਟੀਮਾਂ ਪੁੱਜੀਆਂ



**ਲੁਧਿਆਣਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੀ ਇੱਕ ਪਾਨਾ-ਚਾਬੀ ਬਣਾਉਣ ਵਾਲੀ ਫੈਕਟਰੀ ਵਿੱਚ ਜ਼ਹਿਰੀਲੀ ਗੈਸ ਲੀਕ ਹੋਣ ਕਾਰਨ ਵਾਪਰੇ ਦਰਦਨਾਕ ਹਾਦਸੇ ਨੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜਾ ਦਿੱਤੀ। ਅਚਾਨਕ ਫੈਲੀ ਗੈਸ ਕਾਰਨ ਦਮ ਘੁੱਟਣ ਨਾਲ ਇੱਕ ਪਿਤਾ ਅਤੇ ਉਸ ਦੇ ਪੁੱਤਰ ਦੀ ਮੌਤ ਹੋ ਗਈ, ਜਦਕਿ ਕਈ ਹੋਰ ਮਜ਼ਦੂਰ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਏ ਹਨ। ਕੁਝ ਮਜ਼ਦੂਰ ਬੇਹੋਸ਼ ਹੋ ਗਏ ਅਤੇ ਕਈਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਕੁਝ ਦੀ ਹਾਲਤ ਚਿੰਤਾਜਨਕ ਦੱਸੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਫੈਕਟਰੀ ਵਿੱਚ ਰੋਜ਼ਾਨਾ ਦੀ ਤਰ੍ਹਾਂ ਕੰਮ ਚੱਲ ਰਿਹਾ ਸੀ। ਇਸ ਦੌਰਾਨ ਕਿਸੇ ਪਾਈਪਲਾਈਨ ਜਾਂ ਗੈਸ ਸਿਲੰਡਰ ਵਿੱਚ ਖਰਾਬੀ ਆਉਣ ਕਾਰਨ ਜ਼ਹਿਰੀਲੀ ਗੈਸ ਦਾ ਰਿਸਾਅ ਸ਼ੁਰੂ ਹੋ ਗਿਆ। ਕੁਝ ਹੀ ਮਿੰਟਾਂ ਵਿੱਚ ਗੈਸ ਪੂਰੇ ਕਾਰਖਾਨੇ ਵਿੱਚ ਫੈਲ ਗਈ, ਜਿਸ ਕਾਰਨ ਅੰਦਰ ਕੰਮ ਕਰ ਰਹੇ ਮਜ਼ਦੂਰਾਂ ਨੂੰ ਬਾਹਰ ਨਿਕਲਣ ਦਾ ਮੌਕਾ ਵੀ ਨਹੀਂ ਮਿਲਿਆ।

ਮੌਕੇ ਤੇ ਮੌਜੂਦ ਲੋਕਾਂ ਮੁਤਾਬਕ ਗੈਸ ਦਾ ਅਸਰ ਇੰਨਾ ਤੇਜ਼ ਸੀ ਕਿ ਕਈ ਮਜ਼ਦੂਰਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਣ ਲੱਗੀ ਅਤੇ ਅੱਖਾਂ ਵਿੱਚ ਭਿਆਨਕ ਜਲਣ ਮਹਿਸੂਸ ਹੋਈ। ਕੁਝ ਮਜ਼ਦੂਰ ਬੇਹੋਸ਼ ਹੋ ਕੇ ਫੈਕਟਰੀ ਦੇ ਅੰਦਰ ਹੀ ਡਿੱਗ ਪਏ, ਜਿਸ ਨਾਲ ਹਫੜਾ-ਦਫੜੀ ਮਚ ਗਈ।

ਹਾਦਸੇ ਦੀ ਸੂਚਨਾ ਮਿਲਦੇ ਹੀ ਰਾਹਤ ਟੀਮਾਂ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਕਾਰਵਾਈ ਸ਼ੁਰੂ ਕੀਤੀ। ਇਸ ਦੌਰਾਨ ਪਿਤਾ-ਪੁੱਤਰ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਦੋਵਾਂ ਦੀ ਜਾਨ ਨਹੀਂ ਬਚ ਸਕੀ। ਮ੍ਰਿਤਕਾਂ ਦੀ ਪਛਾਣ ਮਾਨਾ ਅਤੇ ਉਸ ਦੇ ਪੁੱਤਰ ਅਮਿਤ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਫੈਕਟਰੀ ਵਿੱਚ ਰੋਜ਼ਾਨਾ ਦੀ ਤਰ੍ਹਾਂ ਕੰਮ ਚੱਲ ਰਿਹਾ ਸੀ। ਇਸ ਦੌਰਾਨ ਕਿਸੇ ਪਾਈਪਲਾਈਨ ਜਾਂ ਗੈਸ ਸਿਲੰਡਰ ਵਿੱਚ ਖਰਾਬੀ ਆਉਣ ਕਾਰਨ ਜ਼ਹਿਰੀਲੀ ਗੈਸ ਦਾ ਰਿਸਾਅ ਸ਼ੁਰੂ ਹੋ ਗਿਆ। ਕੁਝ ਹੀ ਮਿੰਟਾਂ ਵਿੱਚ ਗੈਸ ਪੂਰੇ ਕਾਰਖਾਨੇ ਵਿੱਚ ਫੈਲ ਗਈ, ਜਿਸ ਕਾਰਨ ਅੰਦਰ ਕੰਮ ਕਰ ਰਹੇ ਮਜ਼ਦੂਰਾਂ ਨੂੰ ਬਾਹਰ ਨਿਕਲਣ ਦਾ ਮੌਕਾ ਵੀ ਨਹੀਂ ਮਿਲਿਆ। ਮੌਕੇ ਤੇ ਮੌਜੂਦ ਲੋਕਾਂ ਮੁਤਾਬਕ ਗੈਸ ਦਾ ਅਸਰ ਇੰਨਾ ਤੇਜ਼ ਸੀ ਕਿ ਕਈ ਮਜ਼ਦੂਰਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਣ ਲੱਗੀ ਅਤੇ ਅੱਖਾਂ ਵਿੱਚ ਭਿਆਨਕ ਜਲਣ ਮਹਿਸੂਸ ਹੋਈ। ਕੁਝ ਮਜ਼ਦੂਰ ਬੇਹੋਸ਼ ਹੋ ਕੇ ਫੈਕਟਰੀ ਦੇ ਅੰਦਰ ਹੀ ਡਿੱਗ ਪਏ, ਜਿਸ ਨਾਲ ਹਫੜਾ-ਦਫੜੀ ਮਚ ਗਈ।ਹਾਦਸੇ ਦੀ ਸੂਚਨਾ ਮਿਲਦੇ ਹੀ ਰਾਹਤ ਟੀਮਾਂ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਕਾਰਵਾਈ ਸ਼ੁਰੂ ਕੀਤੀ।

ਇਸ ਦੌਰਾਨ ਪਿਤਾ-ਪੁੱਤਰ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਦੋਵਾਂ ਦੀ ਜਾਨ ਨਹੀਂ ਬਚ ਸਕੀ। ਮ੍ਰਿਤਕਾਂ ਦੀ ਪਛਾਣ ਮਾਨਾ ਅਤੇ ਉਸ ਦੇ ਪੁੱਤਰ ਅਮਿਤ ਵਜੋਂ ਹੋਈ ਹੈ।

# ਪੰਜਾਬ ਵਿੱਚ ਪਹਿਲੀ ਵਾਰ ਗੰਨੇ ਦੇ 100 ਫੀਸਦੀ ਬਕਾਏ ਦਾ ਨਿਪਟਾਰਾ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੇ ਖੇਤੀਬਾੜੀ ਅਤੇ ਸਹਿਕਾਰੀ ਖੇਤਰਾਂ ਨੂੰ ਮਜ਼ਬੂਤ ਕਰਨ ਵਿੱਚ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਪਹਿਲੀ ਵਾਰ ਪੰਜਾਬ ਸਰਕਾਰ ਨੇ ਸਾਲ 2025-26 ਦੇ ਪਿੜਾਈ ਸੀਜ਼ਨ ਦੌਰਾਨ ਗੰਨਾ ਕਿਸਾਨਾਂ ਦੇ 100 ਫੀਸਦੀ ਬਕਾਏ ਅਦਾ ਕਰ ਦਿੱਤੇ ਹਨ।

ਸੂਬੇ ਭਰ ਦੀਆਂ ਖੰਡ ਮਿੱਲਾਂ ਨੇ ਰਿਕਾਰਡ 167.20 ਲੱਖ ਕੁਇੰਟਲ ਗੰਨੇ ਦੀ ਖਰੀਦ ਕੀਤੀ ਅਤੇ 695.36 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ ਤਾਂ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੇ ਬਕਾਏ ਦੀ ਅਦਾਇਗੀ ਯਕੀਨੀ ਬਣਾਈ ਜਾ ਸਕੇ।

# ਅਮਨ ਅਰੋੜਾ ਨੇ ਸੁਨਾਮ ਦੇ ਨਵੇਂ ਚੁਣੇ ਕੌਂਸਲਰਾਂ ਨੂੰ ਐਮ.ਸੀ. ਸਰਟੀਫਿਕੇਟ ਵੰਡੇ, ਲੋਕ ਸੇਵਾ ਨੂੰ ਪਹਿਲ ਦੇਣ ਦੀ ਕੀਤੀ ਅਪੀਲ



**ਸੁਨਾਮ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ,ਨ ਜੁਸ਼੍ਰੀ ਅਮਨ ਅਰੋੜਾ ਨੇ ਅੱਜ ਸੁਨਾਮ ਨਗਰ ਕੌਂਸਲ ਦੇ ਨਵੇਂ ਚੁਣੇ ਕੌਂਸਲਰਾਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਵੱਲੋਂ ਸਾਰੇ ਨਵੇਂ ਚੁਣੇ ਕੌਂਸਲਰਾਂ ਨੂੰ ਐਮ.ਸੀ. ਸਰਟੀਫਿਕੇਟ ਵੀ ਵੰਡੇ ਗਏ ਅਤੇ ਉਨ੍ਹਾਂ ਨੂੰ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਇਮਾਨਦਾਰੀ ਅਤੇ ਸਮਰਪਣ ਨਾਲ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਕੌਂਸਲਰਾਂ ਨੂੰ ਕਿਹਾ ਕਿ ਉਹ ਆਪਣੇ-ਆਪਣੇ ਵਾਰਡਾਂ ਦੇ ਵਸਨੀਕਾਂ ਨਾਲ ਲਗਾਤਾਰ ਰਾਬਤਾ ਕਾਇਮ ਰੱਖਣ ਅਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਤੁਰੰਤ ਹੱਲ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜਨ ਪ੍ਰਤੀਨਿਧੀਆਂ ਦੀ ਜ਼ਿੰਮੇਵਾਰੀ ਸਿਰਫ਼ ਚੋਣ ਜਿੱਤਣ ਤਕ ਸੀਮਤ ਨਹੀਂ ਹੁੰਦੀ, ਸਗੋਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝ ਕੇ ਉਨ੍ਹਾਂ ਦੇ ਹੱਲ ਲਈ ਨਿਰੰਤਰ ਯਤਨ ਕਰਨਾ ਵੀ ਉਨ੍ਹਾਂ ਦਾ ਫਰਜ਼ ਹੈ। ੀ ਅਮਨ ਅਰੋੜਾ ਨੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਮੌਜੂਦ ਸਾਰੇ ਪ੍ਰਾਇਮਰੀ ਅਤੇ ਸੈਕੰਡਰੀ ਡੰਪਾਂ ਦੀ ਸਫ਼ਾਈ ਹਰ ਰੋਜ਼ ਸਵੇਰੇ 10 ਵਜੇ ਤੱਕ ਮੁਕੰਮਲ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਨਾਗਰਿਕਾਂ ਨੂੰ ਸਾਫ਼-ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣਾ ਨਗਰ ਕੌਂਸਲ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਸ਼ਹਿਰ ਦੇ ਖਾਲੀ ਪਲਾਟਾਂ ਦੇ ਮਾਲਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਪਲਾਟਾਂ ਦੀ ਚਾਰਦੀਵਾਰੀ ਕਰਵਾਉਣ ਅਤੇ ਉਨ੍ਹਾਂ ਦੀ ਨਿਯਮਤ ਸਫ਼ਾਈ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਖਾਲੀ ਪਲਾਟਾਂ ਵਿੱਚ ਗੰਦਗੀ ਅਤੇ ਜੰਗਲੀ ਬੂਟੇ ਇਕੱਠੇ ਹੋਣ ਕਾਰਨ ਨਾ ਸਿਰਫ਼ ਵਾਤਾਵਰਨ ਪ੍ਰਭਾਵਿਤ ਹੁੰਦਾ ਹੈ, ਸਗੋਂ ਬਿਮਾਰੀਆਂ ਫੈਲਣ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਅਗਾਮੀ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਕੈਬਨਿਟ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਸ਼ਹਿਰ ਦੇ ਸੀਵਰੇਜ ਅਤੇ ਪਾਣੀ ਨਿਕਾਸੀ ਪ੍ਰਬੰਧਾਂ ਦੀ ਸਮੇਂ ਸਿਰ ਸਫ਼ਾਈ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਬਰਸਾਤ ਦੌਰਾਨ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਤੋਂ ਬਚਣ ਲਈ ਸਾਰੇ ਨਾਲਿਆਂ ਅਤੇ ਡਰੇਨਾਂ ਦੀ ਸਫ਼ਾਈ ਪਹਿਲਾਂ ਹੀ ਮੁਕੰਮਲ ਕਰ ਲਈ ਜਾਵੇ।

ਸ਼ਹਿਰ ਦੀ ਸੁੰਦਰਤਾ ਅਤੇ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਸੜਕਾਂ ਦੇ ਡਿਵਾਈਡਰਾਂ ਉੱਪਰ ਰੱਖੇ ਵੱਡੇ ਗਮਲਿਆਂ ਨੂੰ ਉਚਿਤ ਅਤੇ ਸੁਰੱਖਿਅਤ ਥਾਵਾਂ 'ਤੇ ਤਬਦੀਲ ਕਰਨ ਦੀ ਹਦਾਇਤ ਵੀ ਕੀਤੀ ਗਈ। ਇਸ ਦੇ ਨਾਲ ਹੀ ਉਨ੍ਹਾਂ ਸ਼ਹਿਰ ਵਿੱਚ ਵੱਧ ਤੋਂ ਵੱਧ ਰੁੱਖ ਅਤੇ ਸਜਾਵਟੀ ਬੂਟੇ ਲਗਾਉਣ ਲਈ ਨਗਰ ਕੌਂਸਲ ਅਤੇ ਆਮ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ। ਮੀਟਿੰਗ ਦੌਰਾਨ ਸ਼੍ਰੀ ਅਮਨ ਅਰੋੜਾ ਨੇ ਇਹ ਵੀ ਭਰੋਸਾ ਦਿਵਾਇਆ ਕਿ ਸੁਨਾਮ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਵੇਂ ਕੋਈ ਕੌਂਸਲਰ ਆਮ ਆਦਮੀ ਪਾਰਟੀ ਨਾਲ ਸਬੰਧਤ ਹੋਵੇ ਜਾਂ ਕਿਸੇ ਹੋਰ ਰਾਜਨੀਤਿਕ ਪਾਰਟੀ ਨਾਲ, ਸਾਰੇ ਵਾਰਡਾਂ ਵਿੱਚ ਇੱਕਸਾਰ ਵਿਕਾਸ ਯਕੀਨੀ ਬਣਾਇਆ ਜਾਵੇਗਾ ਅਤੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ਹਿਰੀ ਵਿਕਾਸ, ਸਫ਼ਾਈ, ਹਰਿਆਵਲੀ ਅਤੇ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਨਗਰ ਕੌਂਸਲਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਇਸ ਮੌਕੇ ਵੱਡੀ ਗਿਣਤੀ ਐਮ.ਸੀ. ਸਾਹਿਬਾਨ ਅਤੇ ਵੱਖ ਵੱਖ ਅਹੁਦੇਦਾਰ ਹਾਜ਼ਰ ਸਨ।

# ਐਸ.ਸੀ. ਕਮਿਸ਼ਨ ਵੱਲੋਂ ਰਵਨੀਤ ਸਿੰਘ ਬਿੱਟੂ ਵੱਲੋਂ 4 ਜੂਨ ਨੂੰ ਤਲਬ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਜਾਤੀਸੂਚਕ ਸ਼ਬਦ ਵਰਤਣ ਸਬੰਧੀ ਮਾਮਲੇ ਵਿੱਚ ਆਪਣਾ ਪੱਖ ਰੱਖਣ ਲਈ 4 ਜੂਨ 2026 ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਲਈ ਤਲਬ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਆਪਣੇ ਧੂਰੀ ਦੌਰੇ ਦੌਰਾਨ ਜਾਤੀਸੂਚਕ ਸ਼ਬਦ ਵਰਤੇ ਗਏ ਸਨ ਜਿਸ ਬਾਬਤ ਐਸ.ਐਸ.ਪੀ. ਸੰਗਰੂਰ ਤੋਂ ਰਿਪੋਰਟ ਤਲਬ ਕੀਤੀ ਗਈ ਸੀ ਪ੍ਰੰਤੂ ਪੁਲਿਸ ਵੱਲੋਂ ਅੱਜ ਪੇਸ਼ ਰਿਪੋਰਟ ਨਾਲ ਕਮਿਸ਼ਨ ਵੱਲੋਂ ਅਸਿਹਮਤੀ ਜਾਹਿਰ ਕੀਤੀ ਗਈ ਹੈ।

# 1984 ਦੇ ਸ਼ਹੀਦਾਂ ਦੀ ਯਾਦ ਵਿੱਚ ਅਖੰਡ ਪਾਠ ਸਾਹਿਬ ਅੱਜ ਤੋਂ: ਹਰਮੀਤ ਸਿੰਘ ਕਾਲਕਾ

**ਨਵੀਂ ਦਿੱਲੀ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਜੂਨ 1984 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵਾਪਰੇ ਸ਼ਹੀਦੀ ਸਾਕੇ ਦੌਰਾਨ ਸਿੱਖ ਕੌਮ ਅਤੇ ਧਰਮ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸਿੰਘਾਂ ਅਤੇ ਸਿੰਘਣੀਆਂ ਦੀ ਪਵਿੱਤਰ ਯਾਦ ਨੂੰ ਸਮਰਪਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 2 ਜੂਨ 2026 ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਜੀ ਵਿਖੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਅਖੰਡ ਪਾਠ ਸਾਹਿਬ ਦੀ ਸਮਾਪਤੀ 4 ਜੂਨ 2026 ਦਿਨ ਵੀਰਵਾਰ ਸਵੇਰੇ 10:00 ਵਜੇ ਹੋਵੇਗੀ, ਜਿਸ ਉਪਰੰਤ ਵਿਸ਼ੇਸ਼ ਅਰਦਾਸ



ਸਮਾਗਮ ਕਰਵਾਇਆ ਜਾਵੇਗਾ। ਉਨਾਂ ਕਿਹਾ ਕਿ ਇਸ ਦੌਰਾਨ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇਗੀ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਜੂਨ 1984 ਦਾ ਸ਼ਹੀਦੀ ਸਾਕਾ ਸਿੱਖ ਇਤਿਹਾਸ ਦਾ ਇੱਕ ਅਹਿਮ ਅਤੇ ਦਰਦਨਾਕ ਪੜਾਅ ਹੈ, ਜਿਸ ਨੇ ਪੂਰੀ ਸਿੱਖ ਕੌਮ ਨੂੰ ਬੁਰੀ ਤਰਾਂ ਪ੍ਰਭਾਵਿਤ ਕੀਤਾ।

ਉਨਾਂ ਕਿਹਾ ਕਿ ਇਸ ਸਾਕੇ ਦੌਰਾਨ ਸ਼ਹੀਦ ਹੋਏ ਸਿੰਘਾਂ ਅਤੇ ਸਿੰਘਣੀਆਂ ਦੀਆਂ ਕੁਰਬਾਨੀਆਂ ਸਦਾ ਲਈ ਸਿੱਖ ਕੌਮ ਦੀ ਯਾਦ ਦਾ ਅਟੁੱਟ ਹਿੱਸਾ ਰਹਿਣਗੀਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਧਰਮ, ਸਿਧਾਂਤਾਂ ਅਤੇ ਅਸੂਲਾਂ ਦੀ ਰੱਖਿਆ ਲਈ ਪ੍ਰੇਰਿਤ ਕਰਦੀਆਂ ਰਹਿਣਗੀਆਂ।

ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਜੀ ਵਿਖੇ ਪਹੁੰਚ ਕੇ ਅਖੰਡ ਪਾਠ ਸਾਹਿਬ ਅਤੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ, ਸ਼ਹੀਦਾਂ ਦੀ ਯਾਦ ਨੂੰ ਨਮਨ ਕਰਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਚੜ੍ਹਦੀ ਕਲਾ, ਸੁੱਖ-ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ।

# ਜ਼ਿਲ੍ਹਾ ਪ੍ਰੀਸ਼ਦ ਸਮੇਤ ਤਿੰਨੇ ਬਲਾਕ ਸੰਮਤੀਆਂ ਦੇ ਚੇਅਰਮੈਨਾਂ ਵੱਲੋਂ ਅਹੁੱਦੇ ਸੰਭਾਲਣ ਨਾਲ ਜ਼ਿਲ੍ਹੇ ਦੇ ਪੇਂਡੂ ਵਿਕਾਸ ਨੂੰ ਮਿਲੇਗੀ ਰਫ਼ਤਾਰ : ਹਰਪਾਲ ਸਿੰਘ ਚੀਮਾ



**ਮਲੇਰਕੋਟਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰੀਸ਼ਦ ਮਾਲੇਰਕੋਟਲਾ ਅਤੇ ਤਿੰਨਾਂ ਬਲਾਕ ਸੰਮਤੀਆਂ ਦੇ ਨਵੇਂ ਚੁਣੇ ਚੇਅਰਮੈਨ ਅਤੇ ਵਾਈਸ ਚੇਅਰਮੈਨਾਂ ਨੇ ਅੱਜ ਰਸਮੀ ਤੌਰ 'ਤੇ ਆਪਣੇ ਅਹੁੱਦਿਆਂ ਦਾ ਕਾਰਜਭਾਰ ਸੰਭਾਲ ਲਿਆ ਹੈ। ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਮਾਲੇਰਕੋਟਲਾ ਰਘਵੀਰ ਸਿੰਘ ਚੌਂਦਾ, ਚੇਅਰਮੈਨ ਬਲਾਕ ਸੰਮਤੀ ਮਾਲੇਰਕੋਟਲਾ ਸੰਤੋਖ ਸਿੰਘ, ਚੇਅਰਮੈਨ ਬਲਾਕ ਸੰਮਤੀ ਅਹਿਮਦਗੜ੍ਹ ਮੋਹਨਜੀਤ ਸਿੰਘ ਅਤੇ ਚੇਅਰਪਰਸਨ ਬਲਾਕ ਸੰਮਤੀ ਅਮਰਗੜ੍ਹ ਮਨਜੀਤ ਕੌਰ ਬਾਠਾਂ ਨੇ ਆਪਣੇ ਅਹੁਦੇ ਸੰਭਾਲੇ। ਇਸ ਦੇ ਨਾਲ ਹੀ ਵਾਈਸ ਚੇਅਰਪਰਸਨ ਜ਼ਿਲ੍ਹਾ ਪ੍ਰੀਸ਼ਦ ਕੁਲਦੀਪ ਕੌਰ, ਵਾਈਸ ਚੇਅਰਮੈਨ ਬਲਾਕ ਸੰਮਤੀ ਮਾਲੇਰਕੋਟਲਾ ਸੈਦਾ ਪ੍ਰਵੀਨ, ਵਾਈਸ ਚੇਅਰਮੈਨ ਬਲਾਕ ਸੰਮਤੀ ਅਹਿਮਦਗੜ੍ਹ ਰਵਿੰਦਰ ਸਿੰਘ ਅਤੇ ਵਾਈਸ ਚੇਅਰਮੈਨ ਬਲਾਕ ਸੰਮਤੀ ਅਮਰਗੜ੍ਹ ਸਲਾਮ ਦੀਨ ਨੇ ਵੀ ਅਹੁਦਾ ਸੰਭਾਲਿਆ।

ਸਥਾਨਕ ਬਲਾਕ ਵਿਕਾਸ ਅਤੇ ਪੰਚਾਇਤ ਦਫ਼ਤਰ ਵਿਖੇ ਕਰਵਾਏ ਗਏ ਸਮਾਗਮ ਮੌਕੇ ਕੈਬਨਿਟ ਮੰਤਰੀ ਪੰਜਾਬ ਸ. ਹਰਪਾਲ ਸਿੰਘ ਚੀਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ, ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ, ਫਰਿਆਲ ਰਹਿਮਾਨ, ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ, ਸਹਾਇਕ ਕਮਿਸ਼ਨਰ ਮਨਦੀਪ ਕੌਰ, ਬੀ.ਡੀ.ਪੀ.ਓ. ਬਬਲਜੀਤ ਕੌਰ ਅਤੇ ਹੋਰ ਪ੍ਰਮੁੱਖ ਆਗੂ ਤੇ ਅਧਿਕਾਰੀ ਵੀ ਹਾਜ਼ਰ ਸਨ।

ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਪੇਂਡੂ ਵਿਕਾਸ ਦੀਆਂ ਸਭ ਤੋਂ ਅਹਿਮ ਸੰਸਥਾਵਾਂ ਹਨ। ਇਨ੍ਹਾਂ ਸੰਸਥਾਵਾਂ ਦੀ ਮਜ਼ਬੂਤੀ ਨਾਲ ਹੀ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ, ਵਿਕਾਸ ਕਾਰਜਾਂ ਅਤੇ ਲੋਕ ਭਲਾਈ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਦੇ ਲੋਕਾਂ ਨੇ ਜਿਸ ਭਰੋਸੇ ਨਾਲ ਇਸ ਟੀਮ ਨੂੰ ਚੁਣਿਆ ਹੈ, ਉਹ ਟੀਮ ਉਸ ਭਰੋਸੇ 'ਤੇ ਪੂਰੀ ਤਰ੍ਹਾਂ ਖਰੀ ਉਤਰੇਗੀ।

ਵਿੱਤ ਮੰਤਰੀ ਸ.ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਸੇ ਮਕਸਦ ਨਾਲ ਉਨ੍ਹਾਂ ਜ਼ਿਲ੍ਹੇ ਦੇ ਸਮੂਹ ਪਿੰਡਾਂ ਦੇ ਵਿਕਾਸ ਲਈ 20 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਰਕਮ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਖੇਡ ਮੈਦਾਨਾਂ, ਸੜਕਾਂ, ਵਾਤਾਵਰਨ ਸੰਭਾਲ ਅਤੇ ਹੋਰ ਲੋਕ ਭਲਾਈ ਕਾਰਜਾਂ ਲਈ ਵਰਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿਛਲੇ ਸਾਲਾਂ ਦੌਰਾਨ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਹੈ ਅਤੇ ਸਰਕਾਰੀ ਆਮਦਨ ਵਿੱਚ ਰਿਕਾਰਡਤੋੜ ਵਾਧਾ ਦਰਜ ਕੀਤਾ ਹੈ, ਇਸ ਵਾਧੇ ਦੀ ਆਮਦਨ ਨੂੰ ਸਿੱਖਿਆ, ਸਿਹਤ, ਖੇਡਾਂ, ਸੜਕਾਂ, ਪੇਂਡੂ ਵਿਕਾਸ ਅਤੇ ਲੋਕ ਭਲਾਈ ਦੇ ਹੋਰ ਖੇਤਰਾਂ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਮ ਲੋਕਾਂ ਵਿੱਚੋਂ ਨਿਕਲੀ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਇਮਾਨਦਾਰ ਨੀਅਤ ਅਤੇ ਪਾਰਦਰਸ਼ੀ ਪ੍ਰਸ਼ਾਸਨ ਨਾਲ ਸੂਬੇ ਦੀ ਤਰੱਕੀ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ।

ਵਿਧਾਇਕ ਡਾ. ਜਮੀਲ ਉਰ ਰਹਿਮਾਨ ਅਤੇ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਵੀ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਟੀਮ ਪਿੰਡਾਂ ਦੇ ਵਿਕਾਸ, ਲੋਕ ਭਲਾਈ ਅਤੇ ਸਰਕਾਰੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ।

# ਵੱਡੀਆਂ ਇਨਫੋਰਸਮੈਂਟ ਸਫਲਤਾਵਾਂ ਸਦਕਾ ਪੰਜਾਬ ਨੇ ਮਈ 2026 ਦੌਰਾਨ 14.59% ਜੀ.ਐੱਸ.ਟੀ. ਵਾਧੇ ਨਾਲ ਕੌਮੀ ਔਸਤ ਨੂੰ ਪਛਾੜਿਆ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਮਜ਼ਬੂਤ ਵਿੱਤੀ ਕਾਰਗੁਜ਼ਾਰੀ ਨੂੰ ਮੁੜ ਦੁਹਰਾਉਂਦਿਆਂ, ਸੂਬੇ ਦੇ ਵਿੱਤ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਐਲਾਨ ਕੀਤਾ ਕਿ ਸੂਬੇ ਨੇ ਮਈ 2026 ਦੌਰਾਨ ਵਸਤੂਆਂ ਅਤੇ ਸੇਵਾਵਾਂ ਕਰ (ਜੀ.ਐਸ.ਟੀ) ਪ੍ਰਾਪਤੀ ਵਿੱਚ 14.59 ਫੀਸਦੀ ਦਾ ਸ਼ਾਨਦਾਰ ਵਾਧਾ ਦਰਜ ਕੀਤਾ ਹੈ। ਵਿੱਤ ਮੰਤਰੀ ਚੀਮਾ ਨੇ ਦੱਸਿਆ, ÷ਇਸ ਮਹੀਨੇ ਦੀ ਕੁੱਲ ਜੀ.ਐੱਸ.ਟੀ. ਕਲੈਕਸ਼ਨ 2,400.52 ਕਰੋੜ ਰੁਪਏ ਤੱਕ ਪਹੁੰਚ ਗਈ ਹੈ, ਜੋ ਕਿ ਮਈ 2025 ਦੌਰਾਨ ਪ੍ਰਾਪਤ ਕੀਤੇ ਗਏ 2,094.81 ਕਰੋੜ ਰੁਪਏ ਦੇ ਮੁਕਾਬਲੇ 305.71 ਕਰੋੜ ਰੁਪਏ ਦਾ ਵੱਡਾ ਵਾਧਾ ਦਰਸਾਉਂਦੀ ਹੈ।

ਵਿੱਤ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਸ਼ਾਨਦਾਰ ਵਾਧਾ ਨਿਰੰਤਰ ਆਰਥਿਕ ਗਤੀਵਿਧੀਆਂ, ਬਿਹਤਰ ਟੈਕਸ ਪਾਲਣਾ, ਅਤੇ ਆਬਕਾਰੀ ਤੇ ਕਰ ਵਿਭਾਗ ਵੱਲੋਂ ਇਨਫੋਰਸਮੈਂਟ ਉਪਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦਾ ਨਤੀਜਾ ਹੈ।

ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਸ ਦਾ ਖੁਲਾਸਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਦੀ ਜੀ.ਐੱਸ.ਟੀ. ਕਾਰਗੁਜ਼ਾਰੀ ਕੌਮੀ ਰੁਝਾਨਾਂ ਦੇ ਮੁਕਾਬਲੇ ਬੇਹੱਦ ਸ਼ਾਨਦਾਰ ਰਹੀ ਹੈ, ਜੋ ਕਿ ਪਿਛਲੇ ਸਾਲ ਦੇ ਇਸੇ ਮਹੀਨੇ ਦੇ ਮੁਕਾਬਲੇ ਦੇਸ਼ ਦੇ ਕੁੱਲ ਜੀ.ਐੱਸ.ਟੀ. ਮਾਲੀਏ ਦੇ ਲਗਭਗ 3.2 ਫੀਸਦੀ ਦੇ ਵਾਧੇ ਨਾਲੋਂ ਕਿਤੇ ਜ਼ਿਆਦਾ ਹੈ। ਵਿੱਤ ਮੰਤਰੀ ਨੇ ਕਿਹਾ, ÷ਜਿੱਥੇ ਪੰਜਾਬ ਦੀ ਨਕਦ ਉਗਰਾਹੀ (ਕੈਸ਼ ਕਲੈਕਸ਼ਨ) ਵਿੱਚ ਵਾਧਾ 6.57 ਫੀਸਦੀ ਰਿਹਾ, ਉੱਥੇ ਹੀ ਸੂਬੇ ਦਾ ਕੁੱਲ ਜੀ.ਐੱਸ.ਟੀ. ਵਾਧਾ 14.59 ਫੀਸਦੀ ਦੇ ਉੱਚੇ ਪੱਧਰ 'ਤੇ ਪਹੁੰਚ ਗਿਆ, ਜੋ ਕਿ ਸੂਬੇ ਦੇ ਮਾਲੀਆ ਅਧਾਰ ਦੇ ਮਜ਼ਬੂਤ ਹੋਣ, ਟੈਕਸ ਪਾਲਣਾ ਦੇ ਪੱਧਰ ਵਿੱਚ ਸੁਧਾਰ ਅਤੇ ਬਹੁਤ ਹੀ ਪ੍ਰਭਾਵਸ਼ਾਲੀ ਟੈਕਸ ਪ੍ਰਸ਼ਾਸਨ ਦੇ ਉਪਾਵਾਂ ਨੂੰ ਦਰਸਾਉਂਦਾ ਹੈ।

ਇਨਫੋਰਸਮੈਂਟ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਿਆਂ ਵਿੱਤ



ਮੰਤਰੀ ਚੀਮਾ ਨੇ ਕਿਹਾ, ਪੂਰੇ ਪੰਜਾਬ ਵਿੱਚ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟਸ (ਸਿਪੂ) ਨੇ ਸਿਰਫ਼ ਮਈ 2026 ਦੌਰਾਨ 182.69 ਕਰੋੜ ਰੁਪਏ ਦਾ ਜੁਰਮਾਨਾ ਲਗਾ ਕੇ ਅਤੇ 178.76 ਕਰੋੜ ਰੁਪਏ ਦੀ ਵਸੂਲੀ ਕਰਕੇ ਸ਼ਾਨਦਾਰ ਨਤੀਜੇ ਦਿੱਤੇ ਹਨ।÷ ਉਨ੍ਹਾਂ ਦੱਸਿਆ ਕਿ ਇਹ ਵੱਡੀ ਵਸੂਲੀ ਵਿਆਪਕ ਡਾਟਾ ਵਿਸ਼ਲੇਸ਼ਣ (ਡਾਟਾ ਐਨਾਲਿਟਿਕਸ), ਖੁਫੀਆ ਜਾਣਕਾਰੀ ਅਧਾਰਤ ਜਾਂਚਾਂ, ਨਿਸ਼ਚਿਤ ਵੈਰੀਫਿਕੇਸ਼ਨ ਮੁਹਿੰਮਾਂ ਅਤੇ ਸੂਬੇ ਭਰ ਵਿੱਚ ਤਾਲਮੇਲ ਨਾਲ ਚਲਾਏ ਗਏ ਫੀਲਡ ਆਪਰੇਸ਼ਨਾਂ ਸਦਕਾ ਸੰਭਵ ਹੋਈ ਹੈ।

ਟੈਕਸ ਚੋਰੀ ਦੇ ਖਿਲਾਫ ਇੱਕ ਵੱਡੀ ਸਫਲਤਾ ਦਾ ਖੁਲਾਸਾ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਦੱਸਿਆ, ਪੰਜਾਬ ਕਰ ਵਿਭਾਗ ਨੇ ਮਈ 2026 ਦੌਰਾਨ 85.4 ਕਰੋੜ ਰੁਪਏ ਦੇ ਫਰਜ਼ੀ ਬਿਲਿੰਗ ਰੈਕੇਟ ਦਾ ਸਫਲਤਾਪੂਰਵਕ ਪਰਦਾਫਾਸ਼ ਕੀਤਾ ਹੈ ਅਤੇ ਲੁਧਿਆਣਾ ਦੀ ਇੱਕ ਫਰਮ ਦੇ ਡਾਇਰੈਕਟਰ ਨੂੰ ਬੋਗਸ ਲੈਣ-ਦੇਣ ਰਾਹੀਂ 15.56 ਕਰੋੜ ਰੁਪਏ ਦਾ ਫਰਜ਼ੀ ਇਨਪੁਟ ਟੈਕਸ ਕ੍ਰੈਡਿਟ (ਆਈ.ਟੀ.ਸੀ) ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿਪੂ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਟੈਕਸ ਧੋਖਾਧੜੀ ਕਰਨ ਲਈ ਗੈਰ-ਮੌਜੂਦ ਫਰਮਾਂ, ਫਰਜ਼ੀ ਇਨਵੌਇਸ, ਫਰਜ਼ੀ ਡੈਬਿਟ ਨੋਟਸ ਅਤੇ ਜਾਅਲੀ ਟਰਾਂਸਪੋਰਟੇਸ਼ਨ ਰਿਕਾਰਡਾਂ ਦੀ ਵਰਤੋਂ ਕੀਤੀ ਗਈ ਸੀ। ਇਸ ਕਾਰਵਾਈ ਤਹਿਤ ਸੰਬੰਧਿਤ ਫਰਮ ਦੇ ਡਾਇਰੈਕਟਰ ਨੂੰ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਐਕਟ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਅਤੇ ਇਸ ਧੋਖਾਧੜੀ ਨਾਲ ਜੁੜੇ ਲਾਭਪਾਤਰੀਆਂ ਕੋਲੋਂ ਲਗਭਗ 3 ਕਰੋੜ ਰੁਪਏ ਦੀ ਵਸੂਲੀ ਵੀ ਕੀਤੀ ਜਾ ਚੁੱਕੀ ਹੈ।

ਆਪਣੇ ਪ੍ਰੈਸ ਬਿਆਨ ਦੇ ਅੰਤ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉੱਨਤ ਡਾਟਾ ਐਨਾਲਿਟਿਕਸ, ਈ-ਵੇਅ ਬਿੱਲ ਦੀ ਬਾਰੀਕੀ ਨਾਲ ਜਾਂਚ, ਫਾਸਟੈਗ ਵੈਰੀਫਿਕੇਸ਼ਨ ਅਤੇ ਖੁਫੀਆ ਜਾਣਕਾਰੀਆਂ ਦੀ ਵਰਤੋਂ ਕਰਕੇ ਸਰਕਾਰੀ ਮਾਲੀਏ ਦੀ ਰਾਖੀ ਕਰਨ ਅਤੇ ਇਮਾਨਦਾਰ ਟੈਕਸਦਾਤਾਵਾਂ ਨੂੰ ਇੱਕ ਬਰਾਬਰ ਦਾ ਮਾਹੌਲ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਵਿੱਤ ਮੰਤਰੀ ਨੇ ਫਰਜ਼ੀ ਬਿਲਿੰਗ ਅਤੇ ਸੰਗਠਿਤ ਟੈਕਸ ਚੋਰੀ ਦੇ ਨੈੱਟਵਰਕਾਂ ਵਿਰੁੱਧ ਸਰਕਾਰ ਦੀ ਸਖ਼ਤ 'ਜ਼ੀਰੋ-ਟਾਲਰੈਂਸ' ਨੀਤੀ ਨੂੰ ਮੁੜ ਦੁਹਰਾਇਆ ਅਤੇ ਪ੍ਰਣ ਲਿਆ ਕਿ ਆਬਕਾਰੀ ਤੇ ਕਰ ਵਿਭਾਗ ਸਹਾਇਤਾ, ਸਖ਼ਤ ਨਿਗਰਾਨੀ ਅਤੇ ਬਿਨਾਂ ਕਿਸੇ ਸਮਝੌਤੇ ਦੇ ਇਨਫੋਰਸਮੈਂਟ ਦੇ ਸੰਤੁਲਿਤ ਤਰੀਕੇ ਨਾਲ ਅਸਲ ਟੈਕਸਦਾਤਾਵਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਜਾਰੀ ਰੱਖੇਗਾ।

# ਅਬਚਲ ਨਗਰ ਵਾਸੀਆਂ ਨੂੰ ਬਰਸਾਤੀ ਪਾਣੀ ਦੀ ਸਮੱਸਿਆ ਤੋਂ ਮਿਲੇਗੀ ਰਾਹਤ: ਡਾ. ਬਲਬੀਰ ਸਿੰਘ

**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦਿਹਾਤੀ ਦੇ ਵਾਰਡ ਨੰਬਰ 19 ਅਧੀਨ ਅਬਚਲ ਨਗਰ ਵਿੱਚ 45 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਟਰੌਮ ਸੀਵਰ ਪ੍ਰੋਜੈਕਟ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਵਸਨੀਕ ਹਾਜ਼ਰ ਸਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਰਸ਼ਹਿਰ, ਵਾਰਡ ਅਤੇ ਪਿੰਡ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਸਰਕਾਰ ਵੱਲੋਂ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤਾਂ ਜੋ ਆਮ ਲੋਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਦਰਪੇਸ਼ ਸਮੱਸਿਆਵਾਂ ਤੋਂ ਰਾਹਤ ਮਿਲ ਸਕੇ।

ਉਨ੍ਹਾਂ ਦੱਸਿਆ ਕਿ ਅਬਚਲ ਨਗਰ ਦੇ ਵਸਨੀਕਾਂ ਵੱਲੋਂ ਬਰਸਾਤੀ ਮੌਸਮ ਦੌਰਾਨ ਗਲੀਆਂ ਵਿੱਚ ਪਾਣੀ ਖੜ੍ਹਨ ਦੀ ਸਮੱਸਿਆ ਲੰਬੇ ਸਮੇਂ ਤੋਂ ਉਠਾਈ ਜਾ ਰਹੀ ਸੀ। ਇਸ ਸਮੱਸਿਆ ਦੇ ਸਥਾਈ ਹੱਲ ਲਈ 45 ਲੱਖ ਰੁਪਏ ਦੀ ਲਾਗਤ ਨਾਲ ਸਟਰੌਮ ਸੀਵਰ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਜੈਕਟ ਤਹਿਤ ਇਲਾਕੇ ਦੀਆਂ ਪੰਜ ਗਲੀਆਂ ਵਿੱਚ ਪਾਈਪ ਲਾਈਨ ਵਿਛਾਈ ਜਾਵੇਗੀ, ਜਿਸ ਨਾਲ ਬਰਸਾਤੀ ਪਾਣੀ ਦੀ ਸੁਚੱਜੀ ਨਿਕਾਸੀ ਯਕੀਨੀ ਬਣੇਗੀ ਅਤੇ ਲੋਕਾਂ ਨੂੰ ਬਰਸਾਤੀ ਪਾਣੀ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ।

ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਵਿਕਾਸ ਨੂੰ ਸਿਰਫ਼ ਵੱਡੇ ਸ਼ਹਿਰਾਂ ਤੱਕ ਸੀਮਿਤ ਰੱਖਣਾ ਨਹੀਂ, ਸਗੋਂ ਹਰ ਘਰ ਅਤੇ ਹਰ ਮੁਹੱਲੇ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਲੋੜਾਂ ਅਤੇ ਮੰਗਾਂ ਦੇ ਅਨੁਸਾਰ ਵਿਕਾਸ ਕਾਰਜਾਂ ਦੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਹਰ ਖੇਤਰ ਵਿੱਚ ਬਰਾਬਰ ਵਿਕਾਸ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸੜਕਾਂ, ਸੀਵਰੇਜ, ਪੀਣ ਵਾਲੇ ਪਾਣੀ, ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਸ ਸਟਰੌਮ ਸੀਵਰ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਅਬਚਲ ਨਗਰ ਦੇ ਵਸਨੀਕਾਂ ਨੂ ਰਾਹਤ ਮਿਲੇਗੀ ਅਤੇ ਇਲਾਕੇ ਦੀ ਸਮੁੱਚੀ ਜੀਵਨ ਸ਼ੈਲੀ ਵਿੱਚ ਸੁਧਾਰ ਆਵੇਗਾ।

ਇਲਾਕਾ ਨਿਵਾਸੀਆਂ ਨੇ ਇਸ ਵਿਕਾਸ ਕਾਰਜ ਲਈ ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਰਸਾਤ ਦੇ ਦਿਨਾਂ ਵਿੱਚ ਪਾਣੀ ਖੜ੍ਹਨ ਕਾਰਨ ਉਨ੍ਹਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਉਨ੍ਹਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਦਾ ਹੱਲ ਹੋਵੇਗਾ।

# ਭਾਜਪਾ ਪੰਜਾਬ 'ਚ ਇਕੱਲਿਆਂ ਜਿੱਤਣ ਦੇ ਸਮਰੱਥ ਨਹੀਂ: ਅਮਰਿੰਦਰ ਸਿੰਘ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕੇਵਲ ਸਿੰਘ ਢਿੱਲੋਂ ਨੂੰ ਪਾਰਟੀ ਦੀ ਸੂਬਾ ਇਕਾਈ ਦਾ ਮੁਖੀ ਲਾਉਣ ਦੇ ਫ਼ੈਸਲੇ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਇਹ ਵੀ ਮੰਨਿਆ ਕਿ ਭਾਜਪਾ ਸੂਬੇ 'ਚ ਆਪਣੇ ਪੱਧਰ 'ਤੇ ਚੋਣਾਂ ਜਿੱਤਣ ਦੀ ਹਾਲਤ 'ਚ ਨਹੀਂ। ਟ੍ਰਿਬਿਊਨ ਸਮੂਹ ਨੂੰ ਦਿੱਤੇ ਵਿਸ਼ੇਸ਼ ਇੰਟਰਵਿਊ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਨਵੇਂ ਪ੍ਰਧਾਨ ਦੀ ਨਿਯੁਕਤੀ ਤੋਂ ਪਹਿਲਾਂ ਸੂਬੇ ਦੇ ਸੀਨੀਅਰ ਆਗੂਆਂ ਨਾਲ ਕੋਈ ਵਿਚਾਰ ਵਟਾਂਦਰਾ ਨਹੀਂ ਕੀਤਾ। ਪ੍ਰਧਾਨ ਦੀ ਚੋਣ ਦਾ ਆਧਾਰ ਜਾਤੀਗਤ ਗਿਣਤੀ-ਮਿਣਤੀਆਂ ਦੀ ਬਜਾਏ ਜਥੇਬੰਦਕ ਸਮਰੱਥਾ ਹੋਣੀ ਚਾਹੀਦੀ ਸੀ।

ਸਾਬਕਾ ਮੁੱਖ ਮੰਤਰੀ ਨੇ ਕਿਹਾ, "ਕੇਵਲ ਸਿੰਘ ਢਿੱਲੋਂ ਭਾਵੇਂ ਮੇਰਾ ਦੋਸਤ ਹੈ ਪਰ ਮੈਂ ਨਹੀਂ ਸਮਝਦਾ ਕਿ ਉਹ ਭਾਜਪਾ ਦੀਆਂ ਖ਼ਾਹਿਸ਼ਾਂ ਪੂਰੀਆਂ ਕਰਨ ਦੀ ਸਥਿਤੀ 'ਚ ਹੈ। ਉਸ ਦੀ ਬੀਤੇ 'ਚ ਸਿਆਸੀ ਕਾਰਗੁਜ਼ਾਰੀ ਵੀ ਕੋਈ ਖ਼ਾਸ ਨਹੀਂ ਰਹੀ ਹੈ। ਪੰਜਾਬ ਦੀ ਸਿਆਸਤ 'ਚ ਛੇ ਦਹਾਕਿਆਂ ਤੋਂ ਵੱਧ ਸਮੇਂ ਤੱਕ ਸਰਗਰਮ ਰਹਿਣ ਦੇ ਬਾਵਜੂਦ ਮੇਰੇ ਨਾਲ ਪ੍ਰਧਾਨ ਦੀ ਨਿਯੁਕਤੀ ਬਾਰੇ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ।" ਕਾਂਗਰਸ ਵਿੱਚ ਬਿਤਾਏ ਸਮੇਂ ਨੂੰ ਚੇਤੇ ਕਰਦਿਆਂ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਰਟੀ 'ਚ ਸੂਬਾਈ ਆਗੂਆਂ ਨੂੰ ਵਧੇਰੇ ਖ਼ੁਦਮੁਖ਼ਤਾਰੀ ਮਿਲਦੀ ਸੀ।

ਭਾਜਪਾ ਦੀ ਕੰਮ ਕਰਨ ਦੀ ਸ਼ੈਲੀ ਬਹੁਤ ਜ਼ਿਆਦਾ ਕੇਂਦਰੀਕ੍ਰਿਤ ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ, "ਕਾਂਗਰਸ 'ਚ ਮੇਰੇ ਨਾਲ ਹਮੇਸ਼ਾ ਵਿਚਾਰ



ਵਟਾਂਦਰਾ ਕੀਤਾ ਜਾਂਦਾ ਸੀ ਪਰ ਭਾਜਪਾ 'ਚ ਜੋ ਮੈਂ ਪਿਛਲੇ ਛੇ ਸਾਲਾਂ ਵਿੱਚ ਦੇਖਿਆ ਹੈ, ਉਹ ਖ਼ੁਦ ਹੀ ਤੈਅ ਕਰਦੇ ਹਨ ਕਿ ਉਨ੍ਹਾਂ ਨੇ ਕੀ ਕਰਨਾ ਹੈ ਅਤੇ ਬੱਸ ਉਹ ਕਰ ਦਿੰਦੇ ਹਨ।" ਉਨ੍ਹਾਂ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਅਤੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਬਦਲਣ ਪਿੱਛੇ ਦੀ ਦਲੀਲ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ, ਜੱਟ ਸਿੱਖ ਨੂੰ ਪ੍ਰਧਾਨ ਬਣਾਉਣ ਦਾ ਕੀ ਮਤਲਬ ਹੈ? ਪਾਰਟੀ ਪ੍ਰਧਾਨ ਉਸ ਬੰਦੇ ਨੂੰ ਬਣਾਓ, ਜੋ ਤੁਹਾਡੇ ਮੁਤਾਬਕ ਨਤੀਜੇ ਦੇ ਸਕਦਾ ਹੋਵੇ। ਕੈਪਟਨ ਨੇ ਪੰਜਾਬ 'ਚ ਦਲਿਤ ਸਿਆਸਤ ਦੇ ਉਭਾਰ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਦਲਿਤ ਭਾਈਚਾਰਾ ਸੂਬੇ ਦੇ ਚੋਣ ਦ੍ਰਿਸ਼ 'ਚ ਅਹਿਮ ਭੂਮਿਕਾ ਨਿਭਾਉਣਾ ਜਾਰੀ ਰੱਖੇਗਾ। ਸਾਬਕਾ ਮੁੱਖ ਮੰਤਰੀ ਨੇ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਗੱਠਜੋੜ ਦੀ ਮੁੜ ਵਕਾਲਤ ਕਰਦਿਆਂ ਦਲੀਲ ਦਿੱਤੀ ਕਿ ਭਾਜਪਾ ਕੋਲ ਪੰਜਾਬ 'ਚ ਜ਼ਮੀਨੀ ਪੱਧਰ ਦਾ ਢਾਂਚਾ ਅਤੇ ਕਾਡਰ ਨਹੀਂ ਹੈ। ਕੀ ਭਾਜਪਾ ਪੰਜਾਬ 'ਚ ਇਕੱਲਿਆਂ ਚੋਣ ਜਿੱਤ ਸਕਦੀ ਹੈ? ਇਸ ਸਵਾਲ ਦੇ ਜਵਾਬ 'ਚ ਉਨ੍ਹਾਂ ਮੰਨਿਆ ਕਿ ਪਾਰਟੀ ਇਸ ਸਮੇਂ ਅਜਿਹੀ ਸਥਿਤੀ 'ਚ ਨਹੀਂ ਹੈ। ਉਨ੍ਹਾਂ ਕਿਹਾ ਕਿ ਦਹਾਕਿਆਂ ਤੋਂ ਭਾਜਪਾ ਪਿੰਡਾਂ 'ਚ ਪਹੁੰਚ ਲਈ ਅਕਾਲੀ ਦਲ 'ਤੇ ਨਿਰਭਰ ਰਹੀ ਹੈ ਅਤੇ ਉਹ ਪੰਜਾਬ 'ਚ ਆਪਣਾ ਸਿਆਸੀ ਢਾਂਚਾ ਕਾਇਮ ਕਰਨ 'ਚ ਨਾਕਾਮ ਰਹੀ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਸਥਾਨਕ ਚੋਣਾਂ ਦੇ ਨਤੀਜਿਆਂ 'ਚ ਭਾਜਪਾ ਦਾ ਪ੍ਰਦਰਸ਼ਨ ਬਹੁਤ ਮਾੜਾ ਰਿਹਾ ਅਤੇ ਪਾਰਟੀ ਦੀ ਆਪਣੇ ਆਧਾਰ ਵਾਲੇ ਸ਼ਹਿਰੀ ਖੇਤਰਾਂ 'ਚ ਵੀ ਕਾਰਗੁਜ਼ਾਰੀ ਵਧੀਆ ਨਹੀਂ ਰਹੀ। ਕੈਪਟਨ ਨੇ ਕਿਹਾ, "ਜੇ ਪਾਰਟੀ ਨਗਰ ਨਿਗਮਾਂ ਅਤੇ ਨਗਰ ਪ੍ਰੀਸ਼ਦਾਂ 'ਚ ਮਾੜਾ ਪ੍ਰਦਰਸ਼ਨ ਕਰ ਰਹੀ ਹੈ, ਜਿਥੇ ਭਾਜਪਾ ਦਾ ਚੰਗਾ ਆਧਾਰ ਹੈ, ਤਾਂ ਫਿਰ ਉਹ ਕਿਥੋਂ ਜਿੱਤ ਰਹੇ ਹਨ।"

ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਵਰ੍ਹਦਿਆਂ ਭਾਜਪਾ ਦੇ ਸੀਨੀਅਰ ਆਗੂ ਨੇ ਦੋਸ਼ ਲਾਇਆ ਕਿ ਉਹ ਦਿੱਲੀ ਤੋਂ ਰਿਮੋਟ ਕੰਟਰੋਲ ਰਾਹੀਂ ਚੱਲ ਰਹੀ ਹੈ। ਅਹਿਮ ਫ਼ੈਸਲੇ ਪੰਜਾਬ ਤੋਂ ਬਾਹਰ ਦੇ 'ਆਪ' ਆਗੂ ਕਰ ਰਹੇ ਹਨ। ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ਬਹੁਤ ਵੱਖਰੇ ਤੇ ਅਣਕਿਆਸੇ ਹਨ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹਾਲੀਆ ਬਿਆਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬ 'ਚ ਰੱਬ ਵੀ ਨਹੀਂ ਜਾਣਦਾ ਕਿ ਕੀ ਹੋਣ ਵਾਲਾ ਹੈ। ਸ਼ਾਹ ਨੇ ਕਿਹਾ ਸੀ, "ਬ੍ਰਹਮਾ ਜੀ ਵੀ ਨਹੀਂ ਦੱਸ ਸਕਦੇ ਕਿ ਪੰਜਾਬ 'ਚ ਕੀ ਹੋਣ ਵਾਲਾ ਹੈ।" ਉਨ੍ਹਾਂ ਪੰਜਾਬ ਦੀ ਆਰਥਿਕ ਮੰਦਹਾਲੀ, ਖੇਤੀਬਾੜੀ ਦੇ ਸੰਕਟ, ਕਾਨੂੰਨ ਵਿਵਸਥਾ ਦੀ ਸਥਿਤੀ ਅਤੇ ਪਾਕਿਸਤਾਨ ਨਾਲ ਲੱਗਦੀ ਸੂਬੇ ਦੀ ਸਰਹੱਦ ਕਾਰਨ ਪੈਦਾ ਹੋਣ ਵਾਲੀਆਂ ਸੁਰੱਖਿਆ ਚੁਣੌਤੀਆਂ ਬਾਰੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਜੋ ਕੁਝ ਵਾਪਰ ਰਿਹਾ ਹੈ, ਉਹ ਉਸ ਦਾ ਹੱਕਦਾਰ ਨਹੀਂ ਹੈ। ਹਰ ਕਿਸੇ ਨੂੰ ਆਪਣੀ ਪਈ ਹੋਈ ਹੈ ਅਤੇ ਉਹ ਪੰਜਾਬ ਬਾਰੇ ਕੁਝ ਵੀ ਨਹੀਂ ਸੋਚ ਰਹੇ ਹਨ।

# ਸ਼ਾਮਚੁਰਾਸੀ ਨਗਰ ਕੌਂਸਲ ਦੀਆਂ ਚੋਣਾਂ 13 ਜੂਨ ਨੂੰ, ਸ਼ਨੀਵਾਰ ਤੋਂ ਲਏ ਜਾਣਗੇ ਨਾਮਜ਼ਦਗੀ ਪੱਤਰ

**ਹੁਸ਼ਿਆਰਪੁਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ ਵਲੋਂ ਨਗਰ ਕੌਂਸਲ, ਸ਼ਾਮਚੁਰਾਸੀ ਦੀਆਂ ਵੋਟਾਂ ਲਈ ਜਾਰੀ ਵੇਰਵਿਆਂ ਅਨੁਸਾਰ 2 ਜੂਨ (ਸ਼ਨੀਵਾਰ) ਤੋਂ ਨਾਮਜ਼ਦਗੀ ਪੱਤਰ ਪ੍ਰਾਪਤ ਕੀਤੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ- ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਨਗਰ ਕੌਂਸਲ, ਸ਼ਾਮਚੁਰਾਸੀ ਦੀਆਂ ਵੋਟਾਂ 13 ਜੂਨ 2026 (ਸ਼ਨੀਵਾਰ) ਨੂੰ ਪੈਣਗੀਆਂ। ਉਨ੍ਹਾਂ ਦੱਸਿਆ ਕਿ 2 ਜੂਨ 2026 ਤੋਂ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ। ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 3 ਜੂਨ 2026 ਬਾਅਦ ਦੁਪਹਿਰ 3:00 ਵਜੇ ਤੱਕ ਹੋਵੇਗੀ। ਉਨ੍ਹਾਂ ਦੱਸਿਆ ਕਿ 4 ਜੂਨ 2026 ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਅਤੇ 5 ਜੂਨ 2026 ਨੂੰ ਬਾਅਦ ਦੁਪਹਿਰ 3:00



ਵਜੇ ਤੱਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵੋਟਾਂ 13 ਜੂਨ 2026 ਨੂੰ ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ ਪੈਣਗੀਆਂ ਅਤੇ ਇਸੇ ਦਿਨ ਵੋਟਾਂ ਪੈਣ ਉਪਰੰਤ ਵੋਟਾਂ ਦੀ ਗਿਣਤੀ ਸ਼ੁਰੂ ਹੋਵੇਗੀ। ਜ਼ਿਕਰਯੋਗ ਹੈ ਕਿ ਸ਼ਾਮਚੁਰਾਸੀ ਨਗਰ ਕੌਂਸਲ ਦੇ 9 ਵਾਰਡਾਂ ਲਈ ਹੋਣ ਵਾਲੀਆਂ ਚੋਣਾਂ ਦੀਆਂ ਨਾਮਜ਼ਦਗੀਆਂ ਨਗਰ ਕੌਂਸਲ ਵਿਚ ਕਾਰਜ ਸਾਧਕ ਅਫ਼ਸਰ ਦੇ ਕਮਰਾ ਨੰਬਰ 3 ਵਿਚ ਪ੍ਰਾਪਤ ਕੀਤੀਆਂ ਜਾਣਗੀਆਂ।

# ਮੌਤ ਦੇ ਪਾਣੀ 'ਚ ਮਸਤੀ ! ਕਈ ਜਾਨਲੇਵਾ ਹਾਦਸਿਆਂ ਦੇ ਬਾਵਜੂਦ ਨਹਿਰਾਂ 'ਚ ਤਾਰੀਆਂ ਲਾ ਰਹੇ ਨੇ ਬੱਚੇ; ਮਾਪੇ ਤੇ ਪ੍ਰਸ਼ਾਸਨ ਅਜੇ ਵੀ ਕੁੰਭਕਰਨੀ ਨੀਂਦ

**ਲੁਧਿਆਣਾ, 2 ਜੂਨ**
**-ਐਸ. ਕੇ. ਵਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਆਲਮੀ ਪੱਧਰ ਅਤੇ ਖ਼ਾਸ ਕਰ ਕੇ ਉੱਤਰੀ ਭਾਰਤ ਵਿੱਚ ਲਗਾਤਾਰ ਵੱਧ ਰਹੇ ਤਾਪਮਾਨ ਦੇ ਕਹਿਰ ਕਾਰਨ ਇਸ ਸੀਜ਼ਨ ਵਿੱਚ ਇੱਕ ਵਾਰ ਫਿਰ ਤੋਂ ਨਹਿਰਾਂ ਦੇ ਡੂੰਘੇ ਪਾਣੀ ਵਿੱਚ ਡੁੱਬਣ ਦੇ ਖਤਰੇ ਤੋਂ ਬੇਖਬਰ ਬੱਚੇ ਹੀ ਨਹੀਂ ਨੌਜਵਾਨ ਅਤੇ ਅੱਧਖੜ ਵਿਅਕਤੀਆਂ ਨੂੰ ਨਹਿਰ ਵਿੱਚ ਤਾਰੀਆਂ ਲਗਾਉਂਦੇ ਆਮ ਵੇਖਿਆ ਜਾ ਰਿਹਾ ਹੈ। ਹਲਾਂਕਿ ਪ੍ਰਸ਼ਾਸਨ ਵੱਲੋਂ ਹਰ ਵਾਰ ਦੀ ਤਰ੍ਹਾਂ ਇਸ ਸਾਲ ਵੀ ਪ੍ਰੈਸ ਨੋਟ ਜਾਰੀ ਕਰਕੇ ਦਰਿਆਵਾਂ, ਨਹਿਰਾਂ ਤੇ ਸੂਇਆਂ ਵਿੱਚ ਨਹਾਉਣ ਉੱਪਰ ਪਾਬੰਦੀ ਦੇ ਹੁਕਮ ਜਾਰੀ ਕਰਨ ਦੀ ਕਸਰਤ ਕਰਕੇ ਹੱਥ ਝਾੜ ਲਏ ਜਾਣਗੇ। ਬਰਸਾਤੀ ਸੀਜਨ ਸਿਰ ਤੇ ਹੈ ਅਤੇ ਬਰਸਾਤਾਂ ਵਿੱਚ ਸਾਰੇ ਹੀ ਨਦੀਆਂ ਨਾਲੇ ਉਫਾਨ ਤੇ ਚੜ੍ਹ ਆਉਂਦੇ ਹਨ, ਅਜਿਹੇ ਹਾਲਾਤ ਵਿੱਚ ਡੁੱਬਣ ਦੀਆਂ ਦੁਰਘਟਨਾਵਾਂ ਵਿੱਚ ਵਾਧਾ ਹੋਣ ਦਾ ਖਤਰਾ ਕਈ ਗੁਣਾ



ਵੱਧ ਜਾਂਦਾ ਹੈ।ਜ਼ਿਕਰਯੋਗ ਹੈ ਕਿ ਬੀਤੇ ਕਈ ਸਾਲਾਂ ਤੋਂ ਲਗਾਤਾਰ ਹਰ ਸਾਲ ਮਹਾਨਗਰ ਵਿੱਚੋਂ ਲੰਘਣ ਵਾਲੀਆਂ ਨਹਿਰਾਂ, ਸਤਲੁਜ ਦਰਿਆ ਅਤੇ ਨਾਲਿਆਂ ਵਿੱਚ ਡੁੱਬਣ ਕਾਰਨ ਅਣਗਿਣਤ ਕੀਮਤੀ ਜਾਨਾਂ ਜਾਇਆ ਹੋ ਚੁੱਕੀਆਂ ਹਨ। ਜਦੋਂ ਵੀ ਕੋਈ ਅਜਿਹੀ ਮੰਦਭਾਗੀ ਘਟਨਾ ਸਾਹਮਣੇ ਆਉਂਦੀ ਹੈ ਤਾਂ ਕੁਝ ਦਿਨ ਦੀ ਸਖਤੀ ਮਗਰੋਂ ਫਿਰ ਹਾਲਾਤ ਉਸੇ ਤਰ੍ਹਾਂ ਦੇ ਬਣ ਜਾਂਦੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਗਰਮੀ ਦੇ ਦਿਨਾਂ ਵਿੱਚ ਇੱਕੋ ਘਰ ਦੇ ਦੋ ਬੱਚਿਆਂ ਸਮੇਤ ਕਈ ਬੱਚੇ ਡੁੱਬਣ ਕਾਰਨ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠੇ। ਸਤਲੁਜ ਦਰਿਆ ਵਿੱਚ ਵੀ ਇੱਕ ਮੰਦਭਾਗੀ ਘਟਨਾ ਦੌਰਾਨ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਸੀ।ਚਿੰਤਾ ਵਾਲੀ ਗੱਲ ਇਹ ਹੈ ਕਿ ਆਏ ਸਾਲ ਨਹਿਰਾਂ, ਨਾਲਿਆਂ ਵਿੱਚ ਡੁੱਬਣ ਕਾਰਨ ਕੀਮਤੀ ਜਾਨਾਂ ਜਾਣ ਦੀਆਂ ਅਣਗਿਣਤ ਘਟਨਾਵਾਂ ਹੋਣ ਦੇ ਬਾਵਜੂਦ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਮਹਿਜ ਪ੍ਰੈਸ ਨੋਟ ਜਾਰੀ ਕਰਨ ਤੱਕ ਹੀ ਸੀਮਿਤ ਹੈ। ਇੱਕਾ ਦੁੱਕਾ ਵਾਰ ਪੀਸੀਆਰ ਮੁਲਾਜ਼ਮ ਗੇੜਾ ਮਾਰ ਕੇ ਬੱਚੇ ਭਜਾਉਣ ਦੀ ਖਾਨਾ ਪੂਰਤੀ ਕਰਕੇ ਆਪਣਾ ਫਰਜ ਪੂਰਾ ਕਰਕੇ ਚੱਲਦੇ ਬਣਦੇ ਹਨ। ਵਕਤ ਦੀ ਜਰੂਰਤ ਹੈ ਕਿ ਅਜਿਹੇ ਖਤਰਨਾਕ ਢੰਗ ਨਾਲ ਨਹਿਰਾਂ ਵਿੱਚ ਨਹਾਉਣ ਆਉਣ ਵਾਲੇ ਬੱਚਿਆਂ ਤੋਂ ਪੁੱਛ ਗਿੱਛ ਕਰਕੇ ਉਨ੍ਹਾਂ ਦੇ ਮਾਪਿਆਂ ਖਿਲਾਫ ਬਣਦੀ ਕਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਕਿ ਉਹ ਆਪਣੇ ਬੱਚਿਆਂ ਨੂੰ ਇਸ ਜਾਨਲੇਵਾ ਸ਼ੌਕ ਤੋਂ ਦੂਰ ਰੱਖਣ ਵਿੱਚ ਆਪਣਾ ਬਣਦਾ ਰੋਲ ਜਿੰਮੇਵਾਰੀ ਨਾਲ ਅਦਾ ਕਰਨ। ਬੱਚਿਆਂ ਨੂੰ ਅਜਿਹਾ ਖਤਰਾ ਮੁੱਲ ਲੈਣ ਤੋਂ ਪਹਿਲਾਂ ਹੀ ਰੋਕਣ ਲਈ ਗਰਮੀ ਦੇ ਸੀਜਨ ਵਿੱਚ ਵਿਸ਼ੇਸ਼ ਤੌਰ ਤੇ ਨਹਿਰ ਦੇ ਨਾਲ ਨਾਲ ਪੁਲਿਸ ਦੀ ਗਸ਼ਤ ਜਾਰੀ ਰਹੇ।ਪਿਛਲੇ ਸਾਲ ਗਰਮੀ ਦੇ ਸੀਜ਼ਨ ਵਿੱਚ ਬੱਚਿਆਂ ਨੂੰ ਨਹਿਰ ਵਿੱਚ ਤਾਰੀਆਂ ਮਾਰਦੇ ਵੇਖ ਨਹਿਰ ਕੋਲੋਂ ਲੰਘ ਰਹੇ ਆਮ ਆਦਮੀ ਪਾਰਟੀ ਦੇ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਆਪਣੇ ਕਾਫ਼ਲੇ ਸਮੇਤ ਰੁਕੇ ਅਤੇ ਬੱਚਿਆਂ ਨੂੰ ਅਜਿਹਾ ਕਰਨ ਤੋਂ ਸਖਤ ਤਾੜਨਾ ਕੀਤੀ। ਬੱਚਿਆਂ ਨੇ ਗਰਮੀ ਜ਼ਿਆਦਾ ਹੋਣ ਦਾ ਹਵਾਲਾ ਦਿੱਤਾ ਤਾਂ ਉਨ੍ਹਾਂ ਜੇਬ ਵਿੱਚੋਂ ਕੁਝ ਪੈਸੇ ਦੇ ਕੇ ਨਹਿਰ ਵਿੱਚ ਨਹਾਉਣ ਦੀ ਥਾਂ ਗਰਮੀ ਤੋਂ ਬਚਣ ਲਈ ਨੀਂਬੂ ਪਾਣੀ ਪੀਣ ਲਈ ਕਿਹਾ। ਉਨ੍ਹਾਂ ਇਲਾਕਾ ਪੁਲਿਸ ਨੂੰ ਵੀ ਬੱਚਿਆਂ ਨੂੰ ਨਹਿਰਾਂ ਵਿੱਚ ਨਹਾਉਣ ਤੋਂ ਰੋਕਣ ਲਈ ਪਹਿਲ ਕਦਮੀ ਕਰਨ ਦੀ ਹਿਦਾਇਤ ਵੀ ਕੀਤੀ ਸੀ, ਪਰ ਹਾਲਾਤ ਫਿਰ ਉਥੋਂ ਦੇ ਉਥੇ ਹੀ ਹਨ।

# ਦਸੂਹਾ ਦੇ 15 ਵਾਰਡਾਂ 'ਚੋਂ 13 ਵਾਰਡਾਂ 'ਚ ਆਮ ਆਦਮੀ ਪਾਰਟੀ ਅਤੇ 2 ਵਾਰਡਾਂ 'ਚ ਕਾਂਗਰਸ ਪਾਰਟੀ ਦੇ ਉਮੀਦਵਾਰ ਰਹੇ ਜੇਤੂ

**ਦਸੂਹਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਨਗਰ ਕੌਂਸਲ ਦੇ 15 ਵਾਰਡਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਹੋਈ ਗਿਣਤੀ ਦੌਰਾਨ 13 ਵਾਰਡਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਅਤੇ 2 ਵਾਰਡਾਂ ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੇ ਜਿੱਤ ਦਰਜ ਕੀਤੀ।

ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਨੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਡ ਨੰਬਰ 1,2,3 ਅਤੇ 4 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਕੌਰ ਬਾਜਵਾ, ਜੋਗਿੰਦਰ ਪਾਲ, ਰਮਨਾ ਦੇਵੀ ਅਤੇ ਤਰੁਨ ਖੁਲਰ ਨੇ ਕ੍ਰਮਵਾਰ 518,675, 389 ਅਤੇ 625 ਵੋਟਾ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 5 ਅਤੇ 7 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੀਤਿਕਾ ਅਤੇ ਚਰਨਜੀਤ ਕੌਰ ਨੇ ਕ੍ਰਮਵਾਰ 471 ਅਤੇ 502 ਵੋਟਾਂ ਲੈ ਕੇ ਜਿੱਤ ਦਰਜ ਕੀਤੀ।

ਵਾਰਡ ਨੰਬਰ 6,8,9,10 ਅਤੇ 11 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਤੋਖ ਕੁਮਾਰ, ਚਮਨ ਲਾਲ, ਰਣਜੀਤ ਕੌਰ, ਹਰਵਿੰਦਰ ਸਿੰਘ ਅਤੇ ਸੁਖਵਿੰਦਰ ਕੌਰ ਨੇ 833, 427, 250, 637 ਅਤੇ 678 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 12,13,14 ਅਤੇ 15 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਚੰਦਰ ਸ਼ੇਖਰ, ਕੁਲਵਿੰਦਰ ਕੌਰ, ਅਮਰਪ੍ਰੀਤ ਸਿੰਘ ਅਤੇ ਸੁਨੀਤਾ ਨੇ ਕ੍ਰਮਵਾਰ 489, 512, 673 ਅਤੇ 547 ਵੋਟਾਂ ਹਾਸਲ ਕਰਕੇ ਜਿੱਤਾਂ ਦਰਜ ਕੀਤੀਆਂ। ਦੀ ਉਮੀਦਵਾਰ ਬਿਮਲਾ ਦੇਵੀ ਨੇ 350 ਵੋਟਾਂ ਲੈ ਕੇ ਜਿੱਤ ਦਰਜ ਕੀਤੀ ਜਦਕਿ ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਵਿਨੋਦ ਕੁਮਾਰ 270 ਵੋਟਾਂ ਲੈ ਕੇ ਜੇਤੂ ਰਹੇ। ਇਸੇ ਤਰ੍ਹਾਂ ਵਾਰਡ ਨੰਬਰ 3,4,5 ਅਤੇ 6 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਜਸਵੀਰ ਕੌਰ, ਪ੍ਰਿੰਸ, ਨੀਰਜ ਖੰਨਾ ਅਤੇ ਹਰਪ੍ਰੀਤ ਸਿੰਘ ਨੇ ਕ੍ਰਮਵਾਰ 573,299, 239 ਅਤੇ 390 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 7 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਵਨਾ ਕਿਰਪਾਲ ਨੇ 178 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 8 ਅਤੇ 9 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੋਮਨਾਥ ਬੰਗੜ ਅਤੇ ਜਸਵਿੰਦਰ ਕੌਰ ਨੇ ਕ੍ਰਮਵਾਰ 489 ਅਤੇ 432 ਵੋਟਾਂ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ। ਵਾਰਡ ਨੰਬਰ 10 ਅਤੇ 11 ਵਿਚ ਆਜ਼ਾਦ ਉਮੀਦਵਾਰਾਂ ਵਿਕਰਾਂਤ ਰਣਦੇਵ ਅਤੇ ਨੀਰੂ ਸ਼ਰਮਾ ਕ੍ਰਮਵਾਰ 399 ਅਤੇ 492 ਵੋਟਾਂ ਹਾਸਲ ਕਰਕੇ ਜੇਤੂ ਰਹੇ। ਵਾਰਡ ਨੰਬਰ 12 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਉਪਕਰਨ ਸਿੰਘ ਬੰਗੜ ਨੇ 397 ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ ਜਦਕਿ ਵਾਰਡ ਨੰਬਰ 13 ਵਿਚ ਆਜ਼ਾਦ ਉਮੀਦਵਾਰ ਪਰਵੀਨ 212 ਵੋਟਾਂ ਲੈ ਕੇ ਜੇਤੂ ਰਹੇ।

# ਜਗਰਾਓਂ ਨਗਰ ਕੌਂਸਲ ਦੇ ਸਾਰੇ ਵਾਰਡਾਂ ਦੇ ਨਤੀਜੇ ਐਲਾਨੇ, ਸਪੱਸ਼ਟ ਬਹੁਮਤ ਕਿਸੇ ਕੋਲ ਨਹੀਂ; ਕਾਂਗਰਸ ਅਤੇ ਆਪ ਨੂੰ ਮਿਲੀਆਂ 9-9 ਸੀਟਾਂ

**ਲੁਧਿਆਣਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਰਾਓਂ ਨਗਰ ਕੌਂਸਲ ਦੀਆਂ 23 ਸੀਟਾਂ ਲਈ ਹੋਈਆਂ ਚੋਣਾਂ ਦੇ ਨਤੀਜੇ ਸਾਹਮਣੇ ਆ ਗਏ ਹਨ। ਚੋਣ ਨਤੀਜਿਆਂ 'ਚ ਕਿਸੇ ਨੂੰ ਵੀ ਸਪੱਸ਼ਟ ਬਹੁਮਤ ਨਹੀਂ ਮਿਲਿਆ। ਚੋਣਾਂ 'ਚ ਕਾਂਗਰਸ ਦੇ 9, ਆਮ ਆਦਮੀ ਪਾਰਟੀ ਦੇ 9, ਭਾਜਪਾ ਦੇ 4 ਤੇ ਇਕ ਆਜ਼ਾਦ ਉਮੀਦਵਾਰ ਚੋਣ ਜਿੱਤਣ ਵਿਚ ਕਾਮਯਾਬ ਰਿਹਾ। ਦੂਜੇ ਪਾਸੇ, ਇਨ੍ਹਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕਿਆ।ਫਿਲਹਾਲ ਨਗਰ ਕੌਂਸਲ ਦੀਆਂ ਇਨ੍ਹਾਂ ਚੋਣਾਂ 'ਚ ਆਮ ਆਦਮੀ



ਪਾਰਟੀ ਤੇ ਕਾਂਗਰਸ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ ਹੈ।

ਪਿਛਲੀਆਂ ਨਗਰ ਕੌਂਸਲ ਚੋਣਾਂ 'ਚ ਕਾਂਗਰਸ ਨੇ ਕੌਂਸਲ 'ਤੇ ਕਬਜ਼ਾ ਕੀਤਾ ਸੀ। ਅਜਿਹੇ 'ਚ ਹੁਣ ਜੋੜ-ਤੋੜ ਦੀ ਖੇਡ ਸ਼ੁਰੂ ਹੋਵੇਗੀ। ਕੌਂਸਲ 'ਚ ਬਹੁਮਤ ਹਾਸਲ ਕਰਨ ਲਈ 12 ਸੀਟਾਂ ਚਾਹੀਦੀਆਂ ਹਨ, ਜਦਕਿ ਕਾਂਗਰਸ ਕੋਲ 9 ਅਤੇ ਆਮ ਆਦਮੀ ਪਾਰਟੀ ਕੋਲ 9 ਸੀਟਾਂ ਹਨ।

# ਆਮ ਲੋਕਾਂ ਦੀਆਂ ਉਮੀਦਾਂ, ਵਿਸ਼ਵਾਸ ਅਤੇ ਬਦਲਾਅ ਦੀ ਸੋਚ ਦੀ ਜਿੱਤ ਹੈ : ਮੋਹਿੰਦਰ ਭਗਤ

**ਜਲੰਧਰ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਅਤੇ ਇਤਿਹਾਸਕ ਜਿੱਤ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਜਿੱਤ ਸਿਰਫ਼ ਇੱਕ ਰਾਜਨੀਤਿਕ ਪਾਰਟੀ ਦੀ ਜਿੱਤ ਨਹੀਂ, ਸਗੋਂ ਆਮ ਲੋਕਾਂ ਦੀਆਂ ਉਮੀਦਾਂ, ਵਿਸ਼ਵਾਸ ਅਤੇ ਬਦਲਾਅ ਦੀ ਸੋਚ ਦੀ ਜਿੱਤ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਹੁਣ ਰਾਜਨੀਤੀ ਜਾਤ-ਪਾਤ, ਧਰਮ ਅਤੇ ਝੂਠੇ ਵਾਅਦਿਆਂ ਦੇ ਆਧਾਰ 'ਤੇ ਨਹੀਂ, ਸਗੋਂ ਸਿੱਖਿਆ, ਸਿਹਤ, ਬਿਜਲੀ, ਪਾਣੀ, ਰੋਜ਼ਗਾਰ ਅਤੇ ਵਿਕਾਸ ਵਰਗੇ ਅਸਲ ਮੁੱਦਿਆਂ 'ਤੇ ਹੋਵੇਗੀ।

ਮੋਹਿੰਦਰ ਭਗਤ ਨੇ ਕਿਹਾ ਕਿ ਲੋਕਾਂ ਨੇ ਆਪਣੇ ਵੋਟ ਰਾਹੀਂ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਇਮਾਨਦਾਰ ਅਤੇ ਕੰਮ



ਕਰਨ ਵਾਲੀ ਰਾਜਨੀਤੀ ਨੂੰ ਹੀ ਸਮਰਥਨ ਮਿਲੇਗਾ। ਇਹ ਜਿੱਤ ਉਹਨਾਂ ਲੱਖਾਂ ਵਰਕਰਾਂ ਦੀ ਮਿਹਨਤ ਦਾ ਨਤੀਜਾ ਹੈ, ਜਿਨ੍ਹਾਂ ਨੇ ਦਿਨ-ਰਾਤ ਲੋਕਾਂ ਵਿਚ ਰਹਿ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਿਆ ਅਤੇ ਉਨ੍ਹਾਂ ਦੇ ਹੱਲ ਲਈ ਸੰਘਰਸ਼ ਕੀਤਾ।

ਉਨ੍ਹਾਂ ਕਿਹਾ ਕਿ ਅਸੀਂ ਉਹਨਾਂ ਸਾਰੇ ਵੋਟਰਾਂ ਦਾ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਭਰੋਸਾ ਜਤਾਇਆ। ਇਹ ਭਰੋਸਾ ਸਾਡੇ ਲਈ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ। ਅਸੀਂ ਵਾਅਦਾ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੱਧ ਪਾਰਦਰਸ਼ਤਾ, ਇਮਾਨਦਾਰੀ ਅਤੇ ਸਮਰਪਣ ਨਾਲ ਲੋਕਾਂ ਦੀ ਸੇਵਾ ਕਰਾਂਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਜਿੱਤ ਲੋਕਤੰਤਰ ਦੀ ਤਾਕਤ ਅਤੇ ਆਮ ਆਦਮੀ ਦੀ ਆਵਾਜ਼ ਦੀ ਜਿੱਤ ਹੈ। ਹੁਣ ਸਾਡਾ ਮਕਸਦ ਸਿਰਫ਼ ਸੱਤਾ ਹਾਸਲ ਕਰਨਾ ਨਹੀਂ, ਸਗੋਂ ਹਰ ਨਾਗਰਿਕ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣਾ ਹੈ। ਲੋਕਾਂ ਦਾ ਇਹ ਪਿਆਰ ਅਤੇ ਸਮਰਥਨ ਸਾਨੂੰ ਹੋਰ ਵੱਧ ਮਿਹਨਤ ਕਰਨ ਅਤੇ ਪੰਜਾਬ ਦੀ ਤਰੱਕੀ ਲਈ ਨਿਰੰਤਰ ਕੰਮ ਕਰਨ ਦੀ ਪ੍ਰੇਰਣਾ ਦਿੰਦਾ ਰਹੇਗਾ।

# ਵਧੀਕ ਡਿਪਟੀ ਕਮਿਸ਼ਨਰ ਨੇ ਗਾਂਧੀ ਵਨੀਤਾ ਆਸ਼ਰਮ ਵਿਖੇ ਸਿਲਾਈ ਕੋਰਸ ਦੀ ਕਰਵਾਈ ਸ਼ੁਰੂਆਤ

**ਜਲੰਧਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਵੱਲੋਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵਲੋਂ ਦਲਵੀਰ ਕੌਰ ਮੈਮੋਰੀਅਲ ਚੈਰੀਟੇਬਲ ਸਿਲਾਈ ਸੈਂਟਰ ਕਰਤਾਰਪੁਰ ਦੇ ਸਹਿਯੋਗ ਨਾਲ ਚਿਲਡਰਨ ਹੋਮ ਗਾਂਧੀ ਵਨੀਤਾ ਆਸ਼ਰਮ ਵਿਖੇ ਰਹਿ ਰਹੀਆਂ ਲੜਕੀਆਂ ਨੂੰ ਹੁਨਰਮੰਦ ਬਣਾਉਣ ਦੇ ਮੰਤਵ ਨਾਲ ਸਿਲਾਈ ਦੇ ਕੋਰਸ ਦੀ ਸ਼ੁਰੂਆਤ ਕਰਵਾਈ ਗਈ।

ਲੜਕੀਆਂ ਦੀ ਹੌਸਲਾ ਅਫ਼ਜਾਈ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਿਲਾਈ ਦਾ ਕੋਰਸ ਮੁਕੰਮਲ ਕਰਨ ਉਪਰੰਤ ਇਹ ਲੜਕੀਆਂ ਭਵਿੱਖ ਵਿੱਚ ਸਵੈ ਰੋਜ਼ਗਾਰ ਸ਼ੁਰੂ ਕਰਕੇ ਆਰਥਿਕ ਪੱਖੋਂ ਮਜ਼ਬੂਤ ਬਣ ਸਕਣਗੀਆਂ।

ਉਨ੍ਹਾਂ ਬੱਚਿਆਂ ਨੂੰ ਪੂਰੀ ਲਗਨ ਤੇ ਮਿਹਨਤ ਨਾਲ ਸਿਖ਼ਲਾਈ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੈ ਭਾਰਤੀ ਵੀ ਮੌਜੂਦ ਸਨ।

ਉਨ੍ਹਾਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਅਤੇ ਦਲਵੀਰ ਕੌਰ ਮੈਮੋਰੀਅਲ ਚੈਰੀਟੇਬਲ ਸਿਲਾਈ ਸੈਂਟਰ ਦੇ ਪ੍ਰਧਾਨ ਸੁਰਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਅਮਰੀਕ ਸਿੰਘ ਵਲੋਂ ਕੀਤੇ ਗਏ ਇਸ ਨੇਕ ਉਪਰਾਲੇ ਦੀ ਸ਼ਲਾਘਾ ਵੀ ਕੀਤੀ।

ਇਸ ਮੌਕੇ ਸਕੱਤਰ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਸੁਰਜੀਤ ਲਾਲ ਨੇ ਦੱਸਿਆ ਕਿ 30 ਲੜਕੀਆਂ ਨੂੰ ਸਿਲਾਈ ਕੋਰਸ ਕਰਵਾਇਆ ਜਾਵੇਗਾ ਅਤੇ ਭਵਿੱਖ ਵਿੱਚ ਵੀ ਇਸ ਕੋਰਸ ਨੂੰ ਜਾਰੀ ਰੱਖਿਆ ਜਾਵੇਗਾ।

# ਮੇਰਾ ਯੂਵਾ ਭਾਰਤ ਯੂਵਾ ਮਾਮਲੇ ਵਲੋਂ ਯੂਥ ਕਲੱਬ ਵਿਕਾਸ ਪ੍ਰੋਗਰਾਮ ਕਰਵਾਇਆ

**ਮਾਛੀਵਾੜਾ ਸਾਹਿਬ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

)ਮੇਰਾ ਯੂਵਾ ਭਾਰਤ ਯੂਵਾ ਮਾਮਲੇ ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਵਲੋਂ ਜਿਲ੍ਹਾ ਯੂਵਾ ਅਫ਼ਸਰ ਹਰਿਸ਼ ਰੂਪਾਲ ਅਤੇ ਗ੍ਰਾਮੀਣ ਸਿੱਖਿਆ ਕੇਂਦਰ ਸੰਸਥਾ ਦੇ ਮੁੱਖ ਅਧਿਕਾਰੀ ਸਰਦਾਰ ਹਰਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਯੂਥ ਕਲੱਬ ਵਿਕਾਸ ਪ੍ਰੋਗਰਾਮ ਕਰਵਾਇਆ ਗਿਆ।

ਪ੍ਰੋਗਰਾਮ ਦਾ ਮੁੱਖ ਉਦੇਸ਼ ਵਲੰਟੀਅਰਾ ਨੂੰ ਪੈਂਡੂ ਨੌਜਵਾਨਾਂ ਨਾਲ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਪਿੰਡਾਂ ਵਿੱਚ ਯੂਥ ਕਲੱਬ ਬਣਾਉਣ ਲਈ ਪ੍ਰੇਰਿਤ ਕਰਨ ਬਾਰੇ ਜਾਣਕਾਰੀ ਦੇਣਾ ਸੀ। ਹਰਿਸ਼ ਰੂਪਾਲ ਨੇ ਰਾਸ਼ਟਰੀ ਨਿਰਮਾਣ ਵਿੱਚ ਨੌਜਵਾਨਾਂ ਨੂੰ ਸਸਕਤ ਬਣਾਉਣ ਵਿੱਚ ਮੇਰਾ ਯੂਵਾ ਭਾਰਤ ਦੀ ਭੂਮਿਕਾ ਉਜਾਗਰ ਕੀਤੀ ਅਤੇ ਵਲੰਟੀਅਰਾ ਨੂੰ ਜਮੀਨੀ ਪੱਧਰ 'ਤੇ ਬਦਲਾਅ ਦੇ ਕਾਰਕ ਬਣਨ ਲਈ ਪ੍ਰੇਰਿਆ ਗਿਆ।

ਇਸ ਮੌਕੇ ਤੇ ਸਰਦਾਰ ਹਰਦੀਪ ਸਿੰਘ ਬੋੜੇ ਨੇ ਯੂਵਾ ਲਾਮਬੰਦੀ ਲਈ ਵਿਵਾਹਰਕ ਰਣਨੀਤੀਆਂ ਸਾਂਝੀਆਂ ਕੀਤੀਆਂ ਗਈਆਂ ।ਜਿਨ੍ਹਾਂ ਵਿੱਚ ਘਰ-ਘਰ ਜਾ ਕੇ ਸੰਪਰਕ, ਸਥਾਨਕ ਯੂਵਾ ਆਗੂਆਂ ਦੀ ਪਛਾਣ ਅਤੇ ਭਾਈਚਾਰਕ ਥਾਵਾਂ ਦੀ ਵਰਤੋਂ ਸ਼ਾਮਲ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਯੂਥ ਕਲੱਬਾ ਸਫਾਈ ਮੁਹਿਮ, ਹੁਨਰ ਸਿਖਲਾਈ ਅਤੇ ਸੱਭਿਆਚਾਰਕ ਪ੍ਰੋਗਰਾਮ ਕੈਂਪ, ਖੇਡ ਸਮਾਗਮਾਂ ਰਾਹੀਂ ਪਿੰਡ ਦੇ ਵਿਕਾਸ ਲਈ ਅਹਿਮ ਮੰਚ ਵਜੋਂ ਕੰਮ ਕਰ ਸਕਦੇ ਹਨ।

ਸੈਸ਼ਨ ਦੌਰਾਨ ਵਲੰਟੀਅਰ ਨੂੰ ਰੋਲ-ਪਲੇਰ ਅਤੇ ਸਮੂਹ ਚਰਚਾਵਾਂ ਰਾਹੀਂ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ, ਗ੍ਰਾਮ ਪੰਚਾਇਤਾ ਨਾਲ ਤਾਲਮੇਲ ਅਤੇ ਟਿਕਾਉ ਕਲੱਬ ਗਤੀਵਿਧੀਆ ਦੀ ਯੋਜਨਾ ਬਣਾਉਣ ਦੀਆ ਅਤੇ ਚਣੋਤੀਆਂ ਨਾਲ ਨਜਿੱਠਣ ਦੀ ਵਿਵਾਹਰਕ ਸਿਖਲਾਈ ਦਿੱਤੀ ਗਈ। ÷ਉਸ ਦਾ ਟੀਚਾ ਪਿੰਡ ਪੱਧਰ ਤੇ ਯੂਥ ਕਲੱਬਾ ਦਾ ਇੱਕ ਨੈੱਟਵਰਕ ਬਣਾਉਣਾ ਹੈ ਜਿੱਥੇ ਨੌਜਵਾਨ ਸਥਾਨਕ ਵਿਕਾਸ ਦੀ ਅਗਵਾਈ ਕਰਨ।ਹਰਿਸ਼ ਰੂਪਾਲ ਨੇ ਕਿਹਾ.

ਵਲੰਟੀਅਰਾ ਨੇ ਆਪਣੇ-ਆਪਣੇ ਪਿੰਡਾਂ ਵਿੱਚ ਕਲੱਬ ਸ਼ੁਰੂ ਕਰਨ ਅਤੇ ਸਾਥੀਆਂ ਨੂੰ ਉਸਾਰੂ ਭਾਈਚਾਰਕ ਕੰਮਾਂ ਵਿੱਚ ਸ਼ਾਮਿਲ ਕਰਨ ਦੀ ਬਚਨਬੱਦਤਾਂ ਪ੍ਰਗਟਾਈ।

ਮੇਰਾ ਯੂਵਾ ਭਾਰਤ, ਖੇਡ ਮੰਤਰਾਲਾ ਭਾਰਤ ਸਰਕਾਰ ਲੁਧਿਆਣਾ ਵਲੋਂ ਨਵੇਂ ਬਣੇ ਕਲੱਬਾ ਨੂੰ ਲਗਤਾਰ ਸਲਾਹ ਅਤੇ ਸਰੋਤ ਸਹਾਇਤਾ ਪ੍ਰਦਾਨ ਕਰਦਾ ਰਹੇਗਾ।ਇਸ ਮੌਕੇ ਐਡਵੋਕੇਟ ਕਪਿਲ ਕੁਮਾਰ, ਕਿਰਨਜੀਤ ਕੌਰ, ਅਮਨਦੀਪ ਕੌਰ ਸ਼ਾਮਿਲ ਸਨ।

# ਸੁਲਤਾਨਪੁਰ ਲੋਧੀ ਦੇ ਲੋਕਾਂ ਦੇ ਪਿਆਰ ਅਤੇ ਵਿਸ਼ਵਾਸ ਨੇ ਹਰ ਸਿਆਸੀ ਗਠਜੋੜ ਨੂੰ ਹਰਾਇਆ : ਰਾਣਾ ਇੰਦਰ ਪ੍ਰਤਾਪ ਸਿੰਘ



**ਸੁਲਤਾਨਪੁਰ ਲੋਧੀ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਲਤਾਨਪੁਰ ਲੋਧੀ ਤੋਂ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਅੱਜ ਇੱਕ ਬਿਆਨ ਜਾਰੀ ਕਰਦਿਆਂ ਸੁਲਤਾਨਪੁਰ ਲੋਧੀ ਹਲਕੇ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਸ਼ਹਿਰ ਅਤੇ ਪਿੰਡਾਂ ਦੇ ਲੋਕਾਂ ਨੇ ਹਮੇਸ਼ਾਂ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਮੈਂਬਰ ਵਾਂਗ ਪਿਆਰ, ਸਤਿਕਾਰ ਅਤੇ ਮਜ਼ਬੂਤ ਸਹਿਯੋਗ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੇ ਅਥਾਹ ਪਿਆਰ ਅਤੇ ਭਰੋਸੇ ਸਦਕਾ ਹੀ ਪਹਿਲਾਂ ਉਨ੍ਹਾਂ ਨੂੰ ਵਿਧਾਇਕ ਬਣਨ ਦਾ ਮਾਣ ਮਿਲਿਆ, ਫਿਰ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਵੀ ਭਰਵੀਂ ਜਿੱਤ ਪ੍ਰਾਪਤ ਹੋਈ ਅਤੇ ਹੁਣ ਮਿਉਂਸਪਲ ਕਮੇਟੀ ਦੀਆਂ 13 ਵਾਰਡਾਂ ਵਿੱਚੋਂ 7 ਵਾਰਡਾਂ ਵਿੱਚ ਉਨ੍ਹਾਂ ਦੇ ਸਮਰਥਿਤ ਉਮੀਦਵਾਰਾਂ ਨੂੰ ਜਿਤਾ ਕੇ ਲੋਕਾਂ ਨੇ ਬਹੁਮਤ ਦਿੱਤਾ ਹੈ।

ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਕੋਈ ਆਮ ਚੋਣ ਨਹੀਂ ਸੀ, ਸਗੋਂ ਕਈ ਵਾਰਡਾਂ ਵਿੱਚ ਚਾਰ ਵੱਡੇ ਸਿਆਸੀ ਧੜੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ,ਆਮ ਆਦਮੀ ਪਾਰਟੀ ਅਤੇ ਬੀਜੇਪੀ ਪਾਰਟੀਆਂ ਇਕੱਠੇ ਹੋ ਕੇ ਉਨ੍ਹਾਂ ਦੇ ਵਿਰੁੱਧ ਮੈਦਾਨ ਵਿੱਚ ਉਤਰੇ ਹੋਏ ਸਨ। ਪਰ ਸੁਲਤਾਨਪੁਰ ਲੋਧੀ ਦੀ ਸੂਝਵਾਨ ਸੈਂਟਰਾਂ ਨੇ ਇਹ ਸਾਬਤ ਕਰ ਦਿੱਤਾ ਕਿ ਸੱਚੀ ਨੀਅਤ, ਲੋਕ ਸੇਵਾ ਅਤੇ ਪਿਆਰ ਅੱਗੇ ਹਰ ਸਿਆਸੀ ਗਠਜੋੜ ਫੇਲ੍ਹ ਹੋ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਦਿੱਤਾ ਗਿਆ ਇਹ ਪਿਆਰ ਅਤੇ ਵਿਸ਼ਵਾਸ ਉਨ੍ਹਾਂ ਲਈ ਸਭ ਤੋਂ ਵੱਡੀ ਤਾਕਤ ਹੈ ਅਤੇ ਉਹ ਹਮੇਸ਼ਾਂ ਇਸ ਦੇ ਰਿਣੀ ਰਹਿਣਗੇ।

ਉਨ੍ਹਾਂ ਹਲਕੇ ਦੇ ਹਰ ਨਿਵਾਸੀ ਨਾਲ ਵਾਅਦਾ ਕਰਦਿਆਂ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਜਿੰਨੇ ਵੀ ਵਿਕਾਸ ਕਾਰਜ ਅਧੂਰੇ ਪਏ ਹਨ, ਉਨ੍ਹਾਂ ਨੂੰ ਦਿਨ-ਰਾਤ ਇੱਕ ਕਰਕੇ ਜਲਦ ਤੋਂ ਜਲਦ ਪੂਰਾ ਕਰਵਾਇਆ ਜਾਵੇਗਾ।

ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਉਹ ਪਹਿਲਾਂ ਵਾਂਗ ਹੀ ਲੋਕਾਂ ਦੀ ਸੇਵਾ ਲਈ ਹਮੇਸ਼ਾਂ ਹਾਜ਼ਰ ਹਨ ਅਤੇ ਭਵਿੱਖ ਵਿੱਚ ਵੀ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਹਲਕੇ ਦੀ ਤਰੱਕੀ ਅਤੇ ਲੋਕ ਭਲਾਈ ਲਈ ਕੰਮ ਕਰਦੇ ਰਹਿਣਗੇ।

# ਮੇਰਾ ਯੁਵਾ ਭਾਰਤ ਵਲੰਟੀਅਰਾਂ ਨੇ ਬਿਰਧ ਘਰ ਤਰਨ ਤਾਰਨ ਵਿਖੇ ਬਜ਼ੁਰਗਾਂ ਨਾਲ ਬਿਤਾਇਆ ਸਮਾਂ

**ਤਰਨਤਾਰਨ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਰਾ ਯੁਵਾ ਭਾਰਤ, ਤਰਨ ਤਾਰਨ ਦੇ ਵਲੰਟੀਅਰਾਂ ਨੇ ਡਿਪਟੀ ਡਾਇਰੈਕਟਰ ਜਸਲੀਨ ਕੌਰ ਦੀ ਦੇਖ-ਰੇਖ ਹੇਠ ਬਿਰਧ ਘਰ, ਤਰਨ ਤਾਰਨ ਵਿਖੇ ਆਯੋਜਿਤ ਅਨੁਭਵ ਸਿੱਖਿਆ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਭਾਗ ਲਿਆ। ਇਸ ਪ੍ਰੋਗਰਾਮ ਦਾ ਮਕਸਦ ਨੌਜਵਾਨਾਂ ਵਿੱਚ ਸੰਵੇਦਨਸ਼ੀਲਤਾ, ਦਇਆ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ।

ਦੌਰੇ ਦੌਰਾਨ ਵਲੰਟੀਅਰਾਂ ਨੇ ਬਜ਼ੁਰਗਾਂ ਨਾਲ ਸਮਾਂ ਬਿਤਾਇਆ, ਉਨ੍ਹਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀਆਂ ਜੀਵਨ ਕਹਾਣੀਆਂ ਸੁਣੀਆਂ ਅਤੇ ਆਪਣੇ ਅਨੁਭਵ ਸਾਂਝੇ ਕੀਤੇ। ਇਸ ਨਾਲ ਇਕ ਪਿਆਰ ਭਰਿਆ ਅਤੇ ਸਹਿਯੋਗੀ ਮਾਹੌਲ ਤਿਆਰ ਹੋਇਆ।

ਵਲੰਟੀਅਰਾਂ ਨੇ ਬਜ਼ੁਰਗਾਂ ਨੂੰ ਭੋਜਨ ਪਰੋਸਣ ਵਿੱਚ ਵੀ ਸਹਾਇਤਾ ਕੀਤੀ ਅਤੇ ਉਨ੍ਹਾਂ ਦੀ ਦੇਖਭਾਲ ਅਤੇ ਸੁਵਿਧਾ ਦਾ ਖਿਆਲ ਰੱਖਿਆ। ਇਸ ਅਨੁਭਵ ਨੇ ਉਨ੍ਹਾਂ ਨੂੰ ਬਜ਼ੁਰਗਾਂ ਪ੍ਰਤੀ ਆਦਰ, ਸੇਵਾ ਅਤੇ ਸੰਵੇਦਨਸ਼ੀਲਤਾ ਦਾ ਮਹੱਤਵ ਸਮਝਾਇਆ।

ਇਹ ਪਹਿਲ ਵਲੰਟੀਅਰਾਂ ਲਈ ਇਕ ਮਹੱਤਵਪੂਰਨ ਸਿੱਖਿਆਤਮਕ ਅਨੁਭਵ ਸਾਬਤ ਹੋਈ ਅਤੇ ਨਾਲ ਹੀ ਬਿਰਧ ਘਰ ਦੇ ਨਿਵਾਸੀਆਂ ਲਈ ਖੁਸ਼ੀ ਅਤੇ ਆਪਣੇਪਨ ਦਾ ਕਾਰਨ ਬਣੀ। ਇਹ ਪ੍ਰੋਗਰਾਮ ਮੇਰਾ ਯੁਵਾ ਭਾਰਤ ਦੀ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਨੌਜਵਾਨ ਤਿਆਰ ਕਰਨ ਅਤੇ ਸਮੁਦਾਇਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਪ੍ਰੋਗਰਾਮ ਦਾ ਸਮਾਪਨ ਭਾਵੁਕ ਮਾਹੌਲ ਵਿੱਚ ਹੋਇਆ, ਜਿਥੇ ਵਲੰਟੀਅਰਾਂ ਅਤੇ ਬਜ਼ੁਰਗਾਂ ਦੋਵਾਂ ਨੇ ਇਸ ਅਨੁਭਵ ਲਈ ਧੰਨਵਾਦ ਪ੍ਰਗਟ ਕੀਤਾ।

# ਮਨੁੱਖਤਾ ਦੀ ਸੇਵਾ ਲਈ ਪੱਤਰਕਾਰ ਪ੍ਰਦੀਪ ਸਚਦੇਵਾ ਵੱਲੋਂ ਦੇਹ ਦਾਨ ਦਾ ਸੰਕਲਪ

**ਲੁਧਿਆਣਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖਤਾ ਅਤੇ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪੱਤਰਕਾਰ ਭਾਈ ਸਾਹਿਬ ਪ੍ਰਦੀਪ ਸਚਦੇਵਾ ਨੇ ਆਪਣੇ ਜਨਮਦਿਨ ਮੌਕੇ ਮੌਤ ਤੋਂ ਬਾਅਦ ਦੇਹ ਦਾਨ ਕਰਨ ਦਾ ਮਹਾਨ ਸੰਕਲਪ ਲਿਆ।

ਉਨ੍ਹਾਂ ਨੇ 22 ਮਈ 2026 ਨੂੰ ਸੰਤ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਦੇਹ ਦਾਨ ਸਬੰਧੀ ਸਾਰੇ ਦਸਤਾਵੇਜ਼ ਤਿਆਰ ਕਰਕੇ ਸੰਤ ਨਿਰੰਕਾਰੀ ਸਤਿਸੰਗ ਭਵਨ, ਮੋਗਾ ਵਿਖੇ ਸੰਤਾਂ ਦੇ ਚਰਨਾਂ ਵਿੱਚ ਅਰਪਿਤ ਕੀਤੇ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ।



ਇਸ ਮੌਕੇ ਸਾਧ ਸੰਗਤ ਨੇ ਉਨ੍ਹਾਂ ਦੇ ਇਸ ਉੱਤਮ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦੇਹ ਦਾਨ ਮੈਡੀਕਲ ਸਿੱਖਿਆ ਅਤੇ ਖੋਜ ਲਈ ਬਹੁਤ ਵੱਡਾ ਯੋਗਦਾਨ ਹੈ। ਬ੍ਰਾਂਚ ਮੋਗਾ ਦੇ ਸੰਯੋਜਕ ਸ਼੍ਰੀ ਰਾਕੇਸ਼ ਕੁਮਾਰ ਲੱਕੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅੰਧਵਿਸ਼ਵਾਸਾਂ ਤੋਂ ਉੱਪਰ ਉੱਠ ਕੇ ਇਸ ਮਹਾਨ ਕਾਰਜ ਵਿੱਚ ਆਪਣਾ ਯੋਗਦਾਨ ਪਾਉਣ, ਤਾਂ ਜੋ ਮੌਤ ਤੋਂ ਬਾਅਦ ਵੀ ਮਨੁੱਖਤਾ ਦੀ ਸੇਵਾ ਕੀਤੀ ਜਾ ਸਕੇ।

# ਗੜ੍ਹਸ਼ੰਕਰ ਦੇ 13 ਵਾਰਡਾਂ 'ਚੋਂ 8 ਵਾਰਡਾਂ 'ਚ ਆਮ ਆਦਮੀ ਪਾਰਟੀ ਜੇਤੂ ਕਰਾਰ

**ਗੜ੍ਹਸ਼ੰਕਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**


ਸਥਾਨਕ ਨਗਰ ਕੌਂਸਲ ਦੇ 13 ਵਾਰਡਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਹੋਈ ਗਿਣਤੀ ਦੌਰਾਨ 8 ਵਾਰਡਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵਲੋਂ ਜਿੱਤ ਦਰਜ ਕੀਤੀ ਗਈ ਜਦਕਿ 4 ਵਾਰਡਾਂ ਵਿਚ ਆਜ਼ਾਦ ਉਮੀਦਵਾਰ ਅਤੇ ਇੱਕ ਵਿਚ ਕਾਂਗਰਸ ਪਾਰਟੀ ਦਾ ਉਮੀਦਵਾਰ ਜੇਤੂ ਰਿਹਾ।

ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਨੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਬਿਮਲਾ ਦੇਵੀ ਨੇ 350 ਵੋਟਾਂ ਲੈ ਕੇ ਜਿੱਤ ਦਰਜ ਕੀਤੀ ਜਦਕਿ ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਵਿਨੋਦ ਕੁਮਾਰ 270 ਵੋਟਾਂ ਲੈ ਕੇ ਜੇਤੂ ਰਹੇ। ਇਸੇ ਤਰ੍ਹਾਂ ਵਾਰਡ ਨੰਬਰ 3,4,5 ਅਤੇ 6 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਜਸਵੀਰ ਕੌਰ, ਪ੍ਰਿੰਸ, ਨੀਰਜ ਖੰਨਾ ਅਤੇ ਹਰਪ੍ਰੀਤ ਸਿੰਘ ਨੇ ਕ੍ਰਮਵਾਰ 573,299, 239 ਅਤੇ 390 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 7 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਵਨਾ ਕਿਰਪਾਲ ਨੇ 178 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 8 ਅਤੇ 9 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੋਮਨਾਥ ਬੰਗੜ ਅਤੇ ਜਸਵਿੰਦਰ ਕੌਰ ਨੇ ਕ੍ਰਮਵਾਰ 489 ਅਤੇ 432 ਵੋਟਾਂ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ। ਵਾਰਡ ਨੰਬਰ 10 ਅਤੇ 11 ਵਿਚ ਆਜ਼ਾਦ ਉਮੀਦਵਾਰਾਂ ਵਿਕਰਾਂਤ ਰਣਦੇਵ ਅਤੇ ਨੀਰੂ ਸ਼ਰਮਾ ਕ੍ਰਮਵਾਰ 399 ਅਤੇ 492 ਵੋਟਾਂ ਹਾਸਲ ਕਰਕੇ ਜੇਤੂ ਰਹੇ। ਵਾਰਡ ਨੰਬਰ 12 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਉਪਕਰਨ ਸਿੰਘ ਬੰਗੜ ਨੇ 397 ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ ਜਦਕਿ ਵਾਰਡ ਨੰਬਰ 13 ਵਿਚ ਆਜ਼ਾਦ ਉਮੀਦਵਾਰ ਪਰਵੀਨ 212 ਵੋਟਾਂ ਲੈ ਕੇ ਜੇਤੂ ਰਹੇ।

# ਲੈਂਸਡਾਊਨ ਯਾਦਾਂ 'ਚ ਭਰੇ ਕੁਦਰਤ ਦੇ ਰੰਗ

ਮਹਾਨਗਰ ਦੇ ਨੇੜੇ ਕੋਈ ਹਿਲ ਸਟੇਸ਼ਨ ਹੋਵੇ ਤਾਂ ਅੱਜ ਦੀ ਦੌੜ ਭੱਜ ਵਾਲੀ ਜ਼ਿੰਦਗੀ ਲਈ ਉਹ ਸੋਨੇ 'ਤੇ ਸੁਹਾਗੇ ਨਾਲੋਂ ਘੱਟ ਨਹੀਂ ਹੈ। ਦਿੱਲੀ ਵਾਸੀਆਂ ਲਈ ਉੱਤਰਾਖੰਡ ਜਾਂ ਹਿਮਾਚਲ ਪ੍ਰਦੇਸ਼ ਦੇ ਸੈਰ ਸਪਾਟਾ ਸਥਾਨ ਸਭ ਤੋਂ ਪਸੰਦੀਦਾ ਵੀਕਐਂਡ ਗੇਟਵੇਜ਼ 'ਚੋਂ ਇਕ ਹਨ। ਖ਼ਾਸ ਕਰ ਰਿਸ਼ੀਕੇਸ਼, ਮਸੂਰੀ, ਨੈਨੀਤਾਲ, ਸ਼ਿਮਲਾ, ਮਨਾਲੀ ਆਦਿ। ਪਰ ਇਥੇ ਕਈ ਵਾਰ ਭੀੜ ਛੁੱਟੀਆਂ ਦਾ ਮਜ਼ਾ ਕਿਰਕਿਰਾ ਵੀ ਕਰ ਦਿੰਦੀ ਹੈ। ਇਨ੍ਹਾਂ ਥਾਵਾਂ ਨਾਲੋਂ ਉੱਤਰਾਖੰਡ ਦਾ ਲੈਂਸਡਾਊਨ ਥੋੜ੍ਹਾ ਵੱਖਰਾ ਹੈ, ਜਿੱਥੇ ਸਕੂਨ ਦੇ ਨਾਲ ਮਿਲਦਾ ਹੈ ਕੁਦਰਤ ਦੀ ਗੋਦ 'ਚ ਸਮਾਂ ਬਿਤਾਉਣ ਦਾ ਮੌਕਾ...









• ਅੰਸ਼ੂ ਸਿੰਘ

ਪ੍ਰਸਿੱਧ ਚੀਨੀ ਦਾਰਸ਼ਨਿਕ ਲਾਓ ਸੂ ਨੇ ਕਿਹਾ ਸੀ ਕਿ ਇਕ ਚੰਗੇ ਯਾਤਰੀ ਦੀ ਕੋਈ ਨਿਸ਼ਚਿਤ ਯੋਜਨਾ ਨਹੀਂ ਹੁੰਦੀ ਅਤੇ ਨਾ ਹੀ ਉਹ ਕਿਤੇ ਪਹੁੰਚਣ ਦੀ ਇੱਛਾ ਜਾਂ ਅਭਿਲਾਸ਼ਾ ਰੱਖਦਾ ਹੈ। ਉਹ ਬਸ ਚੱਲਦੇ ਹੀ ਰਹਿਣਾ ਚਾਹੁੰਦਾ ਹੈ। ਸਾਡੇ ਘੁਮੱਕੜਾਂ ਦਾ ਸਮੂਹ ਵੀ ਕੁਝ ਅਜਿਹੀ ਹੀ ਇੱਛਾ ਰੱਖਦਾ ਸੀ। ਮੌਕਾ ਮਿਲਿਆ ਨਹੀਂ ਕਿ ਮਨ ਸ਼ਹਿਰ ਤੋਂ ਬਾਹਰ ਨਿਕਲਣ ਲਈ ਕਾਹਲਾ ਹੋ ਜਾਂਦਾ ਹੈ। ਵੀਕਐਂਡ 'ਤੇ ਲੈਂਸਡਾਊਨ ਜਾਣ ਦੀ ਯੋਜਨਾ ਵੀ ਏਦਾਂ ਹੀ ਬਣ ਗਈ। ਦਿੱਲੀ ਤੋਂ ਕਰੀਬ 270ਕਿਮੀ. ਦੀ ਦੂਰੀ 'ਤੇ ਸਥਿਤ ਪਹਾੜੀ ਸਥਾਨ ਸੈਲਾਨੀਆਂ ਦੀ ਭੀੜ ਤੋਂ ਅਜੇ ਵੀ ਕਾਫ਼ੀ ਹੱਦ ਤਕ ਬਚਿਆ ਹੋਇਆ ਹੈ। ਤੈਅ ਹੋਇਆ ਕਿ ਕੱਲ੍ਹ ਪਹੁ ਫੁੱਟਣ ਤੋਂ ਪਹਿਲਾਂ ਨਿਕਲ ਜਾਵਾਂਗੇ ਤਾਂ ਕਿ ਟ੍ਰੈਫਿਕ 'ਚ ਨਾ ਫਸਿਆ ਜਾਵੇ। ਅਸੀਂ ਦਿੱਲੀ-ਮੇਰਠ-ਬਿਜਨੌਰ-ਕੋਟਦੁਆਰ ਰੂਟ ਲਿਆ। ਰਾਤ ਦਾ ਹਨੇਰਾ ਖਿੰਡ ਰਿਹਾ ਸੀ ਅਤੇ ਚਾਨਣ ਹੋਣ ਵਾਲਾ ਸੀ, ਜਿਸ ਕਾਰਨ ਸ਼ਹਿਰ ਤੋਂ ਬਾਹਰ ਨਿਕਲਣ ਨੂੰ ਦੇਰ ਨਾ ਲੱਗੀ। ਉਸ ਤੋਂ ਬਾਅਦ ਤਾਂ ਧੋਤਾ ਹੋਇਆ ਅਕਾਸ਼ ਅਤੇ ਹਰੇ-ਭਰੇ ਖੇਤ ਦੇਖ ਮਨ ਸ਼ਾਂਤ ਅਤੇ ਹਲਕਾ ਹੋਣ ਲੱਗਾ। ਸਮਝੋ ਕੁਝ ਪੁਰਾਣਾ ਛੱਡਿਆ ਜਾ ਰਿਹਾ ਸੀ ਅਤੇ ਨਵਾਂ ਮਿਲਣ ਵਾਲਾ ਹੋਵੇ। ਲਗਪਗ ਦੋ ਘੰਟੇ ਦਾ ਸਫ਼ਰ ਬਿਤਾਉਣ ਪਿੱਛੋਂ ਸਾਰਿਆਂ ਨੂੰ ਚਾਹ ਦੀ ਤਲਬ ਸਤਾਉਣ ਲੱਗੀ। ਅਸੀਂ ਸਭ ਇਕ ਢਾਬੇ 'ਤੇ ਰੁਕੇ, ਜੋ ਕਿਸੇ ਹੋਟਲ ਨਾਲੋਂ ਘੱਟ ਨਹੀਂ ਸੀ। ਉਥੇ ਲਾਅਨ 'ਚ ਟੇਬਲ ਸਜਾ ਕੇ ਅਸੀਂ ਸਭ ਨੇ ਗਰਮ-ਗਰਮ ਚਾਹ-ਕੌਫੀ-ਨਾਸ਼ਤਾ ਕੀਤਾ ਅਤੇ ਫਿਰ ਆਪਣੇ ਨਿਸ਼ਾਨੇ ਵਲ ਵੱਧ ਗਏ।

### ਕੁਝ ਜਾਦੂਮਈ ਮਿਲੇਗਾ ਨਜ਼ਾਰਾ

ਗੱਡੀ ਪੂਰੀ ਰਫ਼ਤਾਰ 'ਚ ਹਵਾ ਨਾਲ ਗੱਲਾਂ ਕਰਦੀ ਹੋਏ ਅੱਗੇ ਵਧ ਰਹੀ ਸੀ। ਮਿਊਜ਼ਿਕ ਨਾਲ ਕੁਝ ਮੈਂਬਰ ਨੀਂਦ ਦਾ ਮਜ਼ਾ ਲੈ ਰਹੇ ਸਨ ਤੇ ਕੁਝ ਯਾਦਾਂ 'ਚ ਡੁੱਬ ਗਏ ਸਨ। ਸਮਾਂ ਬੀਤਦਿਆਂ ਦੇਰ ਨਾ ਲੱਗੀ ਅਤੇ ਅਸੀਂ ਕੋਟਦੁਆਰ ਦੇ ਨੇੜੇ ਪਹੁੰਚਣ ਵਾਲੇ ਸੀ। ਉਥੋਂ ਲੈਂਸਡਾਊਨ ਤਕਰੀਬਨ 40ਕਿਲੋਮੀਟਰ ਦੂਰ ਸੀ। ਗਰੁੱਪ ਦੇ ਜ਼ਿਆਦਾਤਰ ਸਾਥੀ ਪਰਬਤ ਪ੍ਰੇਮੀ ਸਨ। ਸਾਰੇ ਪਹਾੜਾਂ ਦਾ ਦੀਦਾਰ ਕਰਨ ਲਈ ਉਤਾਵਲੇ ਸਨ। ਪਰ ਜਿਉਂ ਹੀ ਕੋਟਦੁਆਰ ਪਿੱਛੇ ਰਹਿ ਗਿਆ, ਭੂ ਦ੍ਰਿਸ਼ ਬਦਲਣ ਲੱਗਾ। ਮੈਦਾਨੀ ਇਲਾਕਾ ਪਹਾੜਾਂ 'ਚ ਗੁੰਮ ਹੋ ਗਿਆ। ਗੱਡੀ ਦੇ ਸ਼ੀਸ਼ੇ ਹੇਠਾਂ ਕੀਤੇ ਤਾਂ ਹਵਾ ਦੀ ਛੋਹ ਵੀ ਬਦਲ ਚੁੱਕੀ ਸੀ। ਗੜਵਾਲ ਦਾ ਹਿਮਾਲਿਆ ਸਾਹਮਣੇ ਸੀ ਅਤੇ ਚਾਰੇ ਪਾਸੇ ਦਾ ਅਦਭੁਤ ਕੁਦਰਤੀ ਨਜ਼ਾਰਾ ਸਭ 'ਤੇ ਜਾਦੂ ਵਰਗਾ ਅਸਰ ਕਰ ਰਿਹਾ ਸੀ। ਲੈਂਸਡਾਊਨ ਦੀ ਦੂਰੀ 10 ਕਿਲੋਮੀਟਰ ਹੀ ਰਹਿ ਗਈ ਸੀ। ਕੁਝ ਹੀ ਸਮੇਂ 'ਚ ਅਸੀਂ ਬੱਦਲਾਂ ਨਾਲ ਘਿਰੀ ਇਕ ਵੱਖਰੀ ਦੁਨੀਆ 'ਚ ਦਾਖਲ ਹੋ ਚੁੱਕੇ ਸਾਂ। ਹਾਲਾਂਕਿ ਇਸ ਨਾਲ ਨਜ਼ਰ 'ਤੇ ਅਸਰ ਪੈ ਰਿਹਾ ਸੀ ਅਤੇ ਡਰਾਈਵਿੰਗ ਸੀਟ 'ਤੇ ਬੈਠੇ ਸਾਥੀ ਨੂੰ ਇਸ਼ਾਰਾ ਕਰ ਰਿਹਾ ਸੀ ਕਿ ਹੋਰ ਸਾਵਧਾਨੀ ਨਾਲ ਚਲਾਉਣੀ ਹੈ ਗੱਡੀ। ਕਿਉਂਕਿ ਪੂਰੀ ਵਾਦੀ ਨੇ ਹੀ ਬੱਦਲਾਂ ਦੀ ਚਾਦਰ ਓੜ ਲਈ ਸੀ। ਆਪਣੇ ਅੰਦਰ ਇਸ ਅਹਿਸਾਸ ਨੂੰ ਸਮਾਉਣਾ ਵੀ ਮੁਸ਼ਕਿਲ ਹੋ ਰਿਹਾ ਸੀ ਕਿ ਦਿੱਲੀ ਦੇ ਨੇੜੇ ਕੁਦਰਤ ਇੰਨੀ ਨੈਣਸੁੱਖ ਦੇਣ ਵਾਲੀ ਹੋ ਸਕਦੀ ਹੈ। ਖ਼ੈਰ ਛੇਤੀ ਹੀ ਅਸੀਂ ਉਸ ਰਿਜ਼ਾਰਟ 'ਚ ਦਾਖ਼ਲ ਹੋ ਗਏ, ਜੋ ਅਗਲੇ ਦੋ ਦਿਨਾਂ ਤਕ ਸਾਡਾ ਪੜਾਅ ਸੀ।

### ਭੁੱਲਾ ਤਲਾਅ 'ਚ ਨੌਕਾ ਵਿਹਾਰ

ਜਿਵੇਂ ਕਿ ਸਾਨੂੰ ਉਮੀਦ ਸੀ ਅਤੇ ਜੋ ਦੱਸਿਆ ਗਿਆ ਸੀ ਲੈਂਸਡਾਊਨ ਇਕ ਬਹੁਤ ਸ਼ਾਂਤ ਅਤੇ ਮਨਮੋਹਕ ਸਥਾਨ ਹੈ। ਐਕਟੀਵਿਟੀ ਨਾਲੋਂ ਵੱਧ ਇਥੇ ਸਕੂਨ ਦੇ ਪਲ ਬਿਤਾਉਣ ਨੂੰ ਮਿਲਦੇ ਹਨ। ਇਸ ਲਈ ਪੈਦਲ ਹੀ ਇਲਾਕੇ ਦੀ ਸੈਰ ਕਰਨ ਦਾ ਫ਼ੈਸਲਾ ਕੀਤਾ। ਜ਼ਿਕਰਯੋਗ ਹੈ ਕਿ ਇਹ ਹਿੱਲ ਸਟੇਸ਼ਨ ਭਾਰਤੀ ਸੈਨਾ ਦੀ ਗੜ੍ਹਵਾਲ ਰਾਈਫਲਜ਼ ਦਾ ਕਮਾਂਡ ਆਫਿਸ ਵੀ ਹੈ। ਸ਼ਾਇਦ ਇਕ ਵਜ੍ਹਾ ਉਹ ਵੀ ਹੈ ਕਿ 1707 ਮੀਟਰ ਦੀ ਉੱਚਾਈ 'ਤੇ ਸਥਿਤ ਇਸ ਸਥਾਨ ਦੀ ਮਨਮੋਹਕ ਸੁੰਦਰਤਾ ਹੁਣ ਵੀ ਬਰਕਰਾਰ ਹੈ। ਸੈਲਾਨੀਆਂ ਲਈ ਇਥੇ ਗਿਣੇ ਚੁਣੇ ਹੀ ਖਿੱਚ ਭਰਪੂਰ ਟਿਕਾਣੇ ਹਨ ਜਿਨ੍ਹਾਂ 'ਚੋਂ ਭੁੱਲਾ ਤਲਾਅ ਇਕ ਹੈ। ਇਹ ਮਨੁੱਖ ਵਲੋਂ ਬਣਾਈ ਝੀਲ ਹੈ, ਜਿਸ ਦਾ ਨਿਰਮਾਣ ਗੜ੍ਹਵਾਲ ਰਾਈਫਲਜ਼ ਨੇ ਕਰਾਇਆ। ਇਸ 'ਚ ਨੌਕਾ ਬਿਹਾਰ ਦਾ ਆਨੰਦ ਲਿਆ ਜਾ ਸਕਦਾ ਹੈ। ਚਾਹੋ ਤਾਂ ਝੀਲ ਕਿਨਾਰੇ ਬੈਠ ਆਲੇ ਦੁਆਲੇ ਦੇ ਨਜ਼ਾਰਿਆਂ ਦਾ ਲੁਤਫ਼ ਲਿਆ ਜਾ ਸਕਦਾ ਹੈ। ਨੇੜੇ ਹੀ ਇਕ ਛੋਟਾ ਜਿਹਾ ਹੈਂਡੀਕ੍ਰਾਫਟ ਸ਼ੋਅਰੂਮ ਹੈ, ਜਿੱਥੇ ਸਿਲਕ ਅਤੇ ਸੂਤੀ ਵਸਤੂਆਂ ਮਿਲਦੀਆਂ ਹਨ। ਇਥੇ ਕਈ ਸਨੈਕਸ ਪੁਆਇੰਟਜ਼ ਹਨ, ਜਿੱਥੇ ਆਲੂ ਟਿੱਕੀ ਤੋਂ ਲੈ ਕੇ ਆਪਣੇ ਸਵਾਦ ਅਨੁਸਾਰ ਖਾਧ ਪਦਾਰਥ ਲੈ ਸਕਦੇ ਹੋ। ਵੈਸੇ, ਤੁਸੀਂ ਸਥਾਨਕ ਬਾਜ਼ਾਰ ਸਥਿਤ ਆਰਮੀ ਬੇਕਰੀ ਦੇ ਸਨੈਕਸ ਦਾ ਸਵਾਦ ਚੱਖਣਾ ਨਾ ਭੁੱਲੋ। ਇਹ ਸਸਤੇ ਹੋਣ ਦੇ ਨਾਲ ਕਾਫ਼ੀ ਸੁਆਦਲੇ ਵੀ ਹੁੰਦੇ ਹਨ।

### ਦਰਵਾਨ ਸਿੰਘ ਮਿਊਜ਼ੀਅਮ

ਕੁਦਰਤੀ ਨਜ਼ਾਰਿਆਂ ਤੋਂ ਇਲਾਵਾ ਲੈਂਸਡਾਊਨ ਸਥਿਤ ਦਰਵਾਨ ਸਿੰਘ ਮਿਊਜ਼ੀਅਮ 'ਚ ਰੱਖੇ ਬਹੁਮੁੱਲੇ ਪ੍ਰਤੀਕ ਚਿੰਨ੍ਹਾਂ ਅਤੇ ਸੰਗ੍ਰਹਿਤ ਵਸਤੂਆਂ ਦੁਆਰਾ ਗੜ੍ਹਵਾਲ ਰਾਈਫਲਜ਼ ਬਾਰੇ ਜਾਣਨਾ ਵੀ ਸਾਡੇ ਲਈ ਘੱਟ ਯਾਦਗਾਰੀ ਨਹੀਂ ਸੀ। ਜਿਸ ਦੇ ਨਾਂ 'ਤੇ ਇਹ ਮਿਊਜ਼ੀਅਮ ਹੈ, ਉਹ ਬ੍ਰਿਟਿਸ਼ ਅਤੇ ਕਾਮਵੈਲਥ ਫੋਰਸਜ਼ ਦੁਆਰਾ ਵਿਕਟੋਰੀਆ ਕਰਾਸ ਨਾਲ ਨਿਵਾਜੇ ਗਏ ਪਹਿਲੇ ਭਾਰਤੀਆਂ 'ਚੋਂ ਇਕ ਸਨ। ਹਾਂ, ਤੁਹਾਨੂੰ ਦੱਸ ਦਈਏ ਕਿ ਇਸ ਮਿਊਜ਼ੀਅਮ 'ਚ 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ ਅਤੇ ਨਾ ਹੀ ਮੰਦਰ ਦੀਆਂ ਤਸਵੀਰਾਂ ਖਿੱਚੀਆਂ ਜਾ ਸਕਦੀਆਂ ਹਨ। ਦੁਪਹਿਰ ਸਮੇਂ ਕੁਝ ਘੰਟਿਆਂ ਲਈ ਇਹ ਬੰਦ ਵੀ ਹੁੰਦਾ ਹੈ। ਮਿਊਜ਼ੀਅਮ ਦੇ ਬਾਹਰ ਇਕ ਸੁੰਦਰ ਪਾਰਕ ਹੈ, ਜਿੱਥੇ ਕਈ ਤਰ੍ਹਾਂ ਦੇ ਫੁੱਲ ਮਨ ਮੋਹ ਲੈਣਗੇ। ਇਥੇ ਸਾਹਮਣੇ ਗੜ੍ਹਵਾਲ ਰੈਜੀਮੈਂਟ ਦਾ ਵਿਸ਼ਾਲ ਖੇਡ ਮੈਦਾਨ ਵੀ ਹੈ, ਜਿੱਥੇ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ।

### ਸੇਂਟ ਮੈਰੀ ਚਰਚ 'ਚ ਸ਼ਾਂਤੀ ਦਾ ਅਨੁਭਵ

ਲੈਂਸਡਾਊਨ ਦਾ ਨਾਂ 1888 ਤੋਂ 1894 ਵਿਚਾਲੇ ਭਾਰਤ ਦੇ ਵਾਇਸਰਾਇ ਰਹੇ ਲਾਰਡ ਲੈਂਸਡਾਊਨ ਦੇ ਨਾਂ 'ਤੇ ਪਿਆ ਹੈ। ਅੰਗਰੇਜ਼ਾਂ ਦੀ ਹਾਜ਼ਰੀ ਕਾਰਨ ਇਥੋਂ ਦਾ ਸੇਂਟ ਮੈਰੀ ਚਰਚ ਕਾਫ਼ੀ ਹਰਮਨ ਪਿਆਰਾ ਹੈ। ਪਾਈਨ ਅਤੇ ਦੇਵਦਾਰ ਦੇ ਜੰਗਲ ਵਿਚਾਲੇ ਸਥਿਤ ਗੋਥਿਕ ਸਟਾਈਲ ਦੇ ਚਰਚ 'ਚ ਦਾਖਲ ਹੋਣ ਪਿਛੋਂ ਅਸੀਮ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਪਹਾੜ ਦੀ ਇਕ ਚੋਟੀ 'ਤੇ ਸਥਿਤ ਹੋਣ ਕਾਰਨ ਇਸ ਚਰਚ ਕੋਲ ਇਕ ਸੰਪੂਰਨ ਵਾਦੀ ਅਤੇ ਹਿਮਾਚਲ ਨੂੰ ਨਿਹਾਰਨ ਦਾ ਆਪਣਾ ਵੱਖਰਾ ਰੋਮਾਂਚ ਹੈ। ਸਫ਼ੈਦ ਬੱਦਲਾਂ, ਹਰਿਆਲੀ ਨਾਲ ਭਰਪੂਰ ਜੰਗਲਾਂ ਅਤੇ ਦੂਰ-ਦੂਰ ਤਕ ਫੈਲੀ ਰਿਹਾਇਸ਼ ਨੂੰ ਦੇਖ ਕੇ ਲੱਗਦਾ ਹੈ ਜਿਵੇਂ ਇਹ ਕਿਸੇ ਚਿੱਤਰਕਾਰ ਦਾ ਵਿਸ਼ਾਲ ਕੈਨਵਸ ਹੋਵੇ।

### ਕਿਵੇਂ ਪਹੁੰਚੀਏ?

**ਹਵਾਈ ਜਹਾਜ਼ :** ਦੇਹਰਾਦੂਨ ਸਥਿਤ ਜੌਲੀ ਗਰਾਂਟ ਏਅਰਪੋਰਟ ਤੋਂ ਟੈਕਸੀ ਰਾਹੀਂ ਪਹੁੰਚਿਆ ਜਾ ਸਕਦਾ ਹੈ।

**ਰੇਲ :** ਕੋਟਦੁਆਰ ਰੇਲਵੇ ਸਟੇਸ਼ਨ ਤੋਂ ਟੈਕਸੀ ਲੈ ਕੇ ਜਾਇਆ ਜਾ ਸਕਦਾ ਹੈ।

**ਸੜਕ :** ਦਿੱਲੀ ਤੋਂ ਸੜਕ ਮਾਰਗ ਰਾਹੀਂ ਜਾਣਾ ਸਭ ਤੋਂ ਵਧ ਸਹੂਲਤਮਈ ਹੈ। ਚੰਗੀ ਸੜਕ ਹੋਣ ਕਾਰਨ 5 ਤੋਂ 6 ਘੰਟੇ 'ਚ ਆਰਾਮ ਨਾਲ ਪਹੁੰਚਿਆ ਜਾ ਸਕਦਾ ਹੈ।


**ਜਾਣ ਦਾ ਸਮਾਂ :** ਇਥੋਂ ਦਾ ਮੌਸਮ ਆਮ ਤੌਰ 'ਤੇ ਸੁਹਾਵਣਾ ਹੀ ਰਹਿੰਦਾ ਹੈ। ਵੈਸੇ ਮਾਰਚ ਤੋਂ ਜੂਨ ਦਰਮਿਆਨ ਜਾਣਾ ਸਭ ਤੋਂ ਚੰਗਾ ਰਹੇਗਾ। ਦਸੰਬਰ ਤੋਂ ਫਰਵਰੀ ਤਕ ਠੰਢ ਵੱਧ ਜਾਂਦੀ ਹੈ।

ਸਾਡੇ 'ਚੋਂ ਕੋਈ ਇਥੋਂ ਜਾਣ ਨੂੰ ਰਾਜ਼ੀ ਨਹੀਂ ਸੀ, ਸੋ ਨਿਰਧਾਰਤ ਸਮੇਂ ਨਾਲੋਂ ਵਧ ਬਤੀਤ ਕੀਤਾ ਪਰ ਸਮਾਂ ਘੱਟ ਸੀ ਅਤੇ ਜਾਣਾ ਅੱਗੇ ਸੀ।

### ਟਿਪ ਇਨ ਟੌਪ ਨਾਲ ਨਿਹਾਰੋ ਵਾਦੀ

ਸੇਂਟ ਮੈਰੀ ਚਰਚ ਤੋਂ ਅਸੀਂ ਤੁਰਦੇ ਹੋਏ ਪਹਾੜ ਦੀ ਇਕ ਚੋਟੀ ਤਕ ਜਾਣਾ ਸੀ, ਜਿਸ ਨੂੰ ਟਿਪ ਇਨ ਟੌਪ (ਟਿਫਨੀ ਟੌਪ) ਯਾਨੀ ਲੈਂਸਡਾਊਨ ਦਾ ਸਨੋ ਵਿਊ ਪੁਆਇੰਟ ਵੀ ਕਹਿੰਦੇ ਹਨ। ਇਹ ਵੀ ਇਕ ਅਜਿਹਾ ਸਥਾਨ ਹੈ, ਜਿੱਥੇ ਆਪਣੀਆਂ ਚਿੰਤਾਵਾਂ ਨੂੰ ਛੱਡ, ਵਿਚਾਰ ਸ਼ੂਨਯ ਹੋ ਕੇ ਘੰਟਿਆਂ ਬੱਧੀ ਬੈਠਿਆ ਜਾ ਸਕਦਾ ਹੈ। ਅਸੀਂ ਵੀ ਅਜਿਹਾ ਹੀ ਕੀਤਾ। ਖ਼ਾਮੋਸ਼ ਪਹਾੜਾਂ 'ਤੇ ਮੁਸਕਰਾਉਂਦੇ ਰੁੱਖਾਂ ਦੀਆਂ ਹਰਕਤਾਂ ਨੂੰ ਦੇਖਣਾ, ਜਿਨ੍ਹਾਂ ਦੀਆਂ ਟਾਹਣੀਆਂ ਕਦੇ ਹਵਾ ਦੇ ਝੋਂਕਿਆਂ ਤੇ ਕਦੇ ਪੰਛੀਆਂ ਦੀਆਂ ਅਠਖੇਲੀਆਂ ਨਾਲ ਲਹਿਰਾ ਉਠਦੀਆਂ ਸਨ। ਉੱਥੇ ਸਫ਼ੈਦ ਹਿਮਾਲਿਆ ਨੂੰ ਇਕਟਕ ਨਿਹਾਰਨਾ ਵੀ ਅਨੋਖਾ ਅਹਿਸਾਸ ਸੀ। ਵੈਸੇ, ਇਸ ਟ੍ਰੈਕ 'ਤੇ ਜਾਂਦੇ ਹੋਏ ਧਿਆਨ ਰੱਖਣਾ ਪੈਂਦਾ ਹੈ ਕਿ ਕਿਤੇ ਤੁਸੀਂ ਕਿਸੇ ਜ਼ਹਿਰੀਲੇ ਰੁੱਖ ਜਾਂ ਪੌਦੇ ਦੇ ਸੰਪਰਕ 'ਚ ਨਾ ਆ ਜਾਓ। ਤਾਰਕੇਸ਼ਵਰ ਮੰਦਰ 'ਚ ਸ਼ਿਵ ਦੇ ਦਰਸ਼ਨ ਦੇ ਪਹਿਲੇ ਦਿਨ ਹੀ ਅਸੀਂ ਜ਼ਿਆਦਾਤਰ ਲੋਕ ਪਸੰਦ ਵਾਲੇ ਸਥਾਨਾਂ ਨੂੰ ਮਾਪ ਲਿਆ ਸੀ। ਅਗਲੇ ਦਿਨ ਦੀ ਕੋਈ ਯੋਜਨਾ ਬਣਾਈ ਨਹੀਂ ਸੀ ਇਸ ਲਈ ਮਨ 'ਤੇ ਕੋਈ ਬੋਝ ਪਾਏ ਬਿਨਾਂ ਸਭ ਨੇ ਆਰਾਮ ਨਾਲ ਨੀਂਦ ਪੂਰੀ ਕਰਨ ਦਾ ਫ਼ੈਸਲਾ ਕੀਤਾ। ਜਦ ਸਵੇਰ ਹੋਈ ਤਾਂ ਸੂਰਜ ਦੀਆਂ ਕਿਰਨਾਂ ਨਾਲ ਨਹਾਤੀ ਵਾਦੀ ਨੇ ਗਰਮਜੋਸ਼ੀ ਨਾਲ ਸਾਡਾ ਸਵਾਗਤ ਕੀਤਾ ਅਤੇ ਨਵਾਂ ਜੋਸ਼ ਭਰ ਦਿੱਤਾ। ਅਸੀਂ ਮਹਿਸੂਸ ਕੀਤਾ ਕਿ ਤੇਜ਼ ਰਫ਼ਤਾਰ ਜ਼ਿੰਦਗੀ 'ਚ ਕੁਦਰਤ ਦੀ ਗੋਦ 'ਚ ਕੁਝ ਪਲ ਠਹਿਰਨਾ ਕਿੰਨਾ ਜ਼ਰੂਰੀ ਹੈ।

ਖ਼ੈਰ ਸਮੇਂ ਦਾ ਧਿਆਨ ਰੱਖਦੇ ਹੋਏ ਅਸੀਂ ਝਟਪਟ ਤਿਆਰ ਹੋਏ ਅਤੇ ਨਿਕਲ ਪਏ ਤਾਰਕੇਸ਼ਵਰ ਸਥਿਤ 600 ਸਾਲ ਪੁਰਾਣੇ ਸ਼ਿਵ ਮੰਦਰ ਦੇ ਦਰਸ਼ਨ ਲਈ, ਜੋ ਲੈਂਸਡਾਊਨ ਤੋਂ ਲਗਪਗ 40ਕਿਲੋਮੀਟਰ ਦੂਰ ਸੀ। ਸੜਕ ਚੰਗੀ ਸੀ ਪਰ ਮੈਦਾਨੀ ਇਲਾਕੇ 'ਚ ਕਾਰ ਡਰਾਈਵ ਕਰਨ ਨਾਲੋਂ ਬਿਲਕੁਲ ਵੱਖਰਾ ਅਨੁਭਵ ਹੁੰਦਾ ਹੈ ਇਥੇ। ਆਖਰਕਾਰ ਮੰਦਰ ਤੋਂ 100 ਮੀਟਰ ਦੂਰ ਕਾਰ ਪਾਰਕ ਕਰ ਕੇ ਅਸੀਂ ਕੁਝ ਢਲਾਣ ਵੱਲ ਵਧੇ, ਜਿੱਥੇ ਪਹਿਲਾਂ ਮੁੱਖ ਦੁਆਰ ਮਿਲਿਆ ਅਤੇ ਫਿਰ ਮੰਦਰ। ਪੂਰਾ ਇਲਾਕਾ ਦੇਵਦਾਰ ਦੇ ਸੰਘਣੇ ਰੁੱਖਾਂ ਨਾਲ ਘਿਰਿਆ ਹੋਇਆ ਹੈ, ਜਿੱਥੇ ਕਈ ਵਾਰ ਸੂਰਜ ਦੀ ਰੋਸ਼ਨੀ ਤਕ ਨਹੀਂ ਪਹੁੰਚਦੀ। ਇਸ ਤਰ੍ਹਾਂ ਇਹ ਪੂਰੀ ਯਾਤਰਾ ਇਕ ਯਾਦਗਾਰ ਦੇ ਰੂਪ ਵਿਚ ਦਿਲੋ-ਦਿਮਾਗ਼ 'ਚ ਉਕਰੀ ਗਈ। •



# ਚਾਰਧਾਮ ਦੀ ਯਾਤਰਾ ਦੇ ਸਰੋਕਾਰ

• ਡਾ. ਆਸ਼ਾ ਅਰਪਿਤ
98887-70954

ਸਾਲ 2013 ਵਿਚ ਜਦੋਂ ਪੂਰਾ ਕੇਦਾਰਨਾਥ ਅਚਾਨਕ ਆਏ ਹੜ੍ਹਾਂ ਵਿਚ ਜਲਮਗਨ ਹੋ ਰਿਹਾ ਸੀ ਤਾਂ ਮੰਦਰ ਦੇ ਪਿਛਵਾੜੇ ਇਕ ਚਟਾਨ ਮੰਦਰ ਦੇ ਪਿੱਛੇ ਆ ਕੇ ਲੱਗ ਗਈ। ਪਾਣੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਮੰਦਰ ਦੇ ਅੰਦਰ ਪਾਣੀ ਤਾਂ ਭਰਿਆ ਪਰ ਭਗਵਾਨ ਸ਼ੰਕਰ ਅਤੇ ਨੰਦੀ ਦੀਆਂ ਮੂਰਤੀਆਂ ਦੇ ਨਾਲ-ਨਾਲ ਬਾਕੀ ਮੂਰਤੀਆਂ ਵੀ ਸੁਰੱਖਿਅਤ ਬਚ ਗਈਆਂ। ਕੇਦਾਰਨਾਥ ਵਿਚ ਸਭ ਕੁਝ ਤਹਿਸ-ਨਹਿਸ ਹੋ ਚੁੱਕਿਆ ਸੀ। ਮਈ-ਜੂਨ ਦਾ ਮਹੀਨਾ ਸੀ। ਚਾਰਧਾਮ ਦੀ ਯਾਤਰਾ ਜ਼ੋਰਾਂ 'ਤੇ ਸੀ। ਉਸ ਵੇਲੇ ਪੰਜ ਲੱਖ ਤੋਂ ਵੱਧ ਯਾਤਰੀ ਉੱਥੇ ਸਨ, ਜਿਨ੍ਹਾਂ ਵਿਚ ਕਈ ਮੌਤ ਦੇ ਮੂੰਹ ਚਲੇ ਗਏ। ਕੌਣ ਕਿੱਥੋਂ ਆਇਆ, ਕੋਈ ਪਤਾ ਨਹੀਂ ਸੀ ਲੱਗ ਰਿਹਾ। ਹਰਿਦੁਆਰ ਦੀ ਟੂਰਿਜ਼ਮ ਅਧਿਕਾਰੀ ਸੀਮਾ ਨੌਟਿਆਲ ਨੇ ਇਸ ਆਫਤ ਦਾ ਮੰਜ਼ਰ ਆਪਣੀ ਅੱਖੀਂ ਵੇਖਿਆ ਸੀ।

### ਯਾਤਰਾ ਦਾ ਆਰੰਭ

ਇਸ ਵਾਰ ਦੀ ਚਾਰਧਾਮ ਯਾਤਰਾ ਸ਼ੁਰੂ ਹੋ ਚੁੱਕੀ ਹੈ। ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਅਤੇ ਬੱਦਰੀਨਾਥ ਦੇ ਦੁਆਰ ਖੁੱਲ੍ਹ ਗਏ ਹਨ। ਟ੍ਰੈਵਲ ਏਜੰਸੀਆਂ ਯਾਤਰਾ ਦੀ ਬੁਕਿੰਗ ਕਰ ਰਹੀਆਂ ਹਨ ਅਤੇ ਟਰਾਂਸਪੋਰਟ ਵਿਭਾਗ ਵਪਾਰਕ ਗੱਡੀਆਂ ਨੂੰ ਗਰੀਨ ਕਾਰਡ ਜਾਰੀ ਕਰ ਰਿਹਾ ਹੈ। ਉੱਤਰਾਖੰਡ ਦਾ ਸ਼ਾਸਨ-ਪ੍ਰਸ਼ਾਸਨ ਰਾਜ ਵਿਚ ਟੂਰਿਜ਼ਮ ਨੂੰ ਪ੍ਰਮੋਟ ਕਰਨ ਅਤੇ ਚਾਰਧਾਮ ਯਾਤਰਾ ਨੂੰ ਵਧੀਆ ਬਣਾਉਣ ਲਈ ਕੋਸ਼ਿਸ਼ਾਂ ਕਰ ਰਿਹਾ ਹੈ। ਟੂਰਿਜ਼ਮ ਅਫਸਰ ਦੱਸਦੀ ਹੈ ਕਿ ਪਹਿਲਾਂ ਉੱਥੇ ਨਦੀ ਦਾ ਸਾਰਾ ਏਰੀਆ ਲੋਕਾਂ ਨੇ ਘੇਰਿਆ ਹੋਇਆ ਸੀ। ਨਹੀ ਤਾਂ ਹੜ੍ਹਾਂ ਵੇਲੇ ਇੰਨਾ ਨੁਕਸਾਨ ਨਾ ਹੋਇਆ ਹੁੰਦਾ। ਕੇਦਾਰਨਾਥ ਦੀ ਆਫਤ ਤੋਂ ਬਾਅਦ ਸਬਕ ਸਿੱਖਦਿਆਂ ਸ਼ਾਸਨ-ਪ੍ਰਸ਼ਾਸਨ ਨੇ ਮੰਦਰ ਤੋਂ ਪਰੇ ਹੁਣ ਸਾਰੇ ਇੰਤਜਾਮ ਕੀਤੇ ਹਨ। ਚਾਰਧਾਮ ਯਾਤਰਾ ਲਈ ਹੁਣ ਫੋਟੋਮੈਟ੍ਰਿਕ ਰਜਿਸਟ੍ਰੇਸ਼ਨ ਜ਼ਰੂਰੀ ਹੋ ਗਿਆ ਹੈ ਤਾਂ ਕਿ ਯਾਤਰੀਆਂ ਦੀ ਸਹੀ-ਸਹੀ ਜਾਣਕਾਰੀ ਮਿਲ ਸਕੇ।

### ਬੁਕਿੰਗ ਕਾਊਂਟਰ ਤੇ ਸੂਚਨਾ ਕੇਂਦਰ

ਚਾਰਧਾਮ ਯਾਤਰਾ ਕਿਉਂਕਿ ਹਰਿਦੁਆਰ ਅਤੇ ਰਿਸ਼ੀਕੇਸ਼ ਤੋਂ ਸ਼ੁਰੂ ਹੁੰਦੀ ਹੈ, ਇਸ ਲਈ ਰਸਤਿਆਂ ਵਿਚ ਕਈ ਜਗ੍ਹਾ ਬੁਕਿੰਗ ਕਾਊਂਟਰ ਲਾਏ ਗਏ ਹਨ। ਹਰਿਦੁਆਰ ਵਿਖੇ ਰੇਲਵੇ ਸਟੇਸ਼ਨ ਅਤੇ ਨੇੜੇ ਹੀ ਰਾਹੀ ਮੋਟਲ ਵਿਚ ਬੁਕਿੰਗ ਅਤੇ ਰਜਿਸਟ੍ਰੇਸ਼ਨ ਕਾਊਂਟਰ ਲਾਏ ਗਏ ਹਨ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਸੂਚਨਾ ਕੇਂਦਰ ਵੀ ਸਥਾਪਤ ਕੀਤੇ ਗਏ ਹਨ। ਇਨ੍ਹਾਂ ਸੂਚਨਾ ਕੇਂਦਰਾਂ ਤੋਂ ਯਾਤਰਾ ਸਬੰਧੀਆਂ ਸਾਰੀ ਜਾਣਕਾਰੀ ਲਈ ਜਾ ਸਕਦੀ ਹੈ। ਟੂਰਿਜ਼ਮ ਵਿਭਾਗ ਇਸ ਕੋਸ਼ਿਸ਼ ਵਿਚ ਰਹਿੰਦਾ ਹੈ ਕਿ ਹਰਿਦੁਆਰ-ਰਿਸ਼ੀਕੇਸ ਵਿਖੇ ਜ਼ਿਆਦਾ ਤੋਂ ਜ਼ਿਆਦਾ ਯਾਤਰੀ ਰਜਿਸਟ੍ਰੇਸ਼ਨ ਕਰਵਾਉਣ ਪਰ ਫਿਰ ਵੀ ਦਸ ਫ਼ੀਸਦੀ ਛੁੱਟ ਹੀ ਜਾਂਦੇ ਹਨ। ਕਈ ਲੋਕ ਆਪਣੀਆਂ ਗੱਡੀਆਂ ਰਾਹੀ ਬਾਈਪਾਸ ਵੀ ਨਿਕਲ ਜਾਂਦੇ ਹਨ। ਸਹੀ ਗਿਣਤੀ ਦਾ ਡਾਟਾ ਮੰਦਰ ਕਮੇਟੀ ਕੋਲ ਹੁੰਦਾ ਹੈ।

### ਗਰੀਨ ਕਾਰਡ

ਹਰਿਦੁਆਰ ਦੇ ਏਆਰਟੀਓ ਮਨੀਸ਼ ਤਿਵਾੜੀ ਦੱਸਦੇ ਹਨ ਕਿ ਚਾਰ ਧਾਮ ਸੁਰੱਖਿਅਤ ਯਾਤਰਾ ਲਈ ਕਮਰਸ਼ੀਅਲ ਗੱਡੀਆਂ ਨੂੰ ਗਰੀਨ ਕਾਰਡ ਜਾਰੀ ਕੀਤੇ ਜਾ ਰਹੇ ਹਨ, ਜਿਸ ਵਿਚ ਗੱਡੀਆਂ ਦੀ ਪੂਰੀ ਫਿਟਨੈੱਸ ਦੇ ਕਾਗਜ਼ਾਤ ਚੈੱਕ ਕੀਤੇ ਜਾਂਦੇ ਹਨ। ਇਸ ਵਾਰ ਖ਼ਾਸ ਗੱਲ ਇਹ ਹੈ ਕਿ ਗੱਡੀਆਂ ਵਿਚ ਡਸਟਬਿਨ ਜ਼ਰੂਰੀ ਕੀਤਾ ਗਿਆ ਹੈ ਤਾਂ ਜੋ ਯਾਤਰੀ ਆਪਣਾ ਕੂੜਾ ਕੱਚਰਾ ਇੱਧਰ-ਉੱਧਰ ਨਾ ਸੁੱਟਣ। ਟਰਾਂਸਪੋਰਟ ਅਧਿਕਾਰੀ ਮੁਤਾਬਕ ਗੱਡੀਆਂ ਪਹਿਲਾਂ ਨਾਲੋਂ ਜ਼ਿਆਦਾ ਬਿਹਤਰ ਹੁੰਦੀਆਂ ਜਾ ਰਹੀਆਂ ਹਨ ਪਰ ਜੇ ਡਸਟਬਿਨ ਵੀ ਮੈਨੂਫੈਕਚਰਿੰਗ ਕੰਪਨੀਆਂ ਪਹਿਲਾਂ ਹੀ ਲਾ ਦੇਣ ਤਾਂ ਇਹ ਜ਼ਿਆਦਾ ਠੀਕ ਹੋਵੇਗਾ।

### ਮਹਾਂਮਾਰਗ ਦਾ ਨਿਰਮਾਣ

ਹਿਮਾਲਿਆ ਵਿਚ ਯਾਤਰੀਆਂ ਵਲੋਂ ਛੱਡੇ ਜਾ ਰਹੇ ਕੂੜੇ ਦੇ ਢੇਰ ਵਾਤਾਵਰਨ ਲਈ ਗੰਭੀਰ ਸੰਕਟ ਖੜ੍ਹਾ ਕਰ ਰਹੇ ਹਨ। ਤੇਜ਼ੀ ਨਾਲ ਵੱਧ ਰਿਹਾ ਟੂਰਿਜ਼ਮ ਹਿਮਾਲਿਆ ਦੇ ਈਕੋ-ਸਿਸਟਮ ਨੂੰ ਕਮਜ਼ੋਰ ਬਣਾ ਰਿਹਾ ਹੈ। ਕਈ ਤਰ੍ਹਾਂ ਦਾ ਪ੍ਰਦੂਸ਼ਣ ਵੱਧਦੇ ਹੋਏ ਤਾਪਮਾਨ ਦਾ ਕਾਰਨ ਬਣ ਰਿਹਾ ਹੈ। ਹਿਮਾਲਿਆ ਇਕ ਸੰਵੇਦਨਸ਼ੀਲ ਪਰਬਤ ਹੈ। ਕੁਦਰਤੀ ਸਰੋਤ ਅਤੇ ਸਾਧਨ ਸੀਮਤ ਹਨ। ਤੇਜ਼ੀ ਨਾਲ ਵੱਧ ਰਹੀਆਂ ਮਨੁੱਖੀ ਗਤੀਵਿਧੀਆਂ ਜੰਗਲੀ ਜਾਨਵਰਾਂ ਦੇ ਜੀਵਨ ਨੂੰ ਸੰਕਟ ਵਿਚ ਪਾ ਰਹੀਆਂ ਹਨ। ਉੱਤਰਾਖੰਡ ਵਿਚ ਟੂਰਿਜ਼ਮ ਨੂੰ ਪ੍ਰਮੋਟ ਕਰਨ ਲਈ ਅਤੇ ਚਾਰਧਾਮ ਯਾਤਰਾ ਨੂੰ ਸੁਖਾਲਾ ਬਣਾਉਣ ਲਈ 'ਆਲ ਵੈਦਰ ਰੋਡ'(ਚਾਰਧਾਮ ਮਹਾਂਮਾਰਗ) ਦਾ ਨਿਰਮਾਣ-ਕਾਰਜ ਚੱਲ ਰਿਹਾ ਹੈ। ਇਸ ਦੇ ਕਾਰਨ ਲੱਖਾਂ ਦਰੱਖ਼ਤ ਕੱਟੇ ਜਾ ਰਹੇ ਹਨ। ਵਿਗਿਆਨੀ ਮੰਨਦੇ ਹਨ ਕਿ ਸਾਡੇ ਕੋਲ ਇਕ ਹੀ ਹਿਮਾਲਿਆ ਹੈ ਅਤੇ ਅਸੀਂ ਉਸ ਨੂੰ ਗੁਆਉਂਦੇ ਜਾ ਰਹੇ ਹਾਂ।



ਚਾਰਧਾਮ ਦੀ ਪਵਿੱਤਰ ਯਾਤਰਾ ਸ਼ੁਰੂ ਹੋ ਚੁੱਕੀ ਹੈ। ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਅਤੇ ਬੱਦਰੀਨਾਥ ਦੇ ਦੁਆਰ ਖੁੱਲ੍ਹ ਗਏ ਹਨ। ਟ੍ਰੈਵਲ ਏਜੰਸੀਆਂ ਯਾਤਰਾ ਦੀ ਬੁਕਿੰਗ ਕਰ ਰਹੀਆਂ ਹਨ...



### ਤਪੱਸਿਆ ਲਈ ਅਹਿਮ

ਸ਼ਾਸਤਰਾਂ ਵਿਚ ਕਿਹਾ ਗਿਆ ਹੈ ਕਿ ਸਵਰਗਲੋਕ ਵਿਚ ਦੇਵਤਾ ਇਹ ਗੀਤ ਗਾਉਂਦੇ ਹਨ ਕਿ ਉਹ ਵਿਅਕਤੀ ਧੰਨ ਹੈ ਜਿਹੜਾ ਭਾਰਤ ਦੀ ਧਰਤੀ 'ਤੇ ਜਨਮ ਲੈਂਦਾ ਹੈ :

'ਗਯੰਤੀ ਦੇਵਾ ਕਿਲ ਗੀਤਕਾਨਿ, ਧੰਨਯਾਸਤੂ ਤੇ ਭਾਰਤਭੂਮਿ ਭਾਗੇ।' ਸਕੰਦਪੁਰਾਣ ਵਿਚ ਵੀ ਕਿਹਾ ਗਿਆ ਹੈ ਕਿ 'ਭਾਰਤ ਮਹਾਨ ਹੈ, ਹਿਮਾਲਿਆ ਮਹਾਨ ਹੈ ਕਿਉਂਕਿ ਇਹ ਉਹ ਸਥਾਨ ਹੈ ਜਿੱਥੇ ਗੰਗਾ ਦਾ ਜਨਮ ਹੋਇਆ ਅਤੇ ਜਿੱਥੇ ਗੰਗਾ ਭਗਵਾਨ ਦੇ ਚਰਨਾਂ ਵਿਚ ਵਹਿੰਦੀ ਹੈ। ਮਹਾਂਭਾਰਤ ਵਿਚ ਵੀ ਜ਼ਿਕਰ ਹੈ :

'ਨਾ ਗੰਗਾ ਸਦ੍ਰਿਸ਼ੰ ਤੀਰਥੰ ਨਾ ਦੇਵ : ਕੇਸ਼ਵਾਤ ਪਰ :।'

ਭਾਵ ਗੰਗਾ ਦੇ ਸਮਾਨ ਕੋਈ ਤੀਰਥ ਨਹੀਂ ਅਤੇ ਕੇਸ਼ਵ ਤੋਂ ਪਰੇ ਕੋਈ ਦੇਵ ਨਹੀਂ। ਭਾਰਤ ਦੇ ਰਿਸ਼ੀ-ਮੁਨੀਆਂ ਨੇ ਇਸ ਇਲਾਕੇ ਨੂੰ ਤਪੱਸਿਆ ਲਈ ਹਿਮਾਲਿਆ ਅਤੇ ਗੰਗਾ ਤੱਟ ਨੂੰ ਹੀ ਕਿਉਂ ਚੁਣਿਆ। ਇਸੇ ਲਈ ਕਿ ਇਸ ਇਲਾਕੇ ਵਿਚ ਹਰ ਤਰ੍ਹਾਂ ਦੀ ਆਬੋ ਹਵਾ ਵਿਦਮਾਨ ਸੀ। ਅਧਿਆਤਮਕ ਵਿਗਿਆਨੀ ਸਰੀਰਕ, ਮਾਨਸਿਕ ਅਤੇ ਆਤਮਿਕ ਵਾਤਾਵਰਨ ਸਦਕਾ ਹੀ ਇਥੇ ਰਹੇ ਸੀ। ਗੰਗਾ ਅਤੇ ਹਿਮਾਲਿਆ ਇਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਗੰਗਾ ਨੂੰ ਹਿਮਾਲਿਆ ਦਾ ਅੰਮ੍ਰਿਤ ਰਸ ਕਿਹਾ ਜਾਂਦਾ ਹੈ। ਚਰਕ ਰਿਸ਼ੀ ਨੇ ਕਿਹਾ ਹੈ : ਹਿਮਵਤਪ੍ਰਭਾ:ਪੱਥਿਆ :'।

### ਸਿਹਤਮੰਦ ਜਲਵਾਯੂ

ਹਿਮਾਲਿਆ ਦੀ ਸਿਹਤਮੰਦ ਜਲਵਾਯੂ ਨੂੰ ਧਿਆਨ ਵਿਚ ਰੱਖ ਕੇ ਹੀ ਬ੍ਰਿਟਿਸ਼ ਸ਼ਾਸਕਾਂ ਨੇ ਇਥੇ ਹਿੱਲ ਸਟੇਸ਼ਨ ਬਣਾਏ। ਹਿਮਾਲਿਆ ਤੋਂ ਨਿਕਲਣ ਵਾਲੀਆਂ ਨਦੀਆਂ ਦੇ ਇਲਾਕੇ ਵਿਚ ਹੀ ਭਾਰਤ ਦੀ ਸੱਭਿਅਤਾ-ਸੰਸਕ੍ਰਿਤੀ ਵਿਕਸਤ ਹੋਈ। ਹਿਮਾਲਿਆ ਵਿਚ ਚੂਨਾ-ਪੱਥਰ, ਮੈਗਨੇਸਾਈਟ, ਗ੍ਰੇਫਾਈਟ, ਫਾਸਫੋਰਾਈਟ, ਵੇਰਾਈਟ, ਟਾਲਕ ਅਤੇ ਜਿਪਸਮ ਦੇ ਵੱਡੇ ਭੰਡਾਰੇ ਹਨ। ਉਨ੍ਹਾਂ ਤੋਂ ਵੱਡੀ ਮਾਤਰਾ ਵਿਚ ਖਣਿਜ ਕੱਢੇ ਜਾ ਸਕਦੇ ਹਨ।

ਵਰਲਡ ਇਕਨੌਮਿਕ ਫੋਰਮ ਮੁਤਾਬਕ-'ਵਰ੍ਹੇ 2100 ਤਕ ਹਿਮਾਲਿਆ ਦੀ ਬਰਫ਼ ਦਾ ਤੀਜਾ ਹਿੱਸਾ ਖ਼ਤਮ ਹੋ ਜਾਵੇਗਾ, ਇਹ ਵੀ ਉਦੋਂ ਦੀ ਗੱਲ ਹੈ ਜਦੋਂ ਸਰਕਾਰ 2015 ਪੈਰਿਸ ਜਲਵਾਯੂ ਸਮਝੌਤੇ ਅਧੀਨ ਸਖ਼ਤ ਕਾਰਵਾਈ ਕਰਦੀ ਹੈ। ਪਿਘਲਦੀ ਹੋਈ ਬਰਫ਼ ਦਾ ਵੱਡਾ ਕਾਰਨ ਵਧਦਾ ਹੋਇਆ ਤਾਪਮਾਨ ਅਤੇ ਬਦਲਦਾ ਹੋਇਆ ਮੌਸਮ ਹੈ।' ਕਈ ਵਿਗਿਆਨੀ ਮੰਨਦੇ ਹਨ ਕਿ ਵਿਕਾਸ ਕਾਰਜਾਂ, ਸੜਕਾਂ, ਸੁਰੰਗਾਂ, ਕਾਰਖਾਨੇ, ਡੈਮਾਂ ਦਾ ਨਿਰਮਾਣ ਅਤੇ ਧਾਤੂਆਂ ਨੂੰ ਕੱਢਣ ਲਈ ਕੀਤੀ ਜਾਂਦੀ ਖੁਦਾਈ ਕਾਰਨ ਚਟਾਨਾਂ ਖਿਸਕਣ ਦੇ ਰੂਪ ਵਿਚ ਹਿਮਾਲਿਆ ਦੇ ਅੰਗ ਕੱਟ-ਕੱਟ ਕੇ ਡਿੱਗ ਰਹੇ ਹਨ। ਭੂਚਾਲਾਂ ਦੀ ਫ੍ਰੀਕਵੈਂਸੀ ਵਧੀ ਹੈ। ਇਥੋਂ ਤਕ ਜੀਵਨ ਦੇਣ ਵਾਲੇ ਜਲ ਦੇ ਸਰੋਤ ਅਤੇ ਝਰਨੇ ਸੁੱਕ ਰਹੇ ਹਨ।

ਹਿਮਾਲਿਆ ਦੇ ਸਾਹਮਣੇ ਅਨੇਕਾਂ ਸਵਾਲ ਸਿਰ ਚੁੱਕੀ ਖੜ੍ਹੇ ਹਨ ਅਤੇ ਸਰਕਾਰਾਂ ਮਜਬੂਰ ਹਨ ਕਿਉਂਕਿ ਇਕ ਪਾਸੇ ਵਧਦੀ ਹੋਈ ਆਬਾਦੀ ਦੀਆਂ ਮੰਗਾਂ ਪੂਰੀਆਂ ਕਰਨ ਦੀ ਚੁਣੌਤੀ ਹੈ ਅਤੇ ਦੂਜੇ ਪਾਸੇ ਕੁਦਰਤੀ ਵਿਰਾਸਤ ਨੂੰ ਬਚਾਉਣ ਦਾ ਸਵਾਲ ਹੈ। ਹੁਣ ਫ਼ੈਸਲਾ ਹਰ ਉਸ ਦੇਸ਼ ਵਾਸੀ ਦੇ ਹੱਥ ਵਿਚ ਹੈ ਜੋ ਅਸਲੀ ਅਰਥਾਂ ਵਿਚ ਚਾਰਧਾਮ ਯਾਤਰਾ ਕਰਨੀ ਚਾਹੁੰਦਾ ਹੈ। ਚਾਰਧਾਮ ਯਾਤਰਾ ਦਾ ਅਰਥ ਕੇਵਲ ਅਤੇ ਕੇਵਲ ਭਗਵਾਨ ਦੀਆਂ ਮੂਰਤੀਆਂ ਦੇ ਦਰਸ਼ਨ ਕਰਨਾ ਹੀ ਨਹੀਂ ਹੈ ਜਦਕਿ ਉਸ ਵਿਆਪਕ ਅਕਾਲ ਪੁਰਖ ਦੇ ਵੱਖ-ਵੱਖ ਅੰਗਾਂ ਦੇ ਰੂਪ ਵਿਚ ਮਿਲੇ ਹੋਏ ਕੁਦਰਤੀ ਸਰੋਤਾਂ ਦੀ ਰੱਖਿਆ ਅਤੇ ਸਾਂਭ ਸੰਭਾਲ ਕਰਨਾ ਵੀ ਹੈ। ਗੰਗਾ ਅਤੇ ਹਿਮਾਲਿਆ ਭਾਰਤ ਦੀ ਖਾਸ ਪਛਾਣ ਹੈ। ਵਿਦਵਾਨ, ਚਿੰਤਕ ਅਤੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਗੰਗਾ ਅਤੇ ਉਸ ਦੀਆਂ ਸਹਾਇਕ ਨਦੀਆਂ ਬਚਣਗੀਆਂ ਤਾਂ ਹੀ ਹਿਮਾਲਿਆ ਬਚੇਗਾ। ਹਿਮਾਲਿਆ ਬਚੇਗਾ ਤਾਂ ਬਰਫ਼ ਬਚੇਗੀ। ਬਰਫ਼ ਬਚੇਗੀ ਤਾਂ ਵਾਤਾਵਰਨ ਸੰਤੁਲਨ ਹੋਵੇਗਾ ਅਤੇ ਤਾਹੀਓਂ ਚਾਰਧਾਮ ਯਾਤਰਾ ਦਾ ਮਨੋਰਥ ਸਫਲ ਹੋਵੇਗਾ। •



ਡਲਹੌਜ਼ੀ ਵਾਂਗ ਕਸੌਲੀ ਵੀ ਆਰਮੀ ਦਾ ਹੀ ਇਕ ਕਸਬਾ ਹੈ। ਇਹ ਬੁੱਧੀਮਾਨ ਵਿਅਕਤੀਆਂ ਦਾ ਮਨਪਸੰਦ ਸ਼ਹਿਰ ਹੈ। ਇੱਥੇ ਬੀ.ਕੇ.ਨਹਿਰੂ, ਲੇਖਕ ਖੁਸ਼ਵੰਤ ਸਿੰਘ, ਅਦਾਕਾਰ ਰਾਹੁਲ ਘੋਸ਼ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਜੱਦੀ ਘਰ ਹਨ...



# ਖ਼ੂਬਸੂਰਤ ਤੇ ਸ਼ਾਂਤੀ ਭਰਪੂਰ ਹਿੱਲ ਸਟੇਸ਼ਨ ਕਸੌਲੀ

• ਤਰਸੇਮ ਲਾਲ ਸ਼ੇਰਾ
97795-19840

ਗਰਮੀਆਂ ਦੀ ਲੂ ਅਤੇ ਸ਼ਹਿਰੀ ਘੁਟਣ ਤੋਂ ਕੁਝ ਦੇਰ ਛੁਟਕਾਰਾ ਪਾਉਣ ਲਈ ਇਨਸਾਨ ਪਹਾੜਾਂ ਵੱਲ ਮੁੱਖ ਮੋੜਦਾ ਹੈ। ਬੰਦੇ ਨੂੰ ਦਿਮਾਗ਼ੀ ਸਕੂਨ ਦੇਣ ਲਈ ਪਹਾੜਾਂ ਵਿਚ ਕੁਦਰਤੀ ਗੁਣ ਹੁੰਦੇ ਹਨ ਪਰ ਅੱਜ ਕੱਲ੍ਹ ਪਹਾੜੀ ਹਿੱਲ ਸਟੇਸ਼ਨਾਂ 'ਤੇ ਵੀ ਭਾਰੀ ਭੀੜ ਹੋ ਜਾਂਦੀ ਹੈ। ਸੀਜ਼ਨ 'ਚ ਕਈ ਵਾਰ ਤਾਂ ਮਨੁੱਖੀ ਸਿਰਾਂ ਦਾ ਹੜ੍ਹ ਹੀ ਆ ਜਾਂਦਾ ਹੈ। ਇਕ ਵਾਰ ਮੈਂ ਗਰਮੀਆਂ 'ਚ ਮਸੂਰੀ ਗਿਆ। ਉਥੇ ਮਾਲ ਰੋਡ 'ਤੇ ਸੈਲਾਨੀਆਂ ਦਾ ਮੋਢੇ ਨਾਲ ਮੋਢਾ ਖਹਿੰਦਾ ਸੀ। ਅੱਧਾ-ਦਿਨ ਬੀਤਣ ਤੋਂ ਬਾਅਦ ਕਿਧਰੇ ਜਾ ਕੇ ਹੋਟਲ 'ਚ ਕਮਰਾ ਮਿਲਿਆ। ਸੈਲਾਨੀਆਂ ਦੀ ਭੀੜ ਨੇ ਤਾਂ ਇੱਥੋਂ ਤਕ ਅਸਰ ਪਾਇਆ ਕਿ ਠੰਢੇ ਹਿੱਲ-ਸਟੇਸ਼ਨਾਂ 'ਤੇ ਪੱਖੇ ਚੱਲਣ ਲੱਗ ਪਏ ਹਨ।

ਇਕ ਹਿੱਲ ਸਟੇਸ਼ਨ ਬਾਰੇ ਕਿਹਾ ਜਾ ਸਕਦਾ ਹੈ ਕਿ ਉੱਥੇ ਅਜੇ ਲੋਕਾਂ ਨੇ ਵਹੀਰਾਂ ਨਹੀਂ ਘੱਤੀਆਂ। ਉਸ ਹਿੱਲ-ਸਟੇਸ਼ਨ ਦਾ ਨਾਂ ਹੈ ਕਸੌਲੀ। ਇਹ ਹਿਮਾਚਲ ਦਾ ਖ਼ੂਬਸੂਰਤ ਇਕਾਂਤ ਹਿੱਲ-ਸਟੇਸ਼ਨ ਹੈ। ਕਸੌਲੀ ਚੰਡੀਗੜ੍ਹ ਤੋਂ 58 ਕਿਲੋਮੀਟਰ ਅਤੇ ਸ਼ਿਮਲਾ ਤੋਂ 71 ਕਿਲੋਮੀਟਰ ਦੂਰੀ 'ਤੇ ਹੈ। ਚੰਡੀਗੜ੍ਹ ਤੋਂ ਕਾਰ 'ਚ 2 ਘੰਟੇ ਅਤੇ ਬੱਸ 'ਚ ਸਿਰਫ਼ ਢਾਈ ਘੰਟੇ 'ਚ ਪਹੁੰਚਿਆ ਜਾ ਸਕਦਾ ਹੈ। ਕਸੌਲੀ ਚੰਡੀਗੜ੍ਹ ਤੋਂ ਸ਼ਿਮਲਾ ਜਾਂਦਿਆਂ ਖੱਬੇ ਪਾਸੇ ਧਰਮਪੁਰ ਤੋਂ ਹਟਵਾਂ ਹੈ।


ਡਲਹੌਜ਼ੀ ਵਾਂਗ ਇਹ ਵੀ ਆਰਮੀ ਦਾ ਹੀ ਇਕ ਕਸਬਾ ਹੈ। ਕਸੌਲੀ 'ਚ ਘੁੰਮਣਾ ਹੁਣ ਨਵੇਂ ਬਣ ਰਹੇ ਬੱਸ ਸਟੈਂਡ ਤੋਂ ਹੀ ਸ਼ੁਰੂ ਹੁੰਦਾ ਹੈ। ਇੱਥੇ ਘੁੰਮਣ-ਫਿਰਨ ਲਈ ਚਾਰ ਥਾਵਾਂ ਅੱਪਰ ਮਾਲ ਰੋਡ, ਲੋਅਰ ਮਾਲ ਰੋਡ, ਤਿੱਬਤ ਮਾਰਕੀਟ ਅਤੇ ਪੁਰਾਣੀ ਹੈਰੀਟੇਜ ਮਾਰਕੀਟ। ਜ਼ਿਆਦਾ ਤੌਰ 'ਤੇ ਸੈਲਾਨੀ ਤਿੱਬਤ ਮਾਰਕੀਟ ਅਤੇ ਹੈਰੀਟੇਜ ਮਾਰਕੀਟ 'ਚ ਹੀ ਘੁੰਮਦੇ ਹਨ। ਕਿਉਂਕਿ ਇਨ੍ਹਾਂ ਦੋਹਾਂ ਮਾਰਕੀਟਾਂ 'ਚ ਹੀ ਸੈਲਾਨੀਆਂ ਦੀਆਂ ਮਨਪਸੰਦ ਚੀਜ਼ਾਂ ਮਿਲਦੀਆਂ ਹਨ। ਵੈਜ ਅਤੇ ਨਾਨ ਵੈਜ ਸਮੇਤ ਹਰ ਤਰ੍ਹਾਂ ਦੇ ਲਜ਼ੀਜ਼ ਪਕਵਾਨ ਇੱਥੇ ਮਿਲਦੇ ਹਨ। ਖਿਡੌਣੇ, ਲੱਕੜੀ ਦਾ ਸਾਮਾਨ ਅਤੇ ਔਰਤਾਂ ਦੇ ਹਾਰ ਸ਼ਿੰਗਾਰ ਦੀਆਂ ਵੀ ਕੁਝ ਦੁਕਾਨਾਂ ਸਜੀਆਂ ਰਹਿੰਦੀਆਂ ਹਨ।

ਕਸੌਲੀ 'ਚ ਦੂਜੇ, ਤੀਜੇ ਅਤੇ ਚੌਥੇ ਦਰਜੇ ਦੇ ਹੋਟਲ ਅਤੇ ਰਿਜ਼ੋਰਟ, ਸ਼ਿਮਲਾ ਮੇਨ ਰੋਡ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਸੀਮਤ ਬਜਟ ਵਾਲੇ ਸੈਲਾਨੀਆਂ ਲਈ ਸਸਤੀ ਦਰਾਂ ਵਾਲੇ ਹੋਟਲ ਹੈਰੀਟੇਜ ਮਾਰਕੀਟ ਕੋਲ ਮੌਜੂਦ ਹਨ। ਹੈਰੀਟੇਜ ਮਾਰਕੀਟ ਤੋਂ ਥੋੜ੍ਹਾ ਜਿਹਾ ਅੱਗੇ ਨਿਕਲ ਕੇ ਟੈਲੀਫੋਨ ਐਕਸਚੈਂਜ ਦੇ ਕੋਲ ਵੀ ਕੁਝ ਸਸਤੇ ਹੋਟਲ ਮਿਲਦੇ ਹਨ। ਇਥੋਂ ਹੀ ਰਾਤ ਨੂੰ ਖੜ੍ਹ ਕੇ ਜਗਦਾ ਹੋਇਆ ਚੰਡੀਗੜ੍ਹ ਵੇਖਿਆ ਜਾ ਸਕਦਾ ਹੈ। ਇਹ ਨਜ਼ਾਰਾ ਵੇਖ ਕੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਲੱਖਾਂ ਦੀਵੇ ਧਰਤੇ 'ਤੇ ਟਿਮਟਿਮਾ ਰਹੇ ਹੋਣ।

ਤਿੱਬਤ ਮਾਰਕੀਟ ਦੇ ਚੌਰਾਹੇ 'ਤੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦਾ ਕਾਂਸੇ ਦਾ ਬੁੱਤ ਲੱਗਿਆ ਹੋਇਆ ਹੈ। ਦੇਸ਼ ਭਗਤੀ ਵਾਲੇ ਸੈਲਾਨੀ ਇਸ ਦੀ ਫੋਟੋ ਖਿੱਚਣਾ ਨਹੀਂ ਭੁਲਦੇ। ਤਿਬਤੀ ਮਾਰਕੀਟ ਤੋਂ ਮੌਂਕੀ ਪੁਆਇੰਟ ਵਾਲੀ ਸੜਕ 'ਤੇ ਸਨ ਰਾਈਜ਼ ਪੁਆਇੰਟ ਹੈ। ਇਥੇ ਸਵੇਰੇ ਪਹਾੜਾਂ ਪਿੱਛੋਂ ਨਿਕਲੇ ਸੂਰਜ ਦਾ ਨਜ਼ਾਰਾ ਵੇਖਿਆ ਜਾ ਸਕਦਾ ਹੈ। ਇਸ ਤੋਂ 2 ਕਿਲੋਮੀਟਰ ਅੱਗੇ ਏਅਰ ਫੋਰਸ ਸਟੇਸ਼ਨ ਹੈ। ਇੱਥੇ ਠੰਢ ਵੱਧ ਜਾਂਦੀ ਹੈ। ਸੈਲਾਨੀ ਇੱਥੇ ਚਾਹ ਅਤੇ ਪਕੌੜਿਆਂ ਦਾ ਆਨੰਦ ਮਾਣਦੇ ਹਨ। ਅੱਗੇ ਵਰਜਿਤ ਏਰੀਆ ਹੈ।

ਇਕ ਦੰਦ-ਕਥਾ ਮੁਤਾਬਕ ਜਦੋਂ ਮੇਘਨਾਥ ਨਾਲ ਲੜਦੇ ਹੋਏ ਲਛਮਣ ਮੂਰਛਤ ਹੋ ਜਾਂਦੇ ਨੇ ਤਾਂ ਰਾਮ ਚੰਦਰ ਮਹਾਰਾਜ ਹਨੂੰਮਾਨ ਨੂੰ ਹਿਮਾਲਿਆ ਪਰਬਤ ਤੋਂ ਸੰਜੀਵਨੀ ਬੂਟੀ ਲਿਆਉਣ ਲਈ ਆਗਿਆ ਦਿੰਦੇ ਹਨ। ਆਉਂਦੇ ਜਾਂ ਜਾਂਦੇ ਸਮੇਂ ਹਨੂੰਮਾਨ ਜੀ ਦਾ ਇਕ ਪੈਰ ਇਥੇ ਪਰਬਤ 'ਤੇ ਰੱਖਿਆ ਜਾਂਦਾ ਹੈ, ਇਸ ਨੂੰ ਮੌਂਕੀ ਪੁਆਇੰਟ ਕਹਿੰਦੇ ਹਨ। ਇਸ ਜਗ੍ਹਾ 'ਤੇ ਛੋਟਾ ਜਿਹਾ ਸੁੰਦਰ ਮੰਦਰ ਸ੍ਰੀ ਸੰਜੀਵਨੀ ਹਨੂੰਮਾਨ ਮੰਦਰ ਬਣਿਆ ਹੋਇਆ ਹੈ। ਇਹ ਮੰਦਰ ਏਅਰ ਫੋਰਸ ਫ਼ੌਜ ਦੇ ਅਧੀਨ ਹੈ। ਇਸ ਮੰਦਰ ਦੇ ਨਾਲ ਹੀ ਏਅਰ ਫੋਰਸ ਦਾ ਹੈਲੀਪੈਡ ਹੈ। ਮੰਦਰ ਬਹੁਤ ਉਚਾਈ 'ਤੇ ਹੈ ਅਤੇ ਪੈਦਲ ਜਾਣਾ ਪੈਂਦਾ ਹੈ।

ਮੋਬਾਈਲ ਫੋਨ ਅਤੇ ਕੈਮਰਾ ਜਮ੍ਹਾਂ ਕਰਵਾਉਣ ਤੋਂ ਬਾਅਦ ਹੀ ਸੈਲਾਨੀਆਂ ਨੂੰ ਆਰਮੀ ਵਲੋਂ ਪਾਸ ਦਿੱਤਾ ਜਾਂਦਾ ਹੈ। ਆਉਣ-ਜਾਣ ਲਈ ਲਗਪਗ ਇਕ ਘੰਟੇ ਦਾ ਸਮਾਂ ਲੱਗ ਜਾਂਦਾ ਹੈ। ਮੰਦਿਰ ਕੋਲ ਖੜ੍ਹ ਕੇ ਚਾਰੇ ਪਾਸੇ ਪਹਾੜਾਂ ਦਾ ਇਕ ਅਦਭੁਤ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਤੇਜ਼ ਠੰਢੀ ਹਵਾ ਸਰੀਰ ਨੂੰ ਕੰਬਣੀ ਛੇੜ ਦਿੰਦੀ ਹੈ। ਮੌਂਕੀ ਪੁਆਇੰਟ ਧਰਤੀ ਦੇ (ਸੀ-ਲੇਬਲ) ਤੋਂ 6500 ਮੀਟਰ ਉੱਚਾ ਹੈ। ਕਸੌਲੀ 'ਚ ਸਭ ਤੋਂ ਵੱਧ ਆਕਰਸ਼ਕ ਕਰਨ ਵਾਲਾ ਉਥੋਂ ਦਾ ਮੌਸਮ ਅਤੇ ਖ਼ਾਮੋਸ਼ੀ ਹੈ। ਕਸੌਲੀ 'ਚ 12 ਮਹੀਨੇ (ਪੂਰਾ ਸਾਲ) ਠੰਢ ਰਹਿੰਦੀ ਹੈ।







ਦਸੰਬਰ ਅਤੇ ਜਨਵਰੀ 'ਚ ਉੱਥੇ ਬਰਫ਼ ਪੈਂਦੀ ਹੈ। ਉਥੋਂ ਦੀ ਸ਼ਾਂਤੀ, ਮੈਡੀਟੇਸ਼ਨ 'ਚ ਜਲਦੀ ਇਕਾਗਰਤਾ ਪੈਦਾ ਕਰ ਦਿੰਦੀ ਹੈ। ਕਸੌਲੀ 'ਚ ਮੈਡੀਟੇਸ਼ਨ ਪੁਆਇੰਟ ਵੀ ਹੈ। ਸਵੇਰੇ ਊਨੀ ਕੱਪੜੇ ਪਾ ਕੇ ਸੈਰ ਕਰਨ ਦਾ ਅਲੱਗ ਹੀ ਨਜ਼ਾਰਾ ਹੈ। ਕਸੌਲੀ ਵਿਚ ਹਰ ਦਸ ਪੰਦਰਾਂ ਕਦਮਾਂ 'ਤੇ ਤੜਕੇ ਮੰਤਰ ਮੁਗਧ ਕਰਨ ਵਾਲੇ ਭਜਨ ਚੱਲਦੇ ਰਹਿੰਦੇ ਹਨ। ਸੰਨ 2011 ਵਿਚ ਉੱਥੇ ਜਨਸੰਖਿਆ ਪੰਜ ਹਜ਼ਾਰ ਸੀ। ਹੁਣ 2019 ਵਿਚ ਛੇ ਹਜ਼ਾਰ ਦਾ ਅਨੁਮਾਨ ਹੈ। ਉਥੋਂ ਦੇ ਸਥਾਨਕ ਲੋਕ ਸਵੇਰੇ ਸ਼ਾਮ ਸਵੈਟਰ ਪਾ ਕੇ ਚੱਲਦੇ ਹਨ। ਬਜ਼ਾਰ 'ਚ ਸਫ਼ਾਈ ਬਿਹਤਰ ਹੈ।

ਕਸੌਲੀ ਬੁੱਧੀਮਾਨ ਵਿਅਕਤੀਆਂ ਦਾ ਮਨ-ਪਸੰਦ ਸ਼ਹਿਰ ਹੈ। ਇੱਥੇ ਬੀ.ਕੇ.ਨਹਿਰੂ, ਲੇਖਕ ਖੁਸ਼ਵੰਤ ਸਿੰਘ, ਅਦਾਕਾਰ ਰਾਹੁਲ ਘੋਸ਼ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਜੱਦੀ ਘਰ ਹਨ। ਲਾਰੰਸ ਸਕੂਲ ਸਨਾਵਰ, ਸੇਂਟ ਕਾਨਵੈਂਟ ਸਕੂਲ ਅਤੇ ਏਅਰ ਫੋਰਸ ਸਕੂਲ ਭਾਰਤ ਦੇ ਵਧੀਆ ਸਕੂਲਾਂ ਵਿੱਚੋਂ ਹਨ। ਸੁਖਬੀਰ ਬਾਦਲ, ਉਮਰ ਅਬਦੁਲਾ ਅਤੇ ਫਿਲਮ ਸਟਾਰ ਸੰਜੇ ਦੱਤ ਇਥੇ ਸਨਾਵਰ ਸਕੂਲ ਵਿਚ ਜਮਾਤੀ ਸਨ। ਕਸੌਲੀ 'ਚ ਫਿਲਮ ਮਾਇਆ ਮੇਮ ਸਾਹਿਬ ਦੀ ਪੂਰੀ ਸ਼ੂਟਿੰਗ ਹੋਈ ਸੀ। ਹੁਣ ਵੀ ਟੀ.ਵੀ. ਅਤੇ ਐਲਬਮਾਂ ਵਾਲੇ ਸ਼ੂਟਿੰਗ ਕਰਨ ਲਈ ਇੱਥੇ ਆਉਂਦੇ ਰਹਿੰਦੇ ਹਨ। ਕਸੌਲੀ ਵਿਚ ਮੰਦਰ, ਗੁਰੂਦੁਆਰਾ, ਚਰਚ ਅਤੇ ਦੋ ਸਤਿਸੰਗ ਘਰ ਮੌਜੂਦ ਹਨ।

ਕਸੌਲੀ 1842 ਬ੍ਰਿਟਿਸ਼ ਰਾਜ ਦੇ ਸਮੇਂ ਹੋਂਦ 'ਚ ਆਈ। 1844 'ਚ ਇੱਥੇ ਚਰਚ ਘਰ ਬਣਿਆ, ਜਿਸ ਦੀ ਪੁਰਾਣੀ ਇਮਾਰਤ ਅੱਜ ਵੀ ਸਲਾਮਤ ਹੈ। ਚਰਚ 'ਚ ਪ੍ਰਾਰਥਨਾ ਸਭਾ ਅੱਜ ਵੀ ਹੁੰਦੀ ਹੈ। 1880 ਵਿਚ ਇੱਥੇ ਕਸੌਲੀ ਕਲੱਬ ਬਣੀ। 100 ਸਾਲਾਂ ਤੋਂ ਵੀ ਪਹਿਲਾਂ ਵਾਲੀਆਂ ਇਮਾਰਤਾਂ ਇਥੇ ਵੇਖੀਆਂ ਜਾ ਸਕਦੀਆਂ ਹਨ।

ਜੇਕਰ ਤੁਸੀਂ ਕਸੌਲੀ ਜਾ ਰਹੇ ਹੋ, ਤਾਂ ਦੋ ਦਿਨ ਦਾ ਪ੍ਰੋਗਰਾਮ ਜ਼ਰੂਰ ਬਣਾ ਕੇ ਜਾਣਾ। ਥੋੜ੍ਹੇ ਜਿਹੇ ਗਰਮ ਕੱਪੜੇ, ਥਰਮੋਸ ਅਤੇ ਕੈਮਰਾ ਵੀ ਜ਼ਰੂਰ ਲੈ ਕੇ ਜਾਣਾ। ਚੀਲ੍ਹ ਦੇ ਰੁੱਖ, ਢਾਲਵੀਆਂ ਛੱਤਾਂ ਵਾਲੇ ਹੋਟਲ ਅਤੇ ਮਕਾਨ, ਕਸੌਲੀ ਦੀਆਂ ਉੱਚੀਆਂ-ਨੀਵੀਆਂ ਅਤੇ ਵਲ਼ ਖਾਂਦੀਆਂ ਸੜਕਾਂ ਅਤੇ ਮੌਸਮ ਤੁਹਾਨੂੰ ਮਦਹੋਸ਼ ਕਰ ਦੇਵੇਗਾ। ਜੇਕਰ ਤੁਸੀਂ ਕਸੌਲੀ ਜਾ ਰਹੇ ਹੋ ਤਾਂ ਟੈਲੀਫੋਨ ਐਕਸਚੈਂਜ ਦੇ ਸਾਹਮਣੇ ਟੀ ਸਟਾਲ ਦੇ ਸਾਊ ਜਿਹੇ ਦੁਕਾਨਦਾਰ ਦੀ ਚਾਹ ਅਤੇ ਗਰਮ ਪਕੌੜੇ ਖਾਣਾ ਨਾ ਭੁਲਣਾ। ਜੇ ਤੁਸੀਂ ਕਸੌਲੀ ਤੋਂ ਵਾਪਸ ਆ ਰਹੇ ਹੋ ਤਾਂ ਧਰਮਪੁਰ ਸ਼ਹਿਰ ਦੇ ਬਹੁਤ ਪੁਰਾਣੇ ਅਤੇ ਛੋਟੇ ਜਿਹੇ ਰੇਲਵੇ ਸਟੇਸ਼ਨ ਦੇ ਪਲੇਟਫਾਰਮ 'ਤੇ ਡੱਠੇ ਬੈਂਚ 'ਤੇ ਬੈਠ ਕੇ ਕੀੜੀ ਚਾਲ ਤੁਰਦੀ, ਵਲ਼ ਖਾਂਦੀ ਛੋਟੀ ਰੇਲ ਗੱਡੀ ਨੂੰ ਵੇਖਣਾ ਨਾ ਭੁੱਲਣਾ। •

# ਵਸੀਅਤ ਬਾਰੇ ਜਾਣਕਾਰੀ

**-ਜੇਕਰ ਖਾਨਗੀ ਵਸੀਅਤ ਹੋਵੇ ਤਾਂ ਵਿਅਕਤੀ ਦੀ ਮੌਤ ਤੋਂ ਬਾਅਦ ਉਸਦੇ ਵਾਰਸਾਨ ਉਸ ਵਸੀਅਤ ਨੂੰ ਰਜਿਸਟਰਡ ਵੀ ਕਰਵਾ ਸਕਦੇ ਹਨ। ਇਹ ਸਾਰੇ ਕਾਗਜ਼ ਅਤੇ ਅਰਜ਼ੀ ਲਿਖ ਕੇ ਉਸਦੇ ਨਾਲ ਵਸੀਅਤ ਦੀ ਕਾਪੀ ਅਤੇ ਮੌਤ ਦਾ ਸਰਟਿਫਿਕੇਟ ਲਗਾ ਕੇ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਦੇਣੀ ਹੁੰਦੀ ਹੈ ਅਤੇ ਫਿਰ ਸਬ-ਰਜਿਸਟਰਾਰ ਅਖਬਾਰ ਵਿਚ ਦੇਕੇ 45 ਦਿਨਾਂ ਦਾ ਨੋਟਿਸ ਆਮ ਜਨਤਾ ਨੂੰ ਵਸੀਅਤ ਜਮਾ ਕਰਵਾਉਣ ਸੰਬੰਧੀ ਇਤਰਾਜ਼ ਫਾਇਲ ਕਰਨ ਲਈ ਕਹਿੰਦਾ ਹੈ ਕਿ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਮਿੱਥੇ ਸਮੇਂ ਤੱਕ ਫਾਇਲ ਕਰਨ।**



ਦੋਸਤੋ ਆਪਣੇ ਇਸ ਲੇਖ ਰਾਹੀਂ ਮੈਂ ਸੀ.ਆਰ.ਆਈ ਦੇ ਜਰੀਏ ਤੁਹਾਨੂੰ ਕਾਨੂੰਨ ਨਾਲ ਸੰਬੰਧਤ ਵਿਸ਼ੇ ਵਸੀਅਤ ਯਾਨੀ will ਬਾਰੇ ਜਾਣਕਾਰੀ ਦੇਣ ਜਾ ਰਿਹਾ ਹਾਂ। ਆਪਣੇ ਇਸ ਲੇਖ ਰਾਹੀਂ ਮੈਂ ਇਸ ਗੱਲ ਤੇ ਰੋਸ਼ਨੀ ਪਾਉਣ ਜਾ ਰਿਹਾ ਹਾਂ ਕਿ ਆਖਿਰ ਵਿਚ ਵਸੀਅਤ ਕੌਣ ਕਰ ਸਕਦਾ ਹੈ, ਵਸੀਅਤ ਕਿਸ ਤਰਾਂ ਕੀਤੀ ਜਾ ਸਕਦੀ ਹੈ ਅਤੇ ਵਸੀਅਤ ਕਰਨ ਦੇ ਕਿ ਫਾਇਦੇ ਹਨ।

-ਅਕਸਰ ਅਸੀਂ ਵੇਖਤੇ ਹਾਂ ਕਿ ਜਦੋਂ ਪਰਿਵਾਰ ਵਿਚ ਕਿਸੇ ਦੀ ਅਚਾਨਕ ਮੌਤ ਹੋ ਜਾਂਦੀ ਹੈ ਤਾਂ ਜਮੀਨ ਜਾਇਦਾਦ, ਚਲ-ਅਚਲ ਸੰਪਤੀ ਨੂੰ ਲੈਕੇ ਵਾਰਿਸਾਂ ਜਾ ਰਿਸ਼ਤੇਦਾਰਾਂ ਵਿਚ ਲੜਾਈ ਝਗੜਾ ਹੋ ਜਾਂਦਾ ਹੈ। ਇਹ ਲੜਾਈ ਝਗੜੇ ਕਈ ਵਾਰ ਇਸ ਹੱਦ ਤੱਕ ਪਹੁੰਚ ਜਾਂਦੇ ਹਨ ਕਿ ਰਿਸ਼ਤਿਆਂ ਵਿਚਕਾਰ ਤਰੇੜਾਂ ਪੈ ਜਾਂਦੀਆਂ ਹਨ ਅਤੇ ਕਈ ਵਾਰ ਇਨਾਂ ਤਰੇੜਾਂ ਕਾਰਨ ਰਿਸ਼ਤੇ ਟੁੱਟ ਵੀ ਜਾਂਦੇ ਹਨ।

-ਕਿਸੇ ਵੀ ਵਿਅਕਤੀ ਦੇ ਕਾਨੂਨੀ ਤੌਰ ਤੇ ਵਾਰਸਾਨ ਚਲ-ਅਚਲ ਜਾਇਦਾਦ ਵਿਚ ਬਰਾਬਰ ਦੇ ਹੱਕਦਾਰ ਹੁੰਦੇ ਹਨ। ਪਰ ਜੇ ਕੋਈ ਵਿਅਕਤੀ ਆਪਣੀ ਚਲ-ਅਚਲ ਜਾਇਦਾਦ ਵਿਚ ਸੱਭ ਨੂੰ ਬਰਾਬਰ ਦਾ ਹੱਕ ਨ ਦੇ ਕੇ ਘੱਟ-ਵੱਧ ਜਾਂ ਕਿਸੇ ਨੂੰ ਬਿਲਕੁਲ ਨਜ਼ਰ ਅੰਦਾਜ਼ ਕਰਨਾ ਚਾਹੁੰਦਾ ਹੋਵੇ ਤਾਂ ਉਸ ਵੇਲੇ ਉਹ ਵਿਅਕਤੀ ਵਸੀਅਤ ਰਾਹੀਂ ਆਪਣੀ ਜਾਇਦਾਦ ਦਾ ਬਟਵਾਰਾ ਕਰ ਸਕਦਾ ਹੈ ਭਾਵ ਵਸੀਅਤ ਕਾਨੂਨੀ ਤੌਰ ਤੇ ਵਾਰਸਾਨ ਦੇ ਹੱਕਾਂ ਵਿਚ ਦਖਲ-ਅੰਦਾਜੀ ਤੋਂ ਉਪਜਦੀ ਹੈ।

- ਵਸੀਅਤ ਯਾਨੀ will ਕੋਈ ਵੀ ਵਿਅਕਤੀ ਖੁਦ ਖਰੀਦੀ ਹੋਈ ਚਲ-ਅਚਲ ਜਾਇਦਾਦ ਦੀ ਕਰ ਸਕਦਾ ਹੈ ਬੇਸ਼ਰਤੇ ਵਸੀਅਤ ਕਰਨ ਵੇਲੇ ਉਹ ਤੰਦਰੁਸਤ ਹੋਵੇ, ਚੰਗਾ-ਮਾੜਾ ਸਮਝਣ ਦੀ ਸੋਝੀ ਰੱਖਦਾ ਹੋਵੇ, ਹੋਸ਼-ਹਵਾਸ ਵਿਚ ਹੋਵੇ ਅਤੇ ਮਾਨਸਿਕ ਸਥਿਤੀ ਸੰਤੁਲਿਤ ਹੋਵੇ। ਆਪਣੀ ਮਰਜ਼ੀ ਮੁਤਾਬਿਕ ਅਤੇ ਬਿਨਾ ਕਿਸੇ ਪ੍ਰਕਾਰ ਦਾ ਦਬਾਅ, ਡਰ ਜਾਂ ਭੈਅ ਨ ਹੋਵੇ ਉਹ ਵਿਅਕਤੀ ਵਸੀਅਤ ਕਰ ਸਕਦਾ ਹੈ।

-ਵਸੀਅਤ ਇਕ ਸਾਦੇ ਕਾਗਜ਼ ਤੇ ਹੱਥ-ਲਿਖਤ ਵੀ ਹੋ ਸਕਦੀ ਹੈ ਜਾਂ ਫਿਰ ਇਸ ਨੂੰ ਟਾਇਪ ਵੀ ਕਰਵਾਇਆ ਜਾ ਸਕਦਾ ਹੈ। ਵਸੀਅਤ ਲਈ ਕਿਸੇ ਸਟੈਂਪ ਪੇਪਰ ਦੀ ਲੋੜ ਨਹੀਂ ਹੁੰਦੀ। ਵਸੀਅਤ ਲਿਖਣ ਵੇਲੇ ਵਸੀਅਤ ਕਰਨ ਵਾਲਾ ਵਿਅਕਤੀ ਆਪਣੇ ਆਪ ਆਪਣੀ ਮਰਜ਼ੀ ਮੁਤਾਬਿਕ ਬਿਨਾਂ ਡਰ-ਦਬਾਅ ਅਤੇ ਭੈਅ ਤੋਂ ਆਪਣੇ ਮੂੰਹੋਂ ਬੋਲ ਕੇ ਲਿਖਵਾਉਂਦਾ ਹੈ। ਲਿਖਣ ਤੋਂ ਬਾਅਤ ਉਸਨੂੰ ਪੜ ਕੇ ਸੁਣ ਕੇ ਅਤੇ ਸਹੀ ਮੰਨ ਕੇ, ਵਸੀਅਤ ਪਰ ਗਵਾਹਾਂ ਦੀ ਹਾਜਰੀ ਵਿਚ ਆਪਣੇ ਦਸਖਤ ਜਾਂ ਅੰਗੂਠਾ ਲਗਾਉਂਦਾ ਹੈ। ਵਸੀਅਤ ਲਈ ਘੱਟੋਂ-ਘੱਟ ਦੋ ਗਵਾਹ ਹੋਣੇ ਜ਼ਰੂਰੀ ਹਨ ਜੋ ਲਿਖਤ ਸਮੇਂ ਮੌਜੂਦ ਹੋਣ ਅਤੇ ਗਵਾਹ ਆਪਣਾ ਨਾਮ, ਪਿਤਾ ਦਾ ਨਾਮ ਅਤੇ ਪੂਰਾ ਪਤਾ ਲਿਖਾਵੇ ਅਤੇ ਵਸੀਅਤ ਤੇ ਅੰਗੂਠਾ ਜਾਂ ਦਸਖਤ ਕਰਦੇ ਹੋਏ ਇਹ ਤਸਦੀਕ ਕਰਦੇ ਹਨ ਕਿ ਇਹ ਵਸੀਅਤ ਵਸੀਅਤ ਕਰਤਾ ਨੇ ਆਪਣੇ ਮੁਤਾਬਿਕ ਸਾਡੀ ਹਾਜ਼ਰੀ ਵਿਚ ਲਿਖਵਾਈ ਹੈ।

-ਹਾਲੇ ਵੀ ਸਾਡੇ ਪੇਂਡੂ ਖੇਤਰਾਂ ਵਿਚ ਲੋਕ ਘਰ ਬੈਠ ਕੇ ਹੀ ਸਾਦੇ ਕਾਗਜ਼ਾਂ ਤੇ ਵਸੀਅਤ ਲਿਖ ਲੈਂਦੇ ਹਨ ਜਿਸ ਨੂੰ ਆਮ ਭਾਸ਼ਾਂ ਵਿਚ ਅਨ-ਰਜਿਸਟਰਡ ਵਸੀਅਤ ਕਹਿੰਦੇ ਹਨ। ਪਰ ਕੁਝ ਲੋਕ ਵਸੀਅਤ ਤਹਰੀਰ ਕਰਵਾ ਕੇ ਬਕਾਇਦਾ ਤੌਰ ਤੇ ਸਬ-ਰਜਿਸਟਰਾਰ ਦੇ ਦਫ਼ਤਰ




ਵਿਚ ਵਸੀਅਤ ਕਰਤਾ ਅਤੇ ਗਵਾਹ ਸਮੇਤ ਸਬ-ਰਜਿਸਟਰਾਰ ਦੇ ਸਾਹਮਣੇ ਪੇਸ਼ ਹੋਕੇ ਵਸੀਅਤ ਨੂੰ ਰਜਿਸਟਰਡ ਕਰਵਾਉਂਦੇ ਹਨ। ਕਾਨੂੰਨ ਪੱਖੋਂ ਖਾਨਗੀ ਵਸੀਅਤ ਅਤੇ ਰਜਿਸਟਰਡ ਵਸੀਅਤ ਵਿਚ ਕੋਈ ਫ਼ਰਕ ਨਹੀਂ ਹੁੰਦਾ ਕਿਉਂਕਿ ਵਸੀਅਤ ਤਾਂ ਵਸੀਅਤ ਹੀ ਹੈ। ਰਜਿਸਟਰਡ ਵਸੀਅਤ ਨੂੰ ਸਾਰਥਕ ਦਸਤਾਵੇਜ ਇਸ ਲਈ ਮੰਨਿਆ ਜਾਂਦਾ ਹੈ ਕਿਉਂਕਿ ਇਹ ਦਸਤਾਵੇਜ਼ ਸਬ-ਰਜਿਸਟਰਾਰ ਦੇ ਪੇਸ਼ ਹੋ ਕੇ ਰਜਿਸਟਰਡ ਹੁੰਦਾ ਹੈ।

-ਵਸੀਅਤ ਕਰਨ ਵੇਲੇ ਵਸੀਅਤ ਕਰਤਾ ਨੂੰ ਇਹ ਦੱਸਣਾ ਜ਼ਰੂਰੀ ਹੁੰਦਾ ਹੈ ਕਿ ਇਸ ਵਸੀਅਤ ਨੂੰ ਤਹਰੀਰ ਕਰਵਾਉਣ ਤੋਂ ਪਹਿਲਾਂ ਉਸ ਨੇ ਹੋਰ ਕੋਈ ਵਸੀਅਤ ਤਾਂ ਨਹੀਂ ਕਰਵਾਈ ਅਤੇ ਇਹ ਉਸਦੀ ਪਹਿਲੀ ਅਤੇ ਆਖਿਰੀ ਵਸੀਅਤ ਹੈ। ਪਰ ਜੇ ਕਰ ਉਸ ਵੱਲੋਂ ਪਹਿਲਾਂ ਕੋਈ ਵਸੀਅਤ ਕਰੀ ਹੋਵੇ ਤਾਂ ਉਸ ਵਸੀਅਤ ਨੂੰ ਕੈਂਸਲ ਕਰਵਾ ਕੇ ਨਵੀਂ ਤਹਰੀਰ ਕੀਤੀ ਵਸੀਅਤ ਵਿਚ ਉਸਦਾ ਵੇਰਵਾ ਦੇਣਾ ਜ਼ਰੂਰੀ ਹੁੰਦਾ ਹੈ। ਜੇਕਰ ਵਸੀਅਤ ਕਰਤਾ ਕਿਸੇ ਕਾਰਨ ਵਸ਼ ਆਪਣੇ ਕਿਸੇ ਵਾਰਸਾਨ ਨੂੰ ਆਪਣੀ ਚਲ-ਅਚੱਲ ਸੰਪੱਤੀ ਵਿਚੋਂ ਕੁਝ ਨ ਦੇਣਾ ਚਾਹੁੰਦਾ ਹੋਵੇ ਤਾਂ ਉਸਦਾ ਕਾਰਨ ਆਪਣੀ ਵਸੀਅਤ ਵਿਚ ਦਰਜ ਕਰਨਾ ਅਤਿ ਜ਼ਰੂਰੀ ਹੁੰਦਾ ਹੈ। ਵਸੀਅਤ ਕਰਤਾ ਕਿਸੇ ਵੀ ਵਕਤ ਜੇ ਉਸਨੂੰ ਕੋਈ ਮੁਤਲਕਾ ਲੱਗੇ ਤਾਂ ਕੀਤੀ ਵਸੀਅਤ ਨੂੰ ਰੱਦ ਕਰਕੇ ਨਵੀਂ ਵਸੀਅਤ ਤਹਰੀਰ ਕਰਵਾ ਸਕਦਾ ਹੈ।

-ਵਸੀਅਤ ਕਰਤਾ ਨੂੰ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਵਸੀਅਤ ਕਰਨ ਵੇਲੇ ਵਸੀਅਤ ਦੇ ਲਾਭ-ਪਾਤਰਾਂ ਨੂੰ ਕਿਸੇ ਗੱਲ ਦਾ ਪਤਾ ਨ ਲੱਗੇ ਅਤੇ ਨ ਹੀ ਕੋਈ ਲਾਭ-ਪਾਤਰ ਉਸ ਵਸੀਅਤ ਦੇ ਗਵਾਹ ਵੱਜੋਂ ਅਤੇ ਵਸੀਅਤ ਤਹਰੀਰ ਕਰਨ ਵੇਲੇ ਹਾਜ਼ਰ ਹੋਵੇ ਕਿਉਂਕਿ ਵਸੀਅਤ ਕਰਤਾ ਵਸੀਅਤ ਕਰਨ ਵੇਲੇ ਆਪਣੇ ਅੰਤਰਮਣ ਨਾਲ ਰਿਸ਼ਤਿਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਵਸੀਅਤ ਤਹਰੀਰ ਕਰਵਾਉਂਦਾ ਹੈ।

-ਵਸੀਅਤ ਹਮੇਸ਼ਾ ਸਾਦੀ



ਅਤੇ ਆਮ ਸਮਝਣ ਵਾਲੀ ਭਾਸ਼ਾ ਵਿਚ ਲਿਖੀ ਹੋਵੇ ਤਾਂ ਚੰਗੀ ਹੁੰਦੀ ਹੈ। ਉਸ ਦੇ ਹਰ ਅੱਖਰ ਸਾਫ਼-ਸਾਫ਼ ਹੋਣ ਤਾਂ ਜੋ ਵੇਲੇ ਸਿਰ ਪੜਣ ਸਮੇਂ ਕੋਈ ਸਮੱਸਿਆ ਨ ਆਵੇ। ਵਸੀਅਤ ਲਿਖਣ ਵੇਲੇ ਚੰਗਾ ਹੋਵੇ ਕਿ ਉਹ ਆਪਣੀ ਚਲ-ਅਚਲ ਜਾਇਦਾਦ ਦਾ ਪੂਰਾ ਵੇਰਵਾ ਵਸੀਅਤ ਵਿਚ ਇੰਦਰਾਜ਼ ਕਰਵਾਏ। ਜ਼ਮੀਨ ਕਿੰਨੀ ਹੈ ਕਿਸ ਪਿੰਡ ਵਿਚ ਹੈ। ਇਸੇ ਤਰਾਂ ਆਪਣੇ ਬੈਂਕ ਬੈਲੇਂਸ ਅਤੇ ਸ਼ੇਅਰ ਆਦਿ ਬਾਰੇ ਵੀ ਜਾਣਕਾਰੀ ਦਵੇ ਤਾਂ ਚੰਗਾ ਹੁੰਦਾ ਹੈ। ਵਸੀਅਤ ਕਰਨ ਦਾ ਸੱਭ ਤੋਂ ਵੱਡਾ ਫਾਇਦਾ ਇਹ ਹੁਦਾ ਹੈ ਕਿ ਉਸ ਵਿਅਕਤੀ ਦੀ ਮੌਤ ਤੋਂ ਪਿੱਛੋਂ ਕਿਸੇ ਵੀ ਵਾਰਸ ਨੂੰ ਉਸ ਦੀ ਚੱਲ ਅਤੇ ਅਚੱਲ ਜਾਇਦਾਦ ਨੂੰ ਲੈਕੇ ਕਿਸੇ ਵੀ ਵਾਰਸ ਨੂੰ ਕੋਈ ਵੀ ਭਰਮ ਨ ਹੋਵੇ ਅਤੇ ਕੋਈ ਵੀ ਝਗੜਾ ਨ ਹੋਵੇ। ਵਸੀਅਤ ਲਿਖਣ ਤੋਂ ਬਾਅਦ ਚੰਗਾ ਹੋਵੇ ਕਿ ਵਸੀਅਤ ਕਰਨ ਵਾਲਾ ਆਪਣੇ ਖਾਸ ਅਤੇ ਜਿਸ ਤੇ ਉਸਨੂੰ ਭਰੋਸਾ ਹੋਵੇ ਉਸਦੇ ਹਵਾਲੇ ਕਰ ਦੇਵੇ ਜਾਂ ਉਸਨੂੰ ਦੱਸ ਦੇਵੇ ਜਾਂ ਆਪਣੇ ਕਬਜ਼ੇ ਵਿਚ ਕਿਸੇ ਖਾਸ ਥਾਂ ਤੇ ਰੱਖੇ ਤਾਂ ਜੋ ਉਸ ਦੀ ਮੌਤ ਤੋਂ ਬਾਅਦ ਉਸਦੀ ਵਸੀਅਤ ਉਸਦੇ ਵਾਰਸਾਨ ਤੱਕ ਪਹੁੰਚ ਸਕੇ।

-ਵਸੀਅਤ ਕਰਤਾ ਨੂੰ ਲੱਗੇ ਕਿ ਜੇਕਰ ਵਾਰਸਾਨ ਉਸਦੀ ਜਾਇਦਾਦ ਦੀ ਦੇਖਭਾਲ ਕਰਨ ਵਿਚ ਅਸਮੱਰਥ ਹਨ ਜਾਂ ਕਾਬਿਲ ਨਹੀਂ ਹਨ ਤਾਂ ਅਜਿਹੀ ਸੂਰਤ ਵਿਚ ਵਸੀਅਤ ਕਰਤਾ ਕਿਸੇ ਵੀ ਹੋਰ ਵਿਅਕਤੀ ਜਿਸ ਨੂੰ ਉਹ ਕਾਬਿਲ ਸਮਝਦਾ ਹੋਵੇ ਅਤੇ ਉਸ ਨਾਲ ਪਿਆਰ ਅਤੇ ਸਨੇਹ ਹੋਵੇ ਉਸਦੇ ਨਾਂ ਜਾਂ ਫਿਰ ਆਪਣੀ ਜਾਇਦਾਦ ਦੀ ਵਸੀਅਤ ਕਿਸੇ ਧਾਰਮਿਕ ਚੈਰੀਟੇਬਲ ਟਰੱਸਟ ਜਾਂ ਵਿਦਿਅਕ ਅਦਾਰੇ ਦੇ ਨਾਂ ਵੀ ਕਰਵਾ ਸਕਦਾ ਹੈ।

-ਜੇਕਰ ਖਾਨਗੀ ਵਸੀਅਤ ਹੋਵੇ ਤਾਂ ਵਿਅਕਤੀ ਦੀ ਮੌਤ ਤੋਂ ਬਾਅਦ ਉਸਦੇ ਵਾਰਸਾਨ ਉਸ ਵਸੀਅਤ ਨੂੰ ਰਜਿਸਟਰਡ ਵੀ ਕਰਵਾ ਸਕਦੇ ਹਨ। ਇਹ ਸਾਰੇ ਕਾਗਜ਼ ਅਤੇ ਅਰਜ਼ੀ ਲਿਖ ਕੇ ਉਸਦੇ ਨਾਲ ਵਸੀਅਤ ਦੀ ਕਾਪੀ ਅਤੇ ਮੌਤ ਦਾ ਸਰਟਿਫਿਕੇਟ ਲਗਾ ਕੇ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਦੇਣੀ ਹੁੰਦੀ ਹੈ ਅਤੇ ਫਿਰ ਸਬ-ਰਜਿਸਟਰਾਰ ਅਖਬਾਰ ਵਿਚ ਦੇਕੇ 45 ਦਿਨਾਂ ਦਾ ਨੋਟਿਸ ਆਮ ਜਨਤਾ ਨੂੰ ਵਸੀਅਤ ਜਮਾ ਕਰਵਾਉਣ ਸੰਬੰਧੀ ਇਤਰਾਜ਼ ਫਾਇਲ ਕਰਨ ਲਈ ਕਹਿੰਦਾ ਹੈ ਕਿ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਮਿੱਥੇ ਸਮੇਂ ਤੱਕ ਫਾਇਲ ਕਰਨ। ਜੇਕਰ ਕੋਈ ਇਤਰਾਜ਼ ਨਹੀਂ ਆਉਂਦੇ ਤਾਂ ਸਬ-ਰਜਿਸਟਰਾਰ ਉਸ ਖਾਨਗੀ ਵਸੀਅਤ ਨੂੰ ਰਜਿਸਟਰਡ ਕਰਵਾਉਣ ਦਾ ਪਾਬੰਦ ਹੁੰਦਾ ਹੈ। ਆਖਿਰ ਵਿਚ ਇਹ ਦੱਸਣਾ ਜ਼ਰੂਰੀ ਹੁੰਦਾ ਹੈ ਕਿ ਤਹਰੀਰ ਕੀਤੀ ਹੋਈ ਵਸੀਅਤ ਭਾਵੇਂ ਖਾਨਗੀ ਹੋਵੇ ਜਾਂ ਰਜਿਸਟਰਡ ਹੋਵੇ ਕੋਈ ਵੀ ਕਾਨੂਨੀ ਵਾਰਸਾਨ ਕਿਸੇ ਵੀ ਵੇਲੇ ਸਿਵਲ ਕੋਰਟ ਵਿਚ ਉਸ ਵਸੀਅਤ ਨੂੰ ਚੈਲੈਂਜ ਕਰ ਸਕਦਾ ਹੈ ਅਤੇ ਸਿਵਲ ਕੋਰਟ ਸਬੂਤਾਂ ਦੇ ਆਧਾਰ ਤੇ ਉਸ ਦਾ ਫੈਸਲਾ ਕਰਦੀ ਹੈ ਜੋ ਧਿਰਾਂ ਤੇ ਪਾਬੰਦ ਹੁੰਦੀ ਹੈ।

## ਜੇ ਬਚਪਨ ਹੀ ਹੋਵੇ ਭੁੱਖਾ ?

ਕਿਸੇ ਵੀ ਇਮਾਰਤ ਦੀ ਮਜਬੂਤੀ ਉਸ ਇਮਾਰਦ ਦੀ ਨੀਂਹ 'ਤੇ ਟਿਕੀ ਹੁੰਦੀ ਹੈ ਅਤੇ ਜੇ ਨੀਂਹ ਹੀ ਕਮਜ਼ੋਰ ਹੋਵੇਗੀ ਤਾਂ ਇਮਾਰਤ ਕਦੇ ਵੀ ਗਿਰ ਸਕਦੀ ਹੈ। ਅਜਿਹੀ ਸਥਿਤੀ ਸਾਡੇ ਦੇਸ਼ ਵਿਚ ਆਉਣ ਵਾਲੀ ਪੀੜ੍ਹੀ ਦੀ ਹੋ ਗਈ ਹੈ ਜਿਸਦੀ ਨੀਂਹ ਭਾਵ ਆਉਣ ਵਾਲੀ ਯੁਵਾ ਪੀੜ੍ਹੀ ਦਾ ਬਚਪਨ ਇਹਨਾ ਜ਼ਿਆਦਾ ਭਿਆਨਕ ਅਤੇ ਦਰਦ ਭਰਿਆ ਹੈ ਕਿ ਜੇ ਸਮਾਂ ਰਹਿੰਦੇ ਇਸਨੂੰ ਨ ਸੰਭਾਲਿਆ ਗਿਆ ਤਾਂ ਅੰਜਾਮ ਬਹੁਤ ਹੀ ਮਾੜਾ ਹੋ ਸਕਦਾ ਹੈ। ਮਹਾ ਸੰਯੋਜਕ ਜਨ-ਗਣਨਾ ਕਮੀਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ 2014-15 ਵਿਚ ਦੇਸ਼ ਦੀ ਕੁੱਲ ਅਬਾਦੀ 132 ਕਰੋੜ 61 ਲੱਖ 55 ਹਜ਼ਾਰ ਤੱਕ ਪਹੁੰਚ ਚੁੱਕੀ ਹੈ। ਦੇਸ਼ ਦੇ 5 ਲੱਖ ਦੇ ਕਰੀਬ ਪਿੰਡਾਂ ਦੀ ਜਨ-ਗਣਨਾ ਦੇ ਅਨੁਪਾਤ ਤੋਂ ਲਗਭਗ ਦੋ-ਤਿਹਾਈ ਭਾਰਤ ਅਜੇ ਵੀ ਪਿੰਡਾਂ ਵਿਚ ਵਸਦਾ ਹੈ ਅਤੇ ਵਿਸ਼ਵ ਦੇ 120 ਕਰੋੜ ਅਤਿ ਗ਼ਰੀਬ ਲੋਕਾਂ ਦਾ ਤੀਸਰਾ ਹਿੱਸਾ ਭਾਰਤ ਵਿਚ ਹੈ। ਰਾਸ਼ਟਰੀ ਨਿਊਟਰੀਸ਼ਨ ਮਾਨੀਟਰਿੰਗ ਬਿਊਰੋ ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੇ ਲਗਭਗ 84 ਕਰੋੜ ਲੋਕਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਜ਼ਰੂਰਤ ਤੋਂ ਘੱਟ ਭੋਜਨ ਅਤੇ ਦੁੱਧ ਮਿਲਦਾ ਹੈ। ਸਿਹਤ ਮਾਹਿਰਾਂ ਅਨੁਸਾਰ 3 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਲਈ 300 ਮਿ.ਲੀ ਦੁੱਧ ਰੋਜ਼ਾਨਾ ਦੀ ਜ਼ਰੂਰਤ ਹੈ, ਪਰ ਪਿੰਡਾਂ ਦੀ ਸਥਿਤੀ ਇਸ ਮਾਮਲੇ ਵਿਚ ਚਿੰਤਾਜਨਕ ਹੈ ਜਿੱਥੇ ਇਸ ਉਮਰ ਦੇ ਬੱਚਿਆਂ ਨੂੰ ਕੇਵਲ 80 ਮਿ.ਲੀਟਰ ਦੁੱਧ ਹੀ ਨਸੀਬ ਹੁੰਦਾ ਹੈ। ਇਸ ਸਰਵੇ ਅਨੁਸਾਰ ਪਿੰਡਾਂ ਦੀਆਂ ਔਰਤਾਂ ਦੀ ਸਥਿਤੀ ਸ਼ਹਿਰੀ ਔਰਤਾਂ ਦੇ ਮੁਕਾਬਲੇ ਹੋਰ ਵੀ ਭਿਆਨਕ ਹੈ। ਸਰਵੇ ਦੌਰਾਨ ਸਾਹਮਣੇ ਆਇਆ ਹੈ ਕਿ ਗ੍ਰਾਮੀਣ ਭਾਰਤ ਦੀ 35 ਪ੍ਰਤੀਸ਼ਤ ਮਹਿਲਾਵਾਂ ਕਮਜ਼ੋਰੀ ਦੀ ਸ਼ਿਕਾਰ ਹਨ ਜਿਸ ਦੇ ਕਾਰਨ 46 ਪ੍ਰਤੀਸ਼ਤ ਨਵਜਾਤਾਂ ਨੂੰ ਪਹਿਲੇ 6 ਮਹੀਨੇ ਤੱਕ ਮਾਂ ਦਾ ਦੁੱਧ ਨਸੀਬ ਨਹੀਂ ਹੁੰਦਾ। ਭਾਰਤੀ ਬਾਲ ਸਿਹਤ ਅਕਾਦਮੀ ਅਨੁਸਾਰ ਦੇਸ਼ ਵਿਚ ਹਰ ਸਾਲ ਪੈਦਾ ਹੋਣ ਵਾਲੇ 2.71 ਕਰੋੜ ਬੱਚਿਆਂ ਵਿਚੋਂ 28 ਪ੍ਰਤੀਸ਼ਤ ਬੱਚਿਆਂ ਦਾ ਵਜ਼ਨ ਆਮ ਬੱਚਿਆਂ ਨਾਲੋਂ ਬਹੁਤ ਘੱਟ ਹੈ। ਕੇਵਲ 47 ਪ੍ਰਤੀਸ਼ਤ ਬੱਚੇ ਅਸਪਤਾਲ ਵਿਚ ਜਨਮ ਲੈਂਦੇ ਹਨ ਅਤੇ ਕੇਵਲ 41 ਪ੍ਰਤੀਸ਼ਤ ਨਵਜਾਤਾਂ ਨੂੰ ਹੀ ਪੈਦਾ ਹੋਣ ਤੋਂ ਬਾਅਦ ਮਾਂ ਦਾ ਦੁੱਧ ਮਿਲਦਾ ਹੈ। ਭਾਰਤ ਵਿਚ ਹਰ ਰੋਜ਼ 6400 ਬੱਚਿਆਂ ਦੀ ਮੌਤ ਕੁਪੋਸ਼ਨ ਕਾਰਨ ਹੁੰਦੀ ਹੈ। ਅੱਜ ਭਾਰਤ ਵਿਸ਼ਵ ਵਿਚ ਕੁਪੋਸ਼ਿਤ ਬੱਚਿਆਂ ਦੀ ਸਭ ਤੋਂ ਵੱਧ ਅਬਾਦੀ ਵਾਲਾ ਮੁਲਕ ਬਣ ਗਿਆ ਹੈ। ਜਦਕਿ ਬ੍ਰਾਜੀਲ ਅਤੇ ਚੀਨ ਦੂਸਰੇ ਤੇ ਤੀਸਰੇ ਨੰਬਰ 'ਤੇ ਹੈ। 'ਸੇਵ ਦ ਚਿਲਡਰਨ' ਦੀ ਤਾਜ਼ਾ ਰਿਪੋਰਟ ਮੁਤਾਬਿਕ ਭਾਰਤ ਵਿਚ 10 ਲੱਖ ਬੱਚੇ ਆਪਣੇ ਜੀਵਨ ਦਾ ਦੂਜਾ ਦਿਨ ਨਹੀਂ ਦੇਖ ਪਾਉਂਦੇ। ਰਿਪੋਰਟ ਅਨੁਸਾਰ ਭਾਰਤ ਵਿਚ ਨਵਜਾਤ ਬੱਚਿਆਂ ਦੀ ਮੌਤ ਦਰ ਦੇ ਮਾਮਲਿਆਂ ਵਿਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਰੈਂਕਿੰਗ 46 ਆਂਕੀ ਗਈ ਹੈ।

# ਕੁਦਰਤੀ ਜਲ ਸੋਮਿਆਂ ਨੂੰ ਬਚਾਉਣਾ ਸਮੇਂ ਦੀ ਲੋੜ...

ਮੁਢਲੀਆਂ ਜ਼ਰੂਰੀ ਵਸਤਾਂ ਵਿਚੋਂ ਪਾਣੀ ਤੋਂ ਬਿਨਾਂ ਮਨੁੱਖੀ ਜੀਵਨ ਤਾਂ ਕਿ ਬਨਸਪਤੀ ਦੀ ਵੀ ਕਲਪਨਾ ਨਹੀਂ ਕੀਤੀ ਜਾ ਸਕਦੀ। ਦੁਨੀਆਂ ਭਰ ਵਿਚ ਵਿਕਾਸ ਦੀ ਤੇਜ਼ ਹੋ ਰਹੀ ਰਫ਼ਤਾਰ ਨੇ ਸਭ ਤੋਂ ਵੱਧ ਵਿਕਾਸ ਕੁਦਰਤ ਵੱਲੋਂ ਦਿੱਤੇ ਪਾਣੀ ਨੇ ਕੀਤਾ ਹੈ। ਦਿਨੋਂ ਦਿਨ ਵੱਧ ਰਿਹਾ ਸਨਅਤੀਕਰਨ ਤੇ ਇਸ ਦੇ ਅਮਲ ਵਿਚੋਂ ਨਿਕਲਣ ਵਾਲੇ ਕੈਮਿਕਲਾਂ ਨੇ ਪਾਣੀ ਵਿਚ ਮਿਲ ਕੇ ਇਸ ਨੂੰ ਦੂਸ਼ਿਤ ਕਨ ਵਿਚ ਕੋਈ ਕਸਰ ਨਹੀਂ ਛੱਡੀ ਹੈ। ਅਜੋਕਾ ਇਨਸਾਮ ਬ੍ਰਹਿਮਾਂਡ ਸੰਬੰਧੀ ਛੋਟੀ ਚੋਂ ਛੋਟੀ ਜਾਣਕਾਰੀ ਹਾਸਲ ਕਰਨ ਵਿਚ ਲੱਗਾ ਹੋਇਆ ਹੈ। ਪਰ ਵਿਗਿਆਨ ਸਮਝਦੇ ਬਾਵਜੂਦ ਜਿੰਨਾਂ ਨੁਕਸਾਨ ਕੁਦਰਤੀ ਸੋਮਿਆਂ ਦਾ ਹੋ ਰਿਹਾ ਹੈ ਉਨਾਂ ਸ਼ਾਇਦ ਹੋਰ ਵਸਤ ਦਾ ਹੋ ਰਿਹਾ ਹੋਵੇ। ਸ਼ੁੱਧ ਅਤੇ ਸਾਫ਼ ਸੁਥਰੇ ਪਾਣੀ ਤੋਂ ਬਿਨਾਂ ਧਰਤੀ ਉੱਤੇ ਉੱਤੇ ਜੀਵਨ ਅਸੰਭਵ ਹੈ। ਜਲ ਜੀਵਾਂ ਤੋਂ ਬਿਨਾਂ ਧਰਤੀ ਉੱਤੇ ਰਹਿਣ ਵਾਲੇ ਜੀਵ ਵੀ ਪਾਣੀ ਉੱਤੇ ਨਿਰਭਰ ਕਰਦੇ ਹਨ। ਜੀਵ ਜੰਤੂਆਂ ਤੋਂ ਖਾਣ ਵਾਲੇ ਸਭ ਤਰਾਂ ਦੇ ਭੋਜਨ ਲਈ ਪਾਣੀ ਸਭ ਤੋਂ ਜ਼ਰੂਰੀ ਚੀਜ਼ ਹੈ ਤੇ ਇਕ ਜੀਵ ਦੇ ਪੁੰਗਰਣ ਤੋਂ ਲੈਕੇ ਪੌਧਾ ਬਣਨ ਤੇ ਉਸ ਤੋਂ ਅਨਾਜ ਬਣਨ ਤੱਕ ਲਈ ਪਾਣੀ ਦੀ ਜ਼ਰੂਰਤ ਪੈਂਦੀ ਹੈ। ਅੱਜ ਸਮਾਂ ਅਜਿਹਾ ਆ ਗਿਆ ਹੈ ਕਿ ਸੱਭ ਕੁਝ ਜਾਣਦੇ ਹੋਏ ਵੀ ਅਸੀਂ ਅਸਲੀਅਤ ਤੋਂ ਅੱਖਾਂ ਬੰਦ ਕਰੀ ਬੈਠੇ ਹਾਂ। ਪਾਣੀ ਦਾ ਪ੍ਰਦੂਸ਼ਿਤ ਹੋਣਾ ਤਾਂ ਇਕ ਸਮੱਸਿਆ ਹੈ ਹੀ, ਇਸ ਦੀ ਸਰੇਆਮ ਫ਼ਿਜ਼ੂਲ ਵਰਤੋਂ ਹੋਣਾ ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ। ਸਾਡੇ ਵਿਗਿਆਨੀ ਸਮੇਂ-ਸਮੇਂ ਉੱਤੇ ਪਾਣੀ ਨੂੰ ਲੈਕੇ ਕੇ ਆਉਣ ਵਾਲੇ ਸਮੇਂ ਵਿਚ ਪੈਦਾ ਹੋਣ ਵਾਲੇ ਹਾਲਾਤਾਂ ਬਾਰੇ ਲਗਾਤਾਰ ਚੇਤਾਵਨੀਆਂ ਦੇ ਰਹੇ ਹਨ ਪਰ ਕਿਸੇ ਦਾ ਇਸ ਪਾਸੇ ਕੋਈ ਧਿਆਨ ਨਹੀਂ। ਖੇਤੀ ਵਿਗਿਆਨੀ ਧਰਤੀ ਹੇਠਲੇਂ ਪਾਣੀ ਨੂੰ ਬਚਾਉਣ ਲਈ ਫ਼ਸਲਾਂ ਦੀ ਅਦਲਾ-ਬਦਲੀ ਲਈ ਹਾਏ-ਦੁਹਾਈ ਕਰ ਰਹੇ ਹਨ। ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਮੰਨਿਆ ਜਾਂਦਾ ਹੈ। ਪਰ ਨਹਿਰੀ ਪਾਣੀ ਦੀ ਵਿਵਸਥਾ ਵੱਲ ਸਰਕਾਰ ਨੇ ਕਦੀ ਵੀ ਬਣਦੀ ਤਵੱਜੋ ਨਹੀਂ ਦਿੱਤੀ। ਜਿਸ ਕਾਰਨ ਜ਼ਮੀਨ ਹੇਠ ਪਾਣੀ ਦਾ ਪੱਧਰ ਲਗਾਤਾਰ ਹੇਠਾ ਜਾ ਰਿਹਾ ਹੈ। ਵੋਟਾਂ ਦੀ ਰਾਜਨੀਤੀ ਕਾਰਨ ਇਸ ਸਾਮਾਜਿਕ ਮੁੱਦੇ ਦਾ ਹੱਲ ਕਰਨ ਦੀ ਬਜਾਏ ਸਿਆਸੀ ਧਿਰਾਂ ਆਪਣੀਆਂ ਵੋਟਾਂ ਪੱਕੀਆਂ ਕਰਨ ਤੱਕ ਸੀਮਿਤ ਹਨ। ਪਾਣੀ ਦੇ ਡਿੱਗਦੇ ਪੱਧਰ ਦੇ ਨਾਲ-ਨਾਲ ਨਦੀਆਂ ਨਾਲਿਆਂ ਤੇ ਛੱਪੜਾਂ ਦੇ ਪਾਣੀ ਦਾ ਪ੍ਰਦੂਸ਼ਿਤ ਹੋਣਾ ਚਿੰਤਾ ਦਾ ਵਿਸ਼ਾ ਹੈ। ਇਨਾਂ ਕੁਦਰਤੀ ਸਰੋਤਾਂ ਵਿਚ ਬਹਿ ਰਿਹਾ ਗੰਦਾ ਪਾਣੀ ਖ਼ਤਰੇ ਦੀ ਘੰਟੀ ਬਣਦਾ ਜਾ ਰਿਹਾ ਹੈ। ਸਰਕਾਰਾਂ ਦੀ ਕਮਜ਼ੋਰੀ ਕਰਕੇ ਸ਼ਹਿਰਾਂ ਦੇ ਸੀਵਰੇਜ਼ ਤੇ ਫੈਕਟਰੀਆਂ ਦਾ ਗੰਦਾ ਤੇ ਜ਼ਹਿਰੀਲਾ ਪਾਣੀ ਪਵਿੱਤਰ ਨਦੀਆਂ, ਨਾਲਿਆਂ ਤੇ ਦਰਿਆਵਾਂ ਨੂੰ ਗੰਧਲਾ ਕਰ ਰਿਹਾ ਹੈ। ਜਿਸ ਕਾਰਨ ਜਿੱਥੇ ਇਕ ਪਾਸੇ ਜਲ-ਜੀਵਾਂ ਦਾ ਜੀਵਨ ਖ਼ਤਮ ਹੁੰਦਾ ਜਾ ਰਿਹਾ ਹੈ ਉੱਥੇ ਇਨਾਂ ਦੇ ਕਿਨਾਰਿਆਂ ਨੇੜੇ ਰਹਿਣ ਵਾਲੇ ਲੋਕ ਅਤੇ ਜਾਨਵਰ ਜਾਨ ਲੇਵਾ ਬੀਮਾਰੀਆਂ ਤੋਂ ਪੀੜਤ ਹੋ ਰਹੇ ਹਨ।


ਗੱਲ ਕਰੀਏ ਤਾਂ ਧਰਤੀ ਦਾ ਦੋ-ਤਿਹਾਈ ਹਿੱਸਾ ਪਾਣੀ ਹੈ ਪਰ ਇਸ ਵਿੱਚੋਂ 72% ਭਾਗ ਖਾਰੇ ਪਾਣੀ ਦਾ ਹੈ ਜੋ ਸਮੁੰਦਰ ਦੇ ਰੂਪ ਵਿਚ ਹੈ। ਇਸ ਨੂੰ ਮਨੁੱਖੀ ਲੋੜਾਂ ਲਈ ਵਰਤਿਆ ਜਾ ਸਕਣ ਦੇ ਨਾਮ ਉੱਤੇ ਹਾਕਮ ਧਿਰਾਂ ਵੱਲੋਂ ਵਿਸ਼ਵ ਬੈਂਕ ਦੀਆਂ ਹਦਾਇਤਾਂ ਅਨੁਸਾਰ ਦੇਸ਼ੀ ਅਤੇ ਵਿਦੇਸ਼ੀ ਸਰਮਾਏਦਾਰਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਕਈ ਮਲਟੀਨੈਸ਼ਨਲ ਕੰਪਨੀਆਂ ਦੀ ਨਜ਼ਰ ਪਾਣੀ ਉੱਤੇ ਆਪਣਾ ਏਕਾਧਿਕਾਰ ਸਥਾਪਤ ਕਰਨ ਦੀ ਹੈ। ਕਰੀਬ ਦੋ ਢਾਈ ਸਾਲ ਪਹਿਲਾਂ ਮਹਾਂਰਾਸ਼ਟਰ ਵਿੱਚ ਪੀਣ ਵਾਲੇ ਪਾਣੀ ਦੀ ਸਾਹਮਣੇ ਆਈ ਕਮੀ ਨੇ ਅੰਤਰ-ਰਾਸ਼ਟਰੀ ਪੱਧਰ ਤੇ ਹਲਚਲ ਮਚਾ ਕੇ ਰੱਖ ਦਿੱਤੀ ਸੀ।

ਜਦੋਂ ਕੇਂਦਰ ਸਰਕਾਰ ਨੂੰ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਰੇਲ-ਗੱਡੀਆਂ ਰਾਹੀਂ ਪਾਣੀ ਭੇਜਣਾ ਪਿਆ ਸੀ। ਇਸ ਨੂੰ ਆਉਣ ਵਾਲੇ ਸਮੇਂ ਲਈ ਸੰਕੇਤ ਸਮਝਣਾ ਚਾਹੀਦਾ ਹੈ ਕਿਉਂਕਿ ਵਿਗਿਆਨੀ ਪਹਿਲਾਂ ਹੀ




ਭਵਿੱਖ ਵਾਣੀ ਕਰ ਚੁੱਕੇ ਹਨ ਕਿ ਜਦੋਂ ਵੀ ਕੋਈ ਅਗਲੀ ਸੰਸਾਰ ਜੰਗ ਲੱਗੀ ਤਾਂ ਕੋਈ ਹੱਰ ਮੁੱਦੇ ਭਾਵ ਨ ਹੋਣ ਪਰ ਪਾਣੀ ਇਸ ਜੰਗ ਦਾ ਅਹਿਮ ਮੁੱਦਾ ਹੋਵੇਗਾ। ਮਨੁੱਖੀ ਜੀਵਨ ਨੂੰ ਆਪਣੇ ਹੱਥੀਂ ਤਬਾਹ ਕਰਨ ਵੱਲ ਵੱਧ ਰਹੇ ਮਨੁੱਖ ਨੂੰ ਪਾਣੀ ਦੀ ਬੂੰਦ-ਬੂੰਦ ਬਚਾਉਣ ਵੱਲ ਧਿਆਨ ਦੇਣਾ ਪਵੇਗਾ। ਅਜਿਹਾ ਕਰਨ ਲਈ ਵਿਅਕਤੀਗਤ ਪੱਧਰ ਉੱਤੇ ਪਾਣੀ ਦੀ ਬਚਤ ਕਰਨ ਦੇ ਨਾਲ-ਨਾਲ ਕੁਦਰਤੀ ਜਲ ਸੋਮਿਆਂ, ਛੱਪੜਾਂ, ਨਦੀਆਂ, ਨਾਲਿਆਂ ਅਤੇ ਦਰਿਆਵਾਂ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਸਰਕਾਰਾਂ ਨੂੰ ਵੋਟ ਦੀ ਰਾਜਨੀਤੀ ਤਿਆਗ ਕੇ ਸਾਰਥਕ ਕਦਮ ਚੁੱਕਣੇ ਪੈਣਗੇ।

# ਸਾਡੀਆਂ ਆਦਤਾਂ, ਸਾਡੇ ਸੁਭਾਅ-ਈਰਖਾ !



ਈਰਖਾ ਇਕ ਰੋਗ ਹੈ, ਬਹੁਤ ਭੈੜਾ ਅਤੇ ਬਹੁਤ ਭਿਆਨਕ ਰੋਗ। ਇਸ ਰੋਗ ਨੂੰ ਲਾਉਣਾ ਸੌਖਾ ਹੈ ਪਰ ਇਸ ਤੋਂ ਛੁਟਕਾਰਾ ਪਾਉਣਾ ਬਹੁਤ ਹੀ ਔਖਾ ਹੈ। ਅਸਲ ਵਿਚ ਈਰਖਾ ਕਰਨ ਵਾਲਾ ਇਨਸਾਨ ਬਹੁਤ ਹੀ ਬਦਕਿਸਮਤ ਹੁੰਦਾ ਹੈ ਕਿਉਂਕਿ ਉਹ ਆਪਣਾ ਸਮਾਂ ਚੰਗੇ ਕੰਮ ਕਰਨ ਦੀ ਬਜਾਏ ਇਹ ਸੋਚਣ 'ਤੇ ਜ਼ਾਇਆ ਕਰਦਾ ਹੈ ਕਿ ਦੂਜਿਆਂ ਦੇ ਵਿਰੁੱਧ ਅਗਲੀ ਘਟੀਆ ਹਰਕਤ ਕਿਹੜੀ ਕਰਨੀ ਹੈ। ਈਰਖਾ ਦੇ ਮਾਰੇ ਇਨਸਾਨ ਬਹੁਤ ਬਦਕਿਸਮਤ ਹਨ ਕਿਉਂਕਿ ਉਹ ਹਰ ਵੇਲੇ ਇਹੋ ਸੋਚਦੇ ਰਹਿੰਦੇ ਹਨ ਕਿ ਦੂਜਿਆਂ ਨੂੰ ਕਿਵੇਂ ਥੱਲੇ ਲਾਉਣਾ ਹੈ; ਕਿਸੇ ਦਾ ਕਿਵੇਂ ਨੁਕਸਾਨ ਕਰਨਾ ਹੈ; ਕਿਸੇ ਦੀ ਚਲਦੀ ਗੱਡੀ ਨੂੰ ਕਿਵੇਂ ਲੀਹੋਂ ਲਾਹੁਣਾ ਹੈ; ਕਿਸੇ ਦੇ ਚੰਗੇ ਦਿਨਾਂ ਨੂੰ ਮਾੜੇ ਦਿਨਾਂ ਵਿਚ ਕਿਵੇਂ ਬਦਲਣਾ ਹੈ; ਕਿਸੇ ਉੱਪਰ ਚੜ੍ਹਦੇ ਨੂੰ ਥੱਲੇ ਕਿਵੇਂ ਡੇਗਣਾ ਹੈ; ਕਿਸੇ ਤੰਦਰੁਸਤ ਨੂੰ ਬਿਮਾਰ ਕਿਵੇਂ ਕਰਨਾ ਹੈ; ਕਿਸੇ ਦੀ ਲੱਤ ਬਾਂਹ ਕਿਵੇਂ ਭੰਨਣੀ ਹੈ; ਕਿਸੇ ਦਾ ਸਿਰ ਕਿਵੇਂ ਪਾੜਨਾ ਹੈ; ਕਿਸੇ ਨੂੰ ਚੰਗੇ ਕੰਮਾਂ ਤੋਂ ਹਟਾ ਕੇ ਮਾੜੇ ਕੰਮਾਂ ਵੱਲ ਕਿਵੇਂ ਲਾਉਣਾ ਹੈ; ਕਿਸੇ ਖੁਸ਼ੀ ਵਿਚ ਵੱਸਦੇ ਨੂੰ ਕਿਵੇਂ ਖ਼ਤਮ ਕਰਨਾ ਹੈ; ਲੁੱਕ ਛੁੱਪ ਕੇ ਕਿਸੇ ਦੀ ਇੱਜ਼ਤ ਨੂੰ ਮਿੱਟੀ ਵਿਚ ਕਿਵੇਂ ਰਲਾਉਣਾ ਹੈ; ਖੁਸ਼ੀ ਵਿਚ ਵਸਦੇ ਘਰਾਂ ਵਿਚ ਲੜਾਈ-ਝਗੜਾ ਕਿਵੇਂ ਪਾਉਣਾ ਹੈ।

ਈਰਖਾਲੂ ਇਨਸਾਨ ਕਦੇ ਵੀ ਕਿਸੇ ਦੇ ਸਾਹਮਣੇ ਆ ਕੇ ਵਾਰ ਨਹੀਂ ਕਰਦਾ ਸਗੋਂ ਹਰ ਵਾਰ ਛੁਪ ਕੇ ਡਰਪੋਕਾਂ ਵਾਂਗ ਹੀ ਵਾਰ ਕਰਦਾ ਹੈ। ਸਗੋਂ ਕਈ ਵਾਰੀ ਤਾਂ ਉਹ ਤੁਹਾਨੂੰ ਆਪਣਾ ਸਨੇਹੀ, ਦੋਸਤ, ਭਰਾ, ਭੈਣ, ਹਮਦਰਦ ਜਾਂ ਸ਼ੁਭਚਿੰਤਕ ਹੀ ਆਖ਼ਦਾ ਹੈ। ਉਪਰੋਂ-ਉਪਰੋਂ ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਕਿਸੇ ਨੂੰ ਭਿਣਕ ਤੱਕ ਨਾ ਪਵੇ, ਪਰ ਈਰਖਾ ਕਦੋਂ ਕੁ ਤੱਕ ਕੋਈ ਲੁਕਾ ਕੇ ਰੱਖ ਸਕਦਾ ਹੈ ? ਜਿਵੇਂ ਇਕ ਨ ਇਕ ਦਿਨ ਚੋਰ ਫੜਿਆ ਹੀ ਜਾਂਦਾ ਹੈ ਅਤੇ ਇਕ ਨ ਇਕ ਦਿਨ ਬੇਈਮਾਨ ਇਨਸਾਨ ਨੰਗਾ ਹੋ ਹੀ ਜਾਂਦਾ ਹੈ, ਇਸੇ ਤਰ੍ਹਾਂ ਇਕ ਨਾ ਇਕ ਦਿਨ ਈਰਖਾਲੂ ਇਨਸਾਨ ਦੀਆਂ ਕੋਝੀਆਂ ਕਰਤੂਤਾਂ ਤੋਂ ਵੀ ਪੜ੍ਹਦਾ ਉੱਠ ਹੀ ਜਾਂਦਾ ਹੈ ਭਾਵੇਂ ਉਹ ਇਨ੍ਹਾਂ ਨੂੰ ਲੁਕਾਉਣ ਦੀਆਂ ਲੱਖ ਕੋਸ਼ਿਸ਼ਾਂ ਕਰ ਲਵੇ। ਵੈਸੇ ਕੋਈ ਵੀ ਇਨਸਾਨ ਈਰਖਾ ਤੋਂ ਬਿਲਕੁਲ ਰਹਿਤ ਨਹੀਂ ਹੋ ਸਕਦਾ। ਥੋੜ੍ਹੀ ਬਹੁਤ ਈਰਖਾ ਕਦੇ ਨਾ ਕਦੇ ਸਾਲ-ਛਿਮਾਹੀਂ ਹਰ ਇਕ ਦੇ ਮਨ ਵਿਚ ਆ ਜਾਂਦੀ ਹੈ। ਜੇ ਮੈਂ ਕਹਾਂ ਕਿ ਮੈਨੂੰ ਕਦੇ ਵੀ ਕਿਸੇ ਨਾਲ ਈਰਖਾ ਨਹੀਂ ਹੋਈ ਤਾਂ ਮੈਂ ਝੂਠ ਬੋਲਦਾ



ਹੋਵਾਂਗਾ। ਪਰ ਈਰਖਾ ਕਦੇ-ਕਦਾਈਂ ਆ ਜਾਣੀ ਹੋਰ ਗੱਲ ਹੈ ਅਤੇ ਇਸ ਬੀਮਾਰੀ ਦਾ ਸਦਾ ਲਈ ਰੋਗੀ ਬਣਨਾ ਹੋਰ ਗੱਲ ਹੈ। ਈਰਖਾ ਕਦੇ-ਕਦਾਈਂ ਮਹਿਸੂਸ ਕਰਨੀ ਹੋਰ ਗੱਲ ਹੈ ਅਤੇ ਈਰਖਾ ਨਾਲ ਭਰ ਕੇ ਕਿਸੇ ਦੇ ਵਿਰੁੱਧ ਉਸਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨੀ ਰੋਗ ਵੀ ਹੈ ਅਤੇ ਕਮੀਨਾਪਣ ਵੀ। ਅਸੀਂ ਇਨਸਾਨ ਹਾਂ ਰੱਬ ਨਹੀਂ। ਇਨਸਾਨ ਹੋ ਕੇ ਕਦੇ-ਕਦਾਈਂ ਵਰ੍ਹੇ ਕਦੀ ਵੀ ਕਰੋਧ, ਲੋਭ ਜਾਂ ਈਰਖਾ ਦੀ ਗਲੀ ਵਿਚੋਂ ਲੰਘਣਾ ਸੁਭਾਵਕ ਹੈ। ਪਰ ਇਨ੍ਹਾਂ ਰੋਗਾਂ ਦੇ ਗ਼ੁਲਾਮ ਬਣਨਾ ਅਤੇ ਇਨ੍ਹਾਂ ਦੀ ਪੂਜਾ ਕਰਨੀ ਗ਼ਲਤ ਹੈ। ਈਰਖਾ ਦੀਆਂ ਕੁਝ ਉਦਾਹਰਣਾਂ ਹਨ:

ਛੋਟੇ ਮੁਲਾਜ਼ਮਾਂ ਦਾ ਵੱਡੇ ਮੁਲਾਜ਼ਮਾਂ ਜਾਂ ਅਫ਼ਸਰਾਂ ਨਾਲ ਖ਼ਾਰ ਖਾਣਾ। "ਇਹ ਸਾਲਾ ਵਜ਼ੀਰ ਦੀ ਸਿਫ਼ਾਰਸ਼ ਨਾਲ ਅਫ਼ਸਰ ਬਣ ਗਿਆ, ਆਉਂਦਾ ਊਂਦਾ ਕੁਝ ਵੀ ਨਹੀਂ। ਜੀਅ ਕਰਦਾ ਹਰਾਮੀ ਨੂੰ ਕਤਲ ਕਰ ਦਿਆਂ।"

- ਛੋਟੇ ਲੇਖਕ ਦਾ ਵੱਡੇ ਲੇਖਕ ਨੂੰ ਪਸੰਦ ਨਾ ਕਰਨਾ। "ਸ਼ਿਵ ਵੀ ਕੋਈ ਕਵੀ ਐ ! ਐਵੇਂ ਸਾਰੀ ਉਮਰ ਰੋਂਦਾ ਰਿਹਾ।"

- ਕਿਸੇ ਦੋਸਤ ਨੂੰ ਆਪਣੇ ਨਾਲੋਂ ਉੱਚੀ ਸਥਿਤੀ 'ਤੇ ਪਹੁੰਚਿਆ ਦੇਖ ਕੇ ਨਾ ਜਰਨਾ, ਜਾਂ ਕਿਸੇ ਨੂੰ ਤਰੱਕੀ ਕਰਦਾ ਦੇਖ ਕੇ ਉਸਦੀ ਲੱਤ ਖਿੱਚੀ ਜਾਣੀ।

- ਕਿਸੇ ਦੂਜੇ ਦੀ ਸਫ਼ਲਤਾ ਬਿਲਕੁਲ ਝੱਲੀ ਨਾ ਜਾਣੀ।

- ਕਿਸੇ ਹੋਰ ਦੇ ਵਧੀਆ ਘਰ ਬਣਾ ਲੈਣ ਜਾਂ ਵਧੀਆ ਕਾਰ ਲੈਣ ਤੇ ਐਵੇਂ ਈਰਖਾ ਨਾਲ ਜਲੀ ਜਾਣਾ।

- ਕਿਸੇ ਨੂੰ ਆਪਣੇ ਤੋਂ ਜ਼ਿਆਦਾ ਲਾਇਕ ਦੇਖ ਕੇ ਖਿਝੀ ਜਾਣਾ।

- ਛੋਟੇ ਗੀਤਕਾਰ ਦਾ ਆਪਣੇ ਤੋਂ ਵਧੀਆ ਗੀਤਕਾਰ ਨੂੰ ਭੰਡਣਾ।

- ਕਿਸੇ ਕਿਸਾਨ ਦਾ ਦੂਸਰੇ ਕਿਸਾਨ ਦੀ ਵਧੀਆ ਫ਼ਸਲ ਦੇਖ ਕੇ ਦੁਖੀ ਹੋਈ ਜਾਣਾ।

- ਕਿਸੇ ਦੋਸਤ ਦਾ ਖ਼ੂਬਸੂਰਤ ਲੜਕੀ ਨਾਲ ਜਾਂ ਸਹੇਲੀ ਦਾ ਚੰਗੇ ਅਮੀਰ ਲੜਕੇ ਨਾਲ ਵਿਆਹ ਹੋਇਆ ਦੇਖ ਕੇ ਨਾ ਜਰਨਾ ਅਤੇ ਐਵੇਂ ਕਿੜੀ ਜਾਣਾ।

ਇਹ ਸਭ ਈਰਖਾ ਭਰੀਆਂ ਗੱਲਾਂ ਅਸੀਂ ਆਪਣੇ ਆਪ ਨੂੰ ਦੂਜਿਆਂ ਸਾਹਮਣੇ ਵਧੀਆ ਹੋਣ ਦਾ ਝੂਠਾ ਧਰਵਾਸ ਦੇਣ ਲਈ ਹੀ ਕਰਦੇ ਹਾਂ। ਕਈ ਵਾਰੀ ਅਸੀਂ ਈਰਖਾ ਦੀ ਅੱਗ ਵਿਚ ਇੰਨੇ ਭੱਖ ਰਹੇ ਹੁੰਦੇ ਹਾਂ ਕਿ ਅਸੀਂ ਅਜਿਹੀਆਂ ਭੱਦੀਆਂ ਹਰਕਤਾਂ ਕਰ ਜਾਂਦੇ ਹਾਂ ਜਿਨ੍ਹਾਂ ਬਾਰੇ ਆਮ ਤੌਰ 'ਤੇ ਕਦੇ ਸੋਚਿਆ ਵੀ ਨਹੀਂ ਜਾ ਸਕਦਾ।

ਈਰਖਾ ਵਜੋਂ ਕੀਤੀਆਂ ਗਈਆਂ ਘਿਣੌਣੀਆਂ ਹਰਕਤਾਂ ਨਾਲ ਇਤਿਹਾਸ ਭਰਿਆ ਪਿਆ ਹੈ। ਕੁਝ ਸਮਾਂ ਪਹਿਲਾਂ ਇੰਗਲੈਂਡ ਵਿਚ ਰਹਿੰਦੀ ਪੰਜਾਬੀ ਮੂਲ ਦੀ ਲੜਕੀ ਨੂੰ ਬਹੁਤ ਲੰਬੀ ਉਮਰ ਕੈਦ ਹੋਈ ਹੈ ਇਸ ਲਈ ਕਿ ਉਸਨੇ ਈਰਖਾ ਕਾਰਨ ਆਪਣੇ ਆਸ਼ਕ ਲੜਕੇ ਦੀ ਪਹਿਲੀ ਪਤਨੀ ਦਾ ਬਹੁਤ ਹੀ ਬੇਦਰਦੀ ਨਾਲ 40 ਤੋਂ ਵੱਧ ਵਾਰੀ ਚਾਕੂ ਮਾਰ ਕੇ ਖ਼ੂਨ ਕੀਤਾ ਸੀ। ਟਾਨੀਆ ਹਾਰਡਿੰਗ ਅਤੇ ਨੈਂਸੀ ਕੈਰੀਗਨ ਕੁਝ ਸਾਲ ਪਹਿਲਾਂ ਅਮਰੀਕਾ ਦੀਆਂ ਮਸ਼ਹੂਰ ਫਿਗਰ ਸਕੇਟਰਜ਼ ਸਨ। ਨੈਂਸੀ ਜ਼ਿਆਦਾ ਵਧੀਆ ਸਕੇਟਰ ਸੀ ਜਿਸਨੇ ਕਈ ਤਗਮੇ ਜਿੱਤੇ ਸਨ। ਨੈਂਸੀ ਦੇ ਹੁੰਦਿਆਂ ਟਾਨੀਆ ਨੂੰ ਆਪਣੇ ਜਿੱਤਣ ਦੀ ਆਸ ਨਹੀਂ ਸੀ। 1994 ਵਿਚ ਕਿਸੇ ਨੇ ਪ੍ਰੈਕਟਿਸ ਕਰਦੀ ਨੈਂਸੀ ਦੇ ਗੋਡਿਆਂ ਵਿਚ ਕੁਝ ਮਾਰ ਕੇ ਉਸਨੂੰ ਬੁਰੀ ਤਰ੍ਹਾਂ ਫੱਟੜ ਕਰ ਦਿੱਤਾ ਸੀ। ਇਸ ਤਰ੍ਹਾਂ ਉਹ ਅਮਰੀਕਾ ਦੀ ਉਸ ਸਾਲ ਹੋਈ ਚੈਂਪੀਅਨਸ਼ਿਪ ਵਿਚ ਹਿੱਸਾ ਨਾ ਲੈ ਸਕਦੀ ਅਤੇ ਟਾਨੀਆ ਨੇ ਉਹ ਚੈਂਪੀਅਨਸ਼ਿਪ ਜਿੱਤ ਲਈ। ਪਿੱਛੋਂ ਪੁਲਿਸ ਦੀ ਜਾਂਚ-ਪੜਤਾਲ ਨੇ ਇਹ ਲੱਭਿਆ ਕਿ ਜੋ ਹਮਲਾ ਨੈਂਸੀ 'ਤੇ ਕੀਤਾ ਗਿਆ ਸੀ ਉਹ ਟਾਨੀਆ ਨੇ ਹੀ ਈਰਖਾ ਕਾਰਨ ਆਪਣੇ ਦੋਸਤ ਤੋਂ ਕਰਵਾਇਆ ਸੀ ਤਾਂ ਜੋ ਨੈਂਸੀ ਚੈਂਪੀਅਨਸ਼ਿਪ ਵਿਚ ਹਿੱਸਾ ਨਾ ਲੈ ਸਕੇ ਅਤੇ ਟਾਨੀਆ ਇਹ ਚੈਂਪੀਅਨਸ਼ਿਪ ਜਿੱਤ ਜਾਵੇ। ਟਾਨੀਆ ਇਹ ਚੈਂਪੀਅਨਸ਼ਿਪ ਜਿੱਤ ਵੀ ਗਈ ਸੀ। ਪਰ ਬਾਅਦ ਵਿਚ ਇਸ ਜ਼ੁਰਮ ਵਿਚ ਫਸ ਕੇ ਟਾਨੀਆ ਸਭ ਕੁਝ ਗੁਆ ਬੈਠੀ। ਉਸਨੂੰ ਜੇਲ੍ਹ ਵਿਚ ਵੀ ਜਾਣਾ ਪਿਆ ਅਤੇ ਉਸ ਉੱਤੇ ਅਮਰੀਕਾ ਵਿਚ ਫਿੱਗਰ ਸਕੇਟਿੰਗ ਵਿਚ ਹਿੱਸਾ ਲੈਣ ਤੋਂ ਹਮੇਸ਼ਾ ਲਈ ਪਾਬੰਦੀ ਲਾ ਦਿੱਤੀ ਗਈ ਸੀ। ਹਿੰਦੁਸਤਾਨ ਵਿਚ ਕਈ ਲੋਕ ਦੂਜਿਆਂ ਨਾਲ ਈਰਖਾ ਕਰਕੇ ਉਨ੍ਹਾਂ ਦੇ ਕੰਮ ਵਿਗਾੜਨ ਲਈ ਉਨ੍ਹਾਂ ਵਿਰੁੱਧ ਜਾਦੂ-ਟੂਣੇ ਵੀ ਕਰਦੇ ਹਨ। ਕਈ ਵਾਰ ਲੋਕ ਈਰਖਾ ਦਾ ਸ਼ਿਕਾਰ ਹੋ ਕੇ ਦੂਸਰਿਆਂ ਨੂੰ ਜ਼ਹਿਰ ਦੇਣ ਤੱਕ ਵੀ ਚਲੇ ਜਾਂਦੇ ਹਨ। ਹਿੰਦੁਸਤਾਨ ਵਿਚ ਮਤਰੇਈਆਂ ਮਾਵਾਂ ਦੇ ਆਪਣੇ ਮਤਰੇਵੇਂ ਪੁੱਤਾਂ ਧੀਆਂ ਨਾਲ ਕੀਤੇ ਸਲੂਕਾਂ ਦੀਆਂ ਕਹਾਣੀਆਂ ਸਭ ਨੂੰ ਹੀ ਪਤਾ ਹਨ। ਪੰਜਾਬ ਵਿਚ ਕਈ ਵਾਰੀ ਲੋਕ ਈਰਖਾ ਕਾਰਨ ਚੰਗੇ ਘਰਾਂ ਦੇ ਲੜਕਿਆਂ ਨੂੰ ਨਸ਼ਿਆਂ ਵਿਚ ਲਾ ਦਿੰਦੇ ਹਨ ਜਾਂ ਉਨ੍ਹਾਂ ਨੂੰ ਹੋਰ ਬੁਰੇ ਕੰਮਾਂ ਵਿਚ ਪਾ ਕੇ ਉਨ੍ਹਾਂ ਦੀ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਪੰਜਾਬੀ ਲੋਕ ਤਾਂ ਈਰਖਾ ਲਈ ਬਹੁਤ ਮੰਨੇ ਹੋਏ ਹਨ। ਈਰਖਾ ਨਾਲ ਅਸੀਂ ਜਦੋਂ ਦੂਸਰਿਆਂ ਵਿਰੁੱਧ ਉਨ੍ਹਾਂ ਨੂੰ ਥੱਲੇ ਲਾਉਣ ਲਈ ਮਾੜੇ ਕੰਮ ਕਰਦੇ ਹਾਂ, ਤਾਂ ਫਿਰ ਅਸੀਂ ਇਨ੍ਹਾਂ ਹਰਕਤਾਂ ਨੂੰ ਲੁਕਾਉਣ ਲਈ ਹਰ ਕੋਸ਼ਿਸ਼ ਕਰਦੇ ਹਾਂ, ਝੂਠ ਬੋਲਦੇ ਹਾਂ, ਕੁਫ਼ਰ ਤੋਲਦੇ ਹਾਂ ਭਾਵੇਂ ਕੋਈ ਸਾਡੇ 'ਤੇ ਇਤਬਾਰ ਕਰੇ ਜਾਂ ਨਾ ਕਰੇ। ਆਪਣਾ ਕਸੂਰ ਮੰਨ ਕੇ ਪਛਤਾਵਾ ਕਰਨ ਦੀ ਬਜਾਏ ਅਸੀਂ ਇਸ ਤਰ੍ਹਾਂ ਸਫ਼ਾਈਆਂ ਪੇਸ਼ ਕਰਕੇ ਸਗੋਂ ਆਪਣੀ ਹੋਰ ਬੇਇੱਜ਼ਤੀ ਕਰਾਉਂਦੇ ਹਾਂ। ਉਪਰੋਂ ਭਾਵੇਂ ਸਾਨੂੰ ਕੋਈ ਕੁਝ ਨਾ ਕਹੇ ਪਰ ਅੰਦਰੋਂ ਸਾਰੇ ਹੀ ਸਾਨੂੰ ਲਾਹਨਤਾਂ ਪਾਉਂਦੇ ਹਨ ਅਤੇ ਸਾਡੇ ਤੋਂ ਪਰੇ ਹਟਦੇ ਜਾਂਦੇ ਹਨ। ਈਰਖਾ ਇਕ ਅਜਿਹਾ ਰੋਗ ਹੈ ਜਿਸ ਤੋਂ ਜਿੰਨਾ ਵੀ ਪਰਹੇਜ਼ ਕੀਤਾ ਜਾਵੇ ਚੰਗਾ ਹੈ।

# ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਵੱਲੋਂ ਗਿਣਤੀ ਕੇਂਦਰਾਂ ਅਤੇ ਸਟਰਾਂਗ ਰੂਮਾਂ ਦਾ ਨਿਰੀਖਣ

**ਕੌਮੀ ਪਤ੍ਰਿਕਾ**

ਦੋਰਾਹਾ/ਪਾਇਲ 2 ਜੂਨ। ਖੰਨਾ ਪੁਲਸ ਜ਼ਿਲ੍ਹੇ ਦੇ ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਅੱਜ ਦੋਰਾਹਾ ਅਤੇ ਪਾਇਲ ਨਗਰ ਕੌਂਸਲ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਲਈ ਬਣਾਏ ਗਏ ਗਿਣਤੀ ਕੇਂਦਰਾਂ ਅਤੇ ਸਟਰਾਂਗ ਰੂਮਾਂ ਦਾ ਨਿਰੀਖਣ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਵੱਲੋਂ ਸੁਰੱਖਿਆ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ 2 ਜੂਨ ਨੂੰ ਹੋਣ ਵਾਲੀ ਵੋਟਾਂ ਦੀ ਗਿਣਤੀ ਅਮਨ-ਸ਼ਾਂਤੀ, ਪਾਰਦਰਸ਼ਤਾ ਅਤੇ ਪੂਰੀ ਨਿਰਪੱਖਤਾ ਨਾਲ ਨੇਪਰੇ ਚਾੜ੍ਹੀ ਜਾਵੇਗੀ। ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਵੱਲੋਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦਿਆਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਟਰਾਂਗ ਰੂਮਾਂ ਦੀ 24 ਘੰਟੇ ਸਖ਼ਤ ਸੁਰੱਖਿਆ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਹਰ ਆਉਣ-ਜਾਣ ਵਾਲੇ ਵਿਅਕਤੀ 'ਤੇ ਕੜੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੋਰਾਹਾ ਅਤੇ ਪਾਇਲ ਨਗਰ ਕੌਂਸਲ ਚੋਣਾਂ ਦੌਰਾਨ ਵੋਟਰਾਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਗਿਆ ਸੀ। ਦੋਰਾਹਾ ਨਗਰ ਕੌਂਸਲ ਦੇ 15 ਵਾਰਡਾਂ ਲਈ ਕੁੱਲ 69.43 ਫੀਸਦੀ ਵੋਟਿੰਗ ਦਰਜ ਕੀਤੀ ਗਈ ਸੀ, ਜਿਸ ਵਿਚ 9605 ਮਰਦ ਵੋਟਰਾਂ ਵਿਚੋਂ 6652 ਅਤੇ 8722 ਮਹਿਲਾ ਵੋਟਰਾਂ ਵਿਚੋਂ 6073 ਵੋਟਾਂ ਪੋਲ ਹੋਈਆਂ ਸਨ। ਜਦਕਿ ਪਾਇਲ ਨਗਰ ਕੌਂਸਲ ਦੇ 11 ਵਾਰਡਾਂ ਲਈ ਕੁੱਲ 80.10 ਫੀਸਦੀ ਵੋਟਿੰਗ ਦਰਜ



ਕੀਤੀ ਗਈ, ਜੋ ਕਿ ਜ਼ਿਲਾ ਲੁਧਿਆਣਾ ਵਿਚ ਸਭ ਤੋਂ ਵੱਧ ਰਹੀ। ਪਾਇਲ ਵਿਚ 3376 ਮਰਦ ਵੋਟਰਾਂ ਵਿਚੋਂ 2672, 2993 ਮਹਿਲਾ ਵੋਟਰਾਂ ਵਿਚੋਂ 2429 ਅਤੇ ਅਦਰ ਸ਼੍ਰੇਣੀ ਦੇ 2 ਵੋਟਰਾਂ ਵਿਚੋਂ 2 ਵੋਟਾਂ ਪੋਲ ਹੋਈਆਂ ਸਨ। ਨਿਰੀਖਣ ਦੌਰਾਨ ਐੱਸ.ਐੱਸ.ਪੀ. ਨੇ ਗਿਣਤੀ ਕੇਂਦਰਾਂ ਵਿਚ ਤੈਨਾਤ ਕਾਊਂਟਿੰਗ ਸਟਾਫ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ, ਸੁਚੱਜੇਪਣ ਅਤੇ ਨਿਰਪੱਖਤਾ ਨਾਲ ਨਿਭਾਉਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਦੋਰਾਹਾ ਅਤੇ ਪਾਇਲ ਨਗਰ ਕੌਂਸਲ ਦੀਆਂ ਵੋਟਾਂ ਦੀ ਗਿਣਤੀ 2 ਜੂਨ ਨੂੰ ਸਵੇਰੇ 8 ਵਜੇ ਤੋਂ ਵੱਖ-ਵੱਖ ਗਿਣਤੀ ਕੇਂਦਰਾਂ 'ਤੇ ਸ਼ੁਰੂ ਹੋਵੇਗੀ, ਜਿਸ ਲਈ ਪੁਲਸ ਅਤੇ ਪ੍ਰਸ਼ਾਸਨ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਕੌਂਸਲ ਦੋਰਾਹਾ ਦਾ ਗਿਣਤੀ ਕੇਂਦਰ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿਖੇ, ਜਦਕਿ ਪਾਇਲ ਨਗਰ ਕੌਂਸਲ ਦਾ ਗਿਣਤੀ ਕੇਂਦਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਾਇਲ ਵਿਖੇ ਸਥਾਪਿਤ ਕੀਤਾ ਗਿਆ ਹੈ। ਦੋਵੇਂ ਗਿਣਤੀ ਕੇਂਦਰਾਂ 'ਤੇ ਸੁਰੱਖਿਆ ਦੇ ਸਖ਼ਤ ਬੰਦੋਬਸਤ ਕੀਤੇ ਗਏ ਹਨ ਅਤੇ ਕਿਸੇ ਵੀ ਅਣਅਧਿਕਾਰਤ ਵਿਅਕਤੀ ਨੂੰ ਅੰਦਰ ਦਾਖ਼ਲ ਹੋਣ ਦੀ ਆਗਿਆ ਨਹੀਂ ਹੋਵੇਗੀ। ਐੱਸ.ਐੱਸ.ਪੀ. ਨੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪੂਰੀ ਤਨਦੇਹੀ ਨਾਲ ਪਾਲਣਾ ਕਰਦਿਆਂ ਵੋਟਾਂ ਦੀ ਗਿਣਤੀ ਦਾ ਸਾਰਾ ਕਾਰਜ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਨੇਪਰੇ ਚੜ੍ਹਾਇਆ ਜਾਵੇਗਾ, ਤਾਂ ਜੋ ਲੋਕਤੰਤਰ ਦੀ ਮਰਿਆਦਾ ਨੂੰ ਕਾਇਮ ਰੱਖਿਆ ਜਾ ਸਕੇ।

## ਰਿਸ਼ਤੇਦਾਰ ਨੇ ਹੀ ਰੋਲੀ ਘਰ 'ਚ ਇਕੱਲੀ ਕੁੜੀ ਦੀ ਪੱਤ

ਲੁਧਿਆਣਾ 2 ਜੂਨ। ਵਿਆਹ ਦਾ ਝਾਂਸਾ ਦੇ ਕੇ ਆਬਰੂ ਨਾਲ ਖੇਡਣ ਦਾ ਇਕ ਬੇਹੱਦ ਘਿਨੌਣਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਦੂਰ ਦੇ ਰਿਸ਼ਤੇਦਾਰ ਨੇ ਹੀ ਘਰ ਵਿਚ ਇਕੱਲੀ ਰਹਿ ਰਹੀ ਮੁਟਿਆਰ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲਿਆ। ਮੁਲਜ਼ਮ ਨੇ ਨਾ ਸਿਰਫ਼ ਇਕ ਵਾਰ, ਸਗੋਂ ਵਾਰ-ਵਾਰ ਪੀੜਤਾ ਦੀ ਮਰਜ਼ੀ ਦੇ ਖ਼?ਲਾਫ਼ ਉਸ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਏ। ਜਦੋਂ ਪੀੜਤਾ ਨੇ ਵਿਆਹ ਦਾ ਦਬਾਅ ਪਾਇਆ, ਤਾਂ ਮੁਲਜ਼ਮ ਸਾਫ਼ ਮੁਕਰ ਗਿਆ। ਪੁਲਸ ਨੇ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਅੰਕਿਤ ਗੌਤਮ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੀੜਤਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਸਾਲ 2022 ਵਿਚ ਉਸ ਦਾ ਦੂਰ ਦਾ ਰਿਸ਼ਤੇਦਾਰ ਅੰਕਿਤ ਗੌਤਮ ਅਕਸਰ ਉਨ੍ਹਾਂ ਦੇ ਘਰ ਆਉਂਦਾ-ਜਾਂਦਾ ਸੀ ਅਤੇ ਰਿਸ਼ਤੇਦਾਰ ਹੋਣ ਕਰਕੇ ਪਰਿਵਾਰ ਉਸ 'ਤੇ ਪੂਰਾ ਭਰੋਸਾ ਕਰਦਾ ਸੀ। ਇਕ ਦਿਨ ਜਦੋਂ ਪੀੜਤਾ ਘਰ ਵਿਚ ਬਿਲਕੁਲ ਇਕੱਲੀ ਸੀ, ਤਾਂ ਮੁਲਜ਼ਮ ਅੰਕਿਤ ਉਸ ਦੇ ਘਰ ਆਇਆ ਅਤੇ ਸੁੰਨਾ ਘਰ ਦੇਖ ਕੇ ਉਸ ਨੇ ਜ਼ਬਰਦਸਤੀ ਪੀੜਤਾ ਨੂੰ ਕਮਰੇ ਵਿਚ ਲਿਜਾ ਕੇ ਉਸ ਨਾਲ ਜਬਰ-ਜ਼ਨਾਹ ਕੀਤਾ। ਇਸ ਘਟਨਾ ਦੇ ਕੁਝ ਦਿਨਾਂ ਬਾਅਦ ਮੁਲਜ਼ਮ ਨੇ ਫਿਰ ਡਰਾ-ਧਮਕਾ ਕੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਜਦੋਂ ਪੀੜਤਾ ਨੇ ਵਿਰੋਧ ਕੀਤਾ ਤਾਂ ਮੁਲਜ਼ਮ ਨੇ ਉਸ ਨੂੰ ਵਿਆਹ ਦਾ ਝਾਂਸਾ ਦੇਣਾ ਸ਼ੁਰੂ ਕਰ ਦਿੱਤਾ। ਇਸੇ ਵਾਅਦੇ ਦੀ ਆੜ ਵਿਚ ਉਹ ਲਗਾਤਾਰ ਪੀੜਤਾ ਦਾ ਸਰੀਰਕ ਸ਼ੋਸ਼ਣ ਕਰਦਾ ਰਿਹਾ, ਪਰ ਹੁਣ ਵਿਆਹ ਕਰਨ ਦੇ ਸਮੇਂ ਉਹ ਆਪਣੇ ਵਾਅਦੇ ਤੋਂ ਪੂਰੀ ਤਰ੍ਹਾਂ ਪਲਟ ਗਿਆ ਹੈ ਅਤੇ ਵਿਆਹ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ

## ਮਾਛੀਵਾੜਾ ਅਨਾਜ ਮੰਡੀ 'ਚ ਮੱਕੀ ਦੀ ਆਮਦ ਸ਼ੁਰੂ

ਮਾਛੀਵਾੜਾ ਸਾਹਿਬ, 2 ਜੂਨ। ਮਾਛੀਵਾੜਾ ਅਨਾਜ ਮੰਡੀ ਵਿਚ ਮੱਕੀ ਫਸਲ ਦੀ ਆਮਦ ਸ਼ੁਰੂ ਹੋ ਗਈ ਹੈ ਅਤੇ ਅੱਜ ਕਿਸਾਨ ਇਕਬਾਲ ਸਿੰਘ ਵਾਸੀ ਗੜ੍ਹੀ ਤਰਖਾਣਾ ਨੇ ਆੜ੍ਹਤੀ ਰਾਮ ਜੀ ਦਾਸ ਸਤਪਾਲ ਹੇਡੋਂ ਵਾਲਿਆਂ ਦੀ ਦੁਕਾਨ 'ਤੇ ਆਪਣੀ ਫਸਲ ਵੇਚਣ ਲਈ ਲੈ ਕੇ ਆਏ। ਪ੍ਰਾਈਵੇਟ ਵਪਾਰੀਆਂ ਵਲੋਂ ਅੱਜ ਇਸ ਮੱਕੀ ਫਸਲ ਦੀ ਖੁੱਲ੍ਹੀ ਬੋਲੀ ਲਗਾਈ ਗਈ ਜੋ ਕਿ 1900 ਤੋਂ ਸ਼ੁਰੂ ਹੋਈ ਅਤੇ 2031 ਵਿਚ ਚਿਰਾਗ ਟਰੇਡਿੰਗ ਕੰਪਨੀ ਵਲੋਂ ਖਰੀਦੀ ਗਈ। ਕਿਸਾਨ ਇਕਬਾਲ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਮੱਕੀ ਦੀ ਕਾਸ਼ਤ ਕਰਦਾ ਆ ਰਿਹਾ ਹੈ ਪਰ ਇਸ ਵਾਰ ਜਿਆਦਾ ਗਰਮੀ ਪੈਣ ਕਾਰਨ



ਮੱਕੀ ਦਾ ਝਾੜ ਘੱਟ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਮੱਕੀ ਦੀ ਫਸਲ ਔਸਤਨ 2200 ਤੋਂ 2300 ਰੁਪਏ ਪ੍ਰਤੀ ਕੁਇੰਟਲ ਵਿਕੀ ਸੀ ਪਰ ਇਸ ਵਾਰ ਘੱਟ ਭਾਅ 'ਤੇ ਵਿਕ ਰਹੀ ਹੈ ਜਿਸ ਕਾਰਨ ਉਨ੍ਹਾਂ ਨੂੰ ਆਰਥਿਕ ਨੁਕਸਾਨ ਹੋਇਆ ਹੈ। ਕਿਸਾਨ ਨੇ ਕਿਹਾ ਕਿ ਬੇਸ਼ੱਕ ਕੇਂਦਰ ਸਰਕਾਰ ਵਲੋਂ ਮੱਕੀ ਫਸਲ ਦਾ ਸਮਰਥਨ ਮੁੱਲ 2410 ਰੁਪਏ ਨਿਰਧਾਰਿਤ ਕੀਤਾ ਹੈ ਪਰ ਸਰਕਾਰਾਂ ਵਲੋਂ ਇਸ ਫਸਲ ਦੀ ਖਰੀਦ ਦੇ ਪੁਖਤਾ ਪ੍ਰਬੰਧ ਨਾ ਕੀਤੇ ਹੋਣ ਕਾਰਨ ਇਹ ਸਮਰਥਨ ਮੁੱਲ 'ਤੇ ਨਹੀਂ ਵਿਕ ਰਹੀ ਜਿਸ ਦਾ ਨੁਕਸਾਨ ਕਿਸਾਨਾਂ ਨੂੰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮਰਥਨ ਮੁੱਲ ਤੋਂ ਘੱਟ ਵਿਕਣ ਕਾਰਨ ਮੱਕੀ ਦੀ ਫਸਲ 'ਤੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਬੋਨਸ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ। ਇਸ ਮੌਕੇ ਆੜ੍ਹਤੀ ਐਸੋਸ਼ੀਏਸ਼ਨ ਦੇ ਸਾਬਕਾ ਪ੍ਰਧਾਨ ਟਹਿਲ ਸਿੰਘ ਅਤੇ ਸੂਬਾ ਸਕੱਤਰ ਅਰਵਿੰਦਰਪਾਲ ਸਿੰਘ ਵਿੱਕੀ ਨੇ ਦੱਸਿਆ ਕਿ ਮਾਛੀਵਾੜਾ ਅਨਾਜ ਮੰਡੀ ਮੱਕੀ ਦੀ ਫਸਲ ਦਾ ਵੱਡਾ ਖਰੀਦ ਕੇਂਦਰ ਹੈ। ਉਨ੍ਹਾਂ ਕਿਹਾ ਕਿ ਬਾਕੀ ਆਸਪਾਸ ਦੀਆਂ ਮੰਡੀਆਂ ਨਾਲੋਂ ਮਾਛੀਵਾੜਾ ਵਿਚ ਮੱਕੀ ਜਿਆਦਾ ਭਾਅ 'ਤੇ ਵਿਕਦੀ ਹੈ ਕਿਉਂਕਿ ਇੱਥੇ ਪ੍ਰਾਈਵੇਟ ਵਪਾਰੀ ਜਿਆਦਾ ਹਨ। ਆੜ੍ਹਤੀਆਂ ਨੇ ਇਹ ਚਿੰਤਾ ਵੀ ਪ੍ਰਗਟਾਈ ਕਿ ਸਮਰਥਨ ਮੁੱਲ 'ਤੇ ਮੱਕੀ ਫਸਲ ਦਾ ਨਾ ਵਿਕਣਾ ਵੀ ਕਿਸਾਨਾਂ ਲਈ ਘਾਟੇ ਵਾਲਾ ਸੌਦਾ ਹੈ।

## ਸ੍ਰੀ ਹੇਮਕੁੰਟ ਸਾਹਿਬ ਤੇ ਬਦਰੀਨਾਥ 'ਚ ਬਰ.ਫ਼ਬਾਰੀ, ਹਿਮਾਚਲ 'ਚ ਮੀਂਹ ਨਾਲ ਕਈ ਥਾਵਾਂ 'ਤੇ ਪਏ ਗੜੇ

ਸ਼ਿਮਲਾ 2 ਜੂਨ। ਉੱਤਰਾਖੰਡ ਵਿਚ ਮੌਸਮ ਦਾ ਮਿਜ਼ਾਜ ਅਚਾਨਕ ਬਦਲ ਗਿਆ ਹੈ। ਪਵਿੱਤਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਅਤੇ ਬਦਰੀਨਾਥ ਵਿਚ ਬਰਫ਼ਬਾਰੀ ਹੋਈ, ਜਿਸ ਕਾਰਨ ਉੱਥੇ ਹੱਡ ਚੀਰਵੀਂ ਠੰਡ ਪੈ ਰਹੀ ਹੈ। ਇਸ ਨਾਲ ਚਾਰੇ



ਪਾਸੇ ਬਰਫ਼ ਦੀ ਚਿੱਟੀ ਚਾਦਰ ਵਿੱਛ ਗਈ। ਇਸ ਮੌਕੇ ਸ਼ਰਧਾਲੂ ਵੱਡੀ ਗਿਣਤੀ ਵਿਚ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਪਹੁੰਚੇ। ਦੂਜੇ ਪਾਸੇ ਭਾਰੀ ਮੀਂਹ ਅਤੇ ਤੂਫ਼ਾਨ ਨੇ ਸੂਬੇ ਦੇ ਕਈ ਹਿੱਸਿਆਂ ਵਿਚ ਜਨ-ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਹੈ। ਉੱਧਰ ਹਿਮਾਚਲ ਪ੍ਰਦੇਸ਼ ਵਿਚ ਮੰਡੀ ਜ਼ਿਲ੍ਹੇ ਦੇ ਕਰਸੋਗ ਅਤੇ ਸ਼ਿਮਲਾ ਜ਼ਿਲ੍ਹੇ ਦੇ ਰੋਹੜੂ ਵਿਚ ਅੱਜ ਮੀਂਹ ਦੇ ਨਾਲ ਭਾਰੀ ਗੜੇਮਾਰੀ ਹੋਈ। ਇਸ ਦੇ ਨਾਲ ਹੀ ਕਰਸੋਗ ਦੇ ਡੀਂਗ ਤੇ ਕਥੇੜ ਅਤੇ ਰੋਹੜੂ ਦੇ ਸ਼ਰੋਂਥਾ ਵਿਚ ਇਸ ਕਾਰਨ ਸੇਬ ਦੀ ਫ਼ਸਲ ਨੂੰ ਨੁਕਸਾਨ ਪਹੁੰਚਿਆ ਹੈ। ਸੇਬਾਂ ਨੂੰ ਗੜੇਮਾਰੀ ਤੋਂ ਬਚਾਉਣ ਲਈ ਲਗਾਏ ਗਏ 'ਐਂਟੀ ਹੇਲ ਨੈੱਟ' ਵੀ ਇਸ ਨਾਲ ਨੁਕਸਾਨੇ ਗਏ। ਉੱਥੇ ਹੀ ਬੀਤੀ ਰਾਤ (ਵੀਰਵਾਰ ਨੂੰ) ਸਿਰਮੌਰ ਜ਼ਿਲ੍ਹੇ ਦੇ ਕਈ ਹਿੱਸਿਆਂ ਵਿਚ ਚੰਗਾ ਮੀਂਹ ਪਿਆ। ਨਾਹਨ ਵਿਚ ਸਭ ਤੋਂ ਵੱਧ 14.2 ਮਿਲੀਮੀਟਰ, ਸ੍ਰੀ ਪਾਉਂਟਾ ਸਾਹਿਬ ਵਿਚ 6.4 ਮਿਲੀਮੀਟਰ, ਧੌਲਾ ਕੂਆਂ 3.5, ਕੁਕੁਮਸੈਰੀ 2.1 ਅਤੇ ਕੇਲਾਂਗ ਵਿਚ 2.0 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਮੌਸਮ ਵਿਗਿਆਨ ਵਿਭਾਗ ਨੇ ਸਾਲ 2026 ਦੇ ਦੱਖਣ-ਪੱਛਮੀ ਮਾਨਸੂਨ (ਜੂਨ ਤੋਂ ਸਤੰਬਰ) ਲਈ ਆਪਣਾ ਦੂਜਾ ਲੰਮੀ ਮਿਆਦ ਦਾ ਅਨੁਮਾਨ ਸ਼ੁੱਕਰਵਾਰ ਨੂੰ ਜਾਰੀ ਕਰ ਦਿੱਤਾ ਹੈ। ਇਸ ਦੇ ਅਨੁਸਾਰ ਦੇਸ਼ ਦੇ ਕਈ ਪ੍ਰਮੁੱਖ ਹਿੱਸਿਆਂ ਵਿਚ ਇਸ ਸਾਲ ਮਾਨਸੂਨ ਦਾ ਮੀਂਹ ਆਮ ਨਾਲੋਂ ਘੱਟ ਰਹਿਣ ਦੀ ਸੰਭਾਵਨਾ ਹੈ। ਦੇਸ਼ ਵਿਚ ਮੀਂਹ ਦੇ ਮੁੱਖ ਸਰੋਤ, ਦੱਖਣ-ਪੱਛਮੀ ਮਾਨਸੂਨ ਦੀ ਲੰਮੀ ਮਿਆਦ ਦੀ ਔਸਤ (ਐੱਲ. ਪੀ. ਏ.) 90 ਫ਼ੀਸਦੀ ਹੋਣ ਦੀ ਸੰਭਾਵਨਾ ਹੈ ਅਤੇ ਇਸ ਵਿਚ 4 ਫ਼ੀਸਦੀ ਦਾ ਘਾਟਾ-ਵਾਧਾ ਹੋ ਸਕਦਾ ਹੈ।

## 500 ਦੇ ਨੋਟ ਬਦਲੇ ਮਿਲੇ 3,00,00,000 ਰੁਪਏ ! ਰਾਤੋ-ਰਾਤ ਚਮਕ ਗਈ ਕਿਸਮਤ

ਲੁਧਿਆਣਾ 2 ਜੂਨ। ਕਹਿੰਦੇ ਹਨ ਕਿ ਕਿਸਮਤ ਬਦਲਦਿਆਂ ਦੇਰ ਨਹੀਂ ਲੱਗਦੀ ਅਤੇ ਜਦੋਂ ਪ੍ਰਮਾਤਮਾ ਦਿੰਦਾ ਹੈ, ਤਾਂ ਸਭ ਕੁੱਝ ਬਦਲ ਜਾਂਦਾ ਹੈ। ਅਜਿਹਾ ਹੀ ਕੁਝ ਲੁਧਿਆਣਾ ਵਿਚ ਕਪੜੇ ਸਿਉਣ ਵਾਲੇ ਇਕ ਨੌਜਵਾਨ ਨਾਲ ਹੋਇਆ ਹੈ। ਮੂਲ ਰੂਪ ਵਿਚ ਬਿਹਾਰ ਦੇ ਪੱਛਮੀ ਚੰਪਾਰਨ ਜ਼ਿਲ੍ਹੇ ਦੇ ਰਹਿਣ ਵਾਲੇ ਦਿਨੇਸ਼ ਕੁਸ਼ਵਾਹਾ ਦੀ ਕਿਸਮਤ ਰਾਤੋ-ਰਾਤ ਬਦਲ ਗਈ ਹੈ। ਦਿਨੇਸ਼ ਨੇ ਸਿੱਕਮ ਸਟੇਟ ਲਾਟਰੀ ਵਿਚ 3 ਕਰੋੜ ਰੁਪਏ ਦਾ ਬੰਪਰ ਇਨਾਮ ਜਿੱਤਿਆ ਹੈ। ਦਿਨੇਸ਼ ਪਿਛਲੇ ਕਰੀਬ 15 ਸਾਲਾਂ ਤੋਂ ਲਗਾਤਾਰ ਲਾਟਰੀ ਦੀ ਟਿਕਟ ਖਰੀਦ ਕੇ ਆਪਣੀ ਕਿਸਮਤ ਅਜ਼ਮਾ ਰਿਹਾ ਸੀ। 16 ਮਈ ਨੂੰ ਕੱਢੇ ਗਏ ਡਰਾਅ ਵਿਚ ਉਸ ਦੀ ਟਿਕਟ ਨੇ ਪਹਿਲਾ ਇਨਾਮ ਜਿੱਤਿਆ। ਦਿਨੇਸ਼ ਨੇ ਇਹ ਟਿਕਟ ਲੁਧਿਆਣਾ ਦੇ ਘੰਟਾ ਘਰ ਚੌਕ ਸਥਿਤ ਦੁਕਾਨ ਤੋਂ ਸਿਰਫ਼ 500 ਰੁਪਏ ਦਾ ਇਕ ਨੋਟ ਦੇ ਖਰੀਦੀ ਸੀ, ਜਿਸ 'ਤੇ ਉਸ ਦਾ 3 ਕਰੋੜ ਰੁਪਏ ਦਾ ਇਨਾਮ ਨਿਕਲ ਆਇਆ ਹੈ। ਜਦੋਂ ਉਹ ਅੱਜ ਆਪਣੀ ਜੇਤੂ ਟਿਕਟ ਲੈ ਕੇ ਉੱਥੇ ਪਹੁੰਚਿਆ, ਤਾਂ ਉਸ ਦਾ ਫੁੱਲਾਂ ਦੇ ਹਾਰ ਪਾ ਕੇ ਅਤੇ ਢੋਲ-ਢਮਕਿਆਂ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ। ਦੁਕਾਨ ਦੇ ਮਾਲਕ ਅਨੁਸਾਰ ਇਨਾਮੀ ਰਾਸ਼ੀ ਦਿਵਾਉਣ ਲਈ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਦਿਨੇਸ਼ ਨੇ ਦੱਸਿਆ ਕਿ ਉਹ ਇੱਕ ਬਹੁਤ ਹੀ ਸਧਾਰਨ ਪਰਿਵਾਰ ਨਾਲ ਸਬੰਧ ਰੱਖਦਾ ਹੈ ਅਤੇ ਲੁਧਿਆਣਾ ਦੀ ਇਕ ਫੈਕਟਰੀ ਵਿੱਚ ਰੋਜ਼ਾਨਾ 12-12 ਘੰਟੇ ਸਿਲਾਈ ਦਾ ਕੰਮ ਕਰਕੇ ਆਪਣੇ ਪਤਨੀ ਅਤੇ ਤਿੰਨ ਬੱਚਿਆਂ ਦਾ ਪੇਟ ਪਾਲਦਾ ਸੀ। ਭਾਵੁਕ ਹੁੰਦਿਆਂ ਦਿਨੇਸ਼ ਨੇ ਕਿਹਾ ਉਸ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਇੰਨੀ ਵੱਡੀ ਰਕਮ ਉਸ ਦੇ ਹੱਥ ਲੱਗੇਗੀ। ਇਸ ਇਨਾਮ ਨੇ ਉਸ ਦੇ ਬੱਚਿਆਂ ਦੇ ਭਵਿੱਖ ਅਤੇ ਪਰਿਵਾਰ ਦੀਆਂ ਦਿੱਕਤਾਂ ਨੂੰ ਹਮੇਸ਼ਾ ਲਈ ਦੂਰ ਕਰ ਦਿੱਤਾ ਹੈ। ਉਸ ਨੇ ਦੱਸਿਆ ਕਿ ਉਹ ਇਨ੍ਹਾਂ ਪੈਸਿਆਂ ਦੀ ਵਰਤੋਂ ਕਿਵੇਂ ਕਰਨੀ ਹੈ, ਇਸ ਦਾ ਫੈਸਲਾ ਆਪਣੇ ਪਰਿਵਾਰ ਨਾਲ ਬੈਠ ਕੇ ਕਰੇਗਾ।

# ਪਿੰਡ ਰਾਜਗੜ੍ਹ ਸੌਂਧੇਵਾਲ ਦੇ ਨੌਜਵਾਨ ਦੀ ਸ਼ੱਕੀ ਹਾਲਾਤ 'ਚ ਮੌਤ, ਪਰਿਵਾਰ ਵੱਲੋਂ ਕਤਲ ਦੇ ਦੋਸ਼

**ਕੌਮੀ ਪਤ੍ਰਿਕਾ**

ਘੱਗਾ 2 ਜੂਨ। ਹਲਕਾ ਸ਼ੁਤਰਾਣਾ ਅਧੀਨ ਪੈਂਦੇ ਪਿੰਡ ਰਾਜਗੜ੍ਹ ਸੌਂਧੇਵਾਲ ਦੇ 24 ਸਾਲਾ ਨੌਜਵਾਨ ਲੱਖ ਨਿਰੰਜਨ ਉਰਫ ਹਨੀ ਦੀ 20 ਮਈ ਨੂੰ ਸ਼ੱਕੀ ਹਾਲਾਤ ਵਿਚ ਹੋਈ ਮੌਤ ਦੇ 8 ਦਿਨ ਬੀਤ ਜਾਣ ਬਾਅਦ ਵੀ ਹਨੀ ਦੀ ਮੌਤ ਦੇ ਜ਼ਿੰਮੇਵਾਰ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਇਸ ਦੇ ਚੱਲਦੇ ਪਰਿਵਾਰਕ ਮੈਂਬਰਾਂ ਨੇ ਹਲਕਾ ਸ਼ੁਤਰਾਣਾ ਦੇ ਸਰਗਰਮ ਨੌਜਵਾਨ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਕੋਲ ਇਨਸਾਫ ਦੀ ਗੁਹਾਰ ਲਗਾਈ। ਜਿਸ ਤੋਂ ਬਾਅਦ ਫੌਰੀ ਹਰਕਤ ਵਿਚ ਆਉਂਦਿਆਂ ਨੌਜਵਾਨ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਪਰਿਵਾਰਕ ਮੈਂਬਰਾਂ ਅਤੇ ਪਿੰਡ ਦੇ ਮੋਹਤਬਰ ਸਾਥੀਆਂ ਨੂੰ ਨਾਲ ਲੈ ਕੇ ਪੁਲਸ ਚੌਂਕੀ ਮਵੀ ਕਲਾਂ ਪਹੁੰਚੇ। ਮ੍ਰਿਤਕ ਨੌਜਵਾਨ ਦੇ ਪਿਤਾ ਬਲਵਿੰਦਰ ਸਿੰਘ ਨੇ ਆਪਣੇ ਲੜਕੇ ਦੀ ਮੌਤ ਸੋਚੀ ਸਮਝੀ ਸਾਜ਼ਿਸ਼ ਤਹਿਤ ਕਤਲ ਹੋਣ ਦਾ ਸ਼ੰਕਾ ਪ੍ਰਗਟਾਇਆ ਹੈ। ਜਿਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਇਕ ਲਿਖਤੀ ਸ਼ਿਕਾਇਤ ਥਾਣਾ ਮੁਖੀ ਬਲਕਾਰ ਸਿੰਘ ਨਿਰਮਾਣ ਨੂੰ ਸੌਂਪਦਿਆਂ ਦੋਸ਼ੀਆਂ ਖਿਲਾਫ ਕਾਰਵਾਈ ਲਈ ਪੁਲਸ ਨੂੰ 2 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਪਰਿਵਾਰਕ ਮੈਂਬਰਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਦਾ ਲੜਕਾ ਲੱਖ ਨਿਰੰਜਨ ਡੇਢ ਸਾਲ ਪਹਿਲਾਂ ਨਸ਼ਿਆਂ ਦੀ ਮਾੜੀ ਸੰਗਤ ਵਿਚ ਪੈ ਗਿਆ ਸੀ। ਜਿਸ ਤੋਂ ਬਾਅਦ ਉਹ ਨਸ਼ਿਆਂ ਨੂੰ ਛੱਡਣ ਲਈ 2-3 ਮਹੀਨੇ ਸਮਰਾਲਾ ਦੇ ਨਸ਼ਾ



ਛੁਡਾਊ ਕੇਂਦਰ ਵਿਚ ਰਿਹਾ ਅਤੇ ਨਸ਼ੇ ਛੱਡ ਗਿਆ ਸੀ। ਹੁਣ ਉਹ ਪਟਿਆਲਾ ਦੇ ਇਕ ਮਾਲ ਵਿਚ ਸੁਰੱਖਿਆ ਗਾਰਡ ਵਜੋਂ ਡਿਊਟੀ ਕਰਦਾ ਸੀ। ਮ੍ਰਿਤਕ ਦੇ ਪਿਤਾ ਨੇ ਕਿਹਾ ਕਿ ਕੁਝ ਦਿਨਾਂ ਤੋਂ ਲੱਖ ਨਿਰੰਜਨ ਕੁਝ ਲੜਕਿਆਂ ਤੋਂ ਪਰੇਸ਼ਾਨ ਸੀ ਜੋ ਉਸਨੂੰ ਫਿਰ ਉਸ ਦਲਦਲ ਵਿਚ ਲਿਜਾਉਣ ਲਈ ਪਰੇਸ਼ਾਨ ਕਰ ਰਹੇ ਸਨ। 20 ਮਈ ਉਹ ਘਰ ਤੋਂ ਪਟਿਆਲਾ ਆਪਣੇ ਕੰਮ 'ਤੇ ਗਿਆ ਸੀ ਪਰ ਸ਼ਾਮ ਸਮੇਂ ਉਸਦੀ ਮੌਤ ਦੀ ਖਬਰ ਆਈ। ਮ੍ਰਿਤਕ ਦੇ ਪਿਤਾ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਉਸਦੇ ਲੜਕੇ ਦਾ ਕਤਲ ਕੀਤਾ ਗਿਆ ਹੈ, ਇਸ ਸਾਜਿਸ਼ ਵਿਚ ਸ਼ਾਮਲ ਦੋਸ਼ੀਆਂ ਖਿਲਾਫ ਜੇਕਰ ਕਾਨੂੰਨੀ ਕਾਰਵਾਈ ਨਾ ਕੀਤੀ ਗਈ ਤਾਂ ਅਸੀਂ ਇਨਸਾਫ ਲਈ ਪੁਲਸ ਪ੍ਰਸ਼ਾਸ਼ਨ ਖਿਲਾਫ ਰੋਸ ਪ੍ਰਦਰਸ਼ਨ ਕਰਾਂਗੇ। ਇਸਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਗੁਰਤੇਜ ਸਿੰਘ ਸੌਂਦੇਵਾਲ, ਅਵਤਾਰ ਸਿੰਘ ਪਿੰਡ ਦੇ ਸਾਬਕਾ ਸਰਪੰਚ ਸਮੇਤ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

# ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ 'ਚ ਖੁਲਾਸਾ: ਦੇਸ਼ 'ਚ 500 ਦੇ ਨੋਟਾਂ ਦੀ ਵਧੀ ਭਰਮਾਰ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 2 ਜੂਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਸਾਲਾਨਾ ਰਿਪੋਰਟ ਵਿੱਚ ਦੇਸ਼ ਦੀ ਕਰੰਸੀ ਪ੍ਰਣਾਲੀ ਨੂੰ ਲੈ ਕੇ ਅਹਿਮ ਜਾਣਕਾਰੀ ਸਾਹਮਣੇ ਆਈ ਹੈ। ਰਿਪੋਰਟ ਮੁਤਾਬਕ ਵਿੱਤ ਸਾਲ 2025-26 ਦੌਰਾਨ ਦੇਸ਼ ਵਿੱਚ 500 ਰੁਪਏ ਦੇ ਨੋਟਾਂ ਦਾ ਚਲਣ 11.2 ਫੀਸਦੀ ਵਧ ਗਿਆ ਹੈ ਅਤੇ ਮਾਰਕੀਟ ਵਿੱਚ ਇਸ ਮੁੱਲ ਦੇ ਨੋਟਾਂ ਦੀ ਹਿੱਸੇਦਾਰੀ ਸਭ ਤੋਂ ਵੱਧ ਬਣੀ ਹੋਈ ਹੈ। ਹਾਲਾਂਕਿ, ਇਸ ਦੇ ਨਾਲ ਹੀ 500 ਰੁਪਏ ਦੇ ਨਕਲੀ ਨੋਟਾਂ ਦੇ ਮਾਮਲਿਆਂ ਵਿੱਚ ਵੀ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ ਹੈ। ਆਰ.ਬੀ.ਆਈ. ਦੀ ਰਿਪੋਰਟ ਅਨੁਸਾਰ, ਮਾਰਚ 2026 ਦੇ ਅੰਤ ਤੱਕ 500 ਰੁਪਏ ਦੇ ਨੋਟਾਂ ਦੀ ਗਿਣਤੀ ਵਧ ਕੇ 7,05,482 ਲੱਖ ਹੋ ਗਈ ਹੈ, ਜੋ ਕਿ ਪਿਛਲੇ ਸਾਲ 6,34,458 ਲੱਖ ਸੀ। ਜੇਕਰ ਕੀਮਤ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਨੋਟਾਂ ਦਾ ਕੁੱਲ ਚਲਣ 35.27 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਮੌਜੂਦਾ ਸਮੇਂ ਵਿੱਚ ਕੁੱਲ ਕਰੰਸੀ ਨੋਟਾਂ ਵਿੱਚ 500 ਦੇ ਨੋਟਾਂ ਦੀ ਹਿੱਸੇਦਾਰੀ 41.2 ਫੀਸਦੀ ਹੈ, ਜਦਕਿ ਕੀਮਤ ਦੇ ਆਧਾਰ 'ਤੇ ਇਹ 86 ਫੀਸਦੀ ਤੋਂ ਵੀ ਜ਼ਿਆਦਾ ਹੈ। ਰਿਪੋਰਟ ਵਿੱਚ ਇੱਕ ਚਿੰਤਾਜਨਕ ਪਹਿਲੂ ਇਹ ਸਾਹਮਣੇ ਆਇਆ ਹੈ ਕਿ 500 ਰੁਪਏ ਦੇ ਨਕਲੀ ਨੋਟਾਂ ਦੇ ਫੜੇ ਜਾਣ ਦੇ



ਮਾਮਲਿਆਂ ਵਿੱਚ 20 ਫੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ। ਬੈਂਕਿੰਗ ਪ੍ਰਣਾਲੀ ਵਿੱਚ ਫੜੇ ਗਏ ਕੁੱਲ ਨਕਲੀ ਨੋਟਾਂ ਦੀ ਗਿਣਤੀ 2,29,746 ਰਹੀ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ 1,41,907 ਨੋਟ ਇਕੱਲੇ 500 ਰੁਪਏ ਦੇ ਸਨ। ਇਸ ਤੋਂ ਇਲਾਵਾ 20 ਰੁਪਏ ਦੇ ਨਕਲੀ ਨੋਟਾਂ ਵਿੱਚ ਵੀ ਵਾਧਾ ਦੇਖਿਆ ਗਿਆ ਹੈ, ਜਦਕਿ 50, 100 ਅਤੇ 200 ਰੁਪਏ ਦੇ ਨਕਲੀ ਨੋਟਾਂ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ। ਮਈ 2023 ਵਿੱਚ ਸ਼ੁਰੂ ਕੀਤੀ ਗਈ 2000 ਦੇ ਨੋਟਾਂ ਦੀ ਵਾਪਸੀ ਪ੍ਰਕਿਰਿਆ ਤਹਿਤ ਮਾਰਚ 2026 ਤੱਕ 98.45 ਫੀਸਦੀ ਨੋਟ ਬੈਂਕਿੰਗ ਪ੍ਰਣਾਲੀ ਵਿੱਚ ਵਾਪਸ ਆ ਚੁੱਕੇ ਹਨ।

ਨੋਟਾਂ ਦੀ ਛਪਾਈ 'ਤੇ ਖਰਚਾ ਘਟਿਆ

ਨੋਟਾਂ ਦੀ ਛਪਾਈ ਦੀ ਮੰਗ ਘਟਣ ਕਾਰਨ ਇਸ 'ਤੇ ਹੋਣ ਵਾਲਾ ਖਰਚਾ 6,379 ਕਰੋੜ ਰੁਪਏ ਤੋਂ ਘਟ ਕੇ 4,875 ਕਰੋੜ ਰੁਪਏ ਰਹਿ ਗਿਆ ਹੈ। ਸਿੱਕਿਆਂ ਦੀ ਗਿਣਤੀ ਵਿੱਚ 4.5 ਫੀਸਦੀ ਅਤੇ ਕੀਮਤ ਵਿੱਚ 11.4 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। 10 ਰੁਪਏ ਦੇ ਨੋਟਾਂ ਦੀ ਛਪਾਈ ਵਿੱਚ ਵਾਧਾ ਹੋਇਆ ਹੈ, ਜੋ ਕਿ ਬਾਜ਼ਾਰ ਵਿੱਚ ਛੋਟੇ ਮੁੱਲ ਦੇ ਨੋਟਾਂ ਦੀ ਵਧਦੀ ਜ਼ਰੂਰਤ ਨੂੰ ਦਰਸਾਉਂਦਾ ਹੈ। ਆਰ.ਬੀ.ਆਈ. ਅਨੁਸਾਰ, ਅਰਥਵਿਵਸਥਾ ਵਿੱਚ ਨਕਦੀ ਦੀ ਮਜ਼ਬੂਤ ਮੰਗ ਕਾਰਨ ਚਲਣ ਵਿੱਚ ਮੌਜੂਦ ਨੋਟਾਂ ਦੀ ਮਾਤਰਾ ਅਤੇ ਕੀਮਤ ਦੋਵਾਂ ਵਿੱਚ ਕ੍ਰਮਵਾਰ 10.5 ਫੀਸਦੀ ਅਤੇ 11.9 ਫੀਸਦੀ ਦਾ ਵਾਧਾ ਹੋਇਆ ਹੈ।

## ਲੁਧਿਆਣਾ 'ਚ ਖ਼ੌਫ਼ਨਾਕ ਵਾਰਦਾਤ ! ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਚਾਕੂ ਦੀ ਨੋਕ 'ਤੇ ਮੁਟਿਆਰ ਤੋਂ ਖੋਹਿਆ ਬੈਗ

ਲੁਧਿਆਣਾ 2 ਜੂਨ। ਮਹਾਨਗਰ 'ਚ ਔਰਤਾਂ ਦੀ ਸੁਰੱਖਿਆ ਦੇ ਵੱਡੇ-ਵੱਡੇ ਦਾਅਵਿਆਂ ਦੇ ਵਿਚਕਾਰ ਬੇਖ਼ੌਫ਼ ਬਦਮਾਸ਼ਾਂ ਨੇ ਇੱਕ ਹੋਰ ਵਾਰਦਾਤ ਨੂੰ ਅੰਜਾਮ ਦੇ ਕੇ ਪੁਲਸ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ। ਸ਼ਹਿਰ ਦੀ ਇੱਕ ਸੁਨਸਾਨ ਗਲੀ 'ਚ ਦੋ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਰਾਤ ਦੇ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਇੱਕ ਇਕੱਲੀ ਮੁਟਿਆਰ ਨੂੰ ਘੇਰ ਲਿਆ ਅਤੇ ਚਾਕੂ ਦੀ ਨੋਕ 'ਤੇ ਉਸ ਦਾ ਬੈਗ ਖੋਹ ਕੇ ਫਰਾਰ ਹੋ ਗਏ। ਇਸ ਅਚਾਨਕ ਹੋਏ ਜਾਨਲੇਵਾ ਹਮਲੇ ਕਾਰਨ ਸਹਿਮੀ ਹੋਈ ਮੁਟਿਆਰ ਦੀਆਂ ਚੀਕਾਂ ਸੁਣ ਕੇ ਆਸ-ਪਾਸ ਦੀਆਂ ਮਹਿਲਾਵਾਂ ਅਤੇ ਹੋਰ ਲੋਕ ਦਹਿਲ ਗਏ। ਇਹ ਸਾਰੀ ਘਟਨਾ ਇਲਾਕੇ ਵਿੱਚ ਲੱਗੇ ਇੱਕ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਜਿਸ ਘਰ ਦੇ ਸੀਸੀਟੀਵੀ ਵਿੱਚ ਇਹ ਵਾਰਦਾਤ ਰਿਕਾਰਡ ਹੋਈ, ਉੱਥੇ ਰਹਿਣ ਵਾਲੀ ਇੱਕ ਮਹਿਲਾ ਨੇ ਦੱਸਿਆ ਕਿ ਉਹ ਰਾਤ ਨੂੰ ਜਾਗ ਰਹੀ ਸੀ ਜਦੋਂ ਉਸ ਨੇ ਅਚਾਨਕ ਗਲੀ ਵਿੱਚੋਂ ਕਿਸੇ ਕੁੜੀ ਦੇ ਚੀਕਣ ਦੀ ਆਵਾਜ਼ ਸੁਣੀ। ਜਦੋਂ ਉਸ ਨੇ ਆਪਣੇ ਪਤੀ ਨੂੰ ਜਗਾ ਕੇ ਸੀਸੀਟੀਵੀ ਫੁਟੇਜ ਚੈੱਕ ਕੀਤੀ, ਤਾਂ ਦੇਖਿਆ ਕਿ ਦੋ ਸ਼ਾਤਰ ਲੁਟੇਰੇ ਹਥਿਆਰਾਂ ਦੇ ਜ਼ੋਰ 'ਤੇ ਮੁਟਿਆਰ ਦਾ ਬੈਗ ਲੁੱਟ ਕੇ ਪਲ ਭਰ ਵਿੱਚ ਉੱਥੋਂ ਗਾਇਬ ਹੋ ਗਏ ਸਨ। ਇਸ ਮਾਮਲੇ ਸੰਬੰਧੀ ਥਾਣਾ ਡਿਵੀਜ਼ਨ ਨੰਬਰ 7 ਦੇ ਐੱਸ.ਐੱਚ.ਓ. ਗਗਨਦੀਪ ਨੇ ਦੱਸਿਆ ਕਿ ਪੁਲਸ ਇਸ ਘਟਨਾ ਨੂੰ ਲੈ ਕੇ ਬਹੁਤ ਗੰਭੀਰ ਹੈ। ਸੂਚਨਾ ਮਿਲਦੇ ਹੀ ਪੁਲਸ ਟੀਮ ਨੇ ਮੌਕੇ ਦਾ ਮੁਆਇਨਾ ਕੀਤਾ ਅਤੇ ਲੁਟੇਰਿਆਂ ਦੇ ਭੱਜਣ ਵਾਲੇ ਰਸਤੇ ਦੇ ਸਾਰੇ ਸੀਸੀਟੀਵੀ ਫੁਟੇਜ ਖੰਗਾਲੇ ਜਾ ਰਹੇ ਹਨ।

## ਪਾਤੜਾਂ 'ਚ ਟਾਹਲੀਆਂ ਵੱਢਣ ਦੇ ਮਾਮਲੇ 'ਚ ਸੁਰਖ਼ੀ ਤੋਂ ਬਾਅਦ ਹਰਕਤ 'ਚ ਆਇਆ ਪ੍ਰਸ਼ਾਸਨ

ਪਾਤੜਾਂ 2 ਜੂਨ। ਪਾਤੜਾਂ-ਪਟਿਆਲਾ ਮੁੱਖ ਮਾਰਗ 'ਤੇ ਇਕ ਨਿੱਜੀ ਪ੍ਰਾਪਰਟੀ ਦੀ ਵਪਾਰਕ ਦਿੱਖ ਸੁਧਾਰਨ ਲਈ ਵਣ ਵਿਭਾਗ ਦੀਆਂ 'ਟਾਹਲੀਆਂ' 'ਤੇ ਕੁਹਾੜੀ ਚਲਾਉਣ ਦੇ ਸੰਗੀਨ ਮਾਮਲੇ ਵਿਚ 'ਜਗ ਬਾਣੀ' ਵਿਚ ਪ੍ਰਕਾਸ਼ਿਤ ਖ਼ਬਰ ਦਾ ਵੱਡਾ ਪ੍ਰਭਾਵ ਦੇਖਣ ਨੂੰ ਮਿਲਿਆ ਹੈ। ਖ਼ਬਰ ਨਸ਼ਰ ਹੋਣ ਤੋਂ ਤੁਰੰਤ ਬਾਅਦ ਜ਼ਿਲ੍ਹਾ ਵਣ ਮੰਡਲ ਅਫ਼ਸਰ ਪਟਿਆਲਾ ਨੇ ਇਸ ਨੂੰ ਮਾਨਯੋਗ ਅਦਾਲਤਾਂ ਦੇ ਹੁਕਮਾਂ ਦੀ ਸਿੱਧੀ ਅਵੱਗਿਆ ਮੰਨਦਿਆਂ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਉਨ੍ਹਾਂ ਸੀਨੀਅਰ ਪੁਲਸ ਕਪਤਾਨ, ਪਟਿਆਲਾ ਨੂੰ ਲਿਖਤੀ ਪੱਤਰ ਭੇਜ ਕੇ ਕਥਿਤ ਦੋਸ਼ੀ ਵਿਰੁੱਧ ਤੁਰੰਤ ਫੌਜਦਾਰੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਸਿਫਾਰਸ਼ ਕੀਤੀ ਹੈ। ਜ਼ਿਲ੍ਹਾ ਵਣ ਮੰਡਲ ਅਫ਼ਸਰ ਪਟਿਆਲਾ ਨੇ 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਪੁਸ਼ਟੀ ਕੀਤੀ ਹੈ ਕਿ ਵਿਭਾਗ ਵੱਲੋਂ ਜਾਰੀ ਅਧਿਕਾਰਤ ਪੱਤਰ (ਨੰਬਰ 1060, ਮਿਤੀ 06/05/26) ਅਨੁਸਾਰ, ਚੰਡੀਗੜ੍ਹ-ਹਿਸਾਰ ਸੜਕ 'ਤੇ ਕਿਲੋਮੀਟਰ 123-124 ਦਰਮਿਆਨ ਵਣ ਰਕਬੇ ਵਿਚੋਂ ਨਾਜਾਇਜ਼ ਤੌਰ 'ਤੇ ਰਸਤਾ ਬਣਾਉਣ ਦੀ ਨੀਅਤ ਨਾਲ 'ਸੀਸਮ' (ਟਾਹਲੀ) ਦੇ 2 ਹਰੇ-ਭਰੇ ਦਰਖ਼ਤਾਂ ਦੀ ਕਟਾਈ ਕੀਤੀ ਗਈ ਸੀ। ਵਿਭਾਗ ਅਨੁਸਾਰ ਇਹ ਕਾਰਵਾਈ ਨਾ ਸਿਰਫ਼ ਵਾਤਾਵਰਣ ਦਾ ਘਾਣ ਹੈ, ਸਗੋਂ ਮਾਨਯੋਗ ਸੁਪਰੀਮ ਕੋਰਟ ਅਤੇ ਹਾਈਕੋਰਟ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਸਪੱਸ਼ਟ ਉਲੰਘਣਾ ਹੈ। ਪਟਿਆਲਾ ਨੇ ਆਪਣੇ ਪੱਤਰ ਵਿਚ ਕਥਿਤ ਦੋਸ਼ੀ ਪਰਮਜੀਤ ਸਿੰਘ (ਪੁੱਤਰ ਚੜ੍ਹਤ ਸਿੰਘ) ਵਾਸੀ ਪਾਤੜਾਂ ਵਿਰੁੱਧ ਵਣ ਐਕਟ (961) 1927 ਦੀਆਂ ਧਾਰਾਵਾਂ 29, 30, 32, 33, 63 ਅਤੇ ਫੋਰੈਸਟ ਕੰਜ਼ਰਵੇਸ਼ਨ ਐਕਟ (631) 1980 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਪੱਤਰ ਵਿਚ ਸਪੱਸ਼ਟ ਜ਼ਿਕਰ ਹੈ ਕਿ ਵਣ ਰਕਬੇ ਨਾਲ ਛੇੜਛਾੜ ਅਤੇ ਸਰਕਾਰੀ ਦਰਖ਼ਤਾਂ ਨੂੰ ਨੁਕਸਾਨ ਪਹੁੰਚਾਉਣਾ ਇਕ ਗੰਭੀਰ ਜ਼ੁਰਮ ਹੈ। ਇਸ ਦੇ ਨਾਲ ਹੀ, ਵਿਭਾਗ ਦੇ ਸਬੰਧਿਤ ਕਰਮਚਾਰੀਆਂ ਦੀ ਕਥਿਤ ਮਿਲੀਭੁਗਤ ਦੀ ਜਾਂਚ ਦੇ ਨਿਰਦੇਸ਼ ਰੇਂਜ ਅਫ਼ਸਰ ਨੂੰ ਦੇ ਦਿੱਤੇ ਗਏ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕਿਸੇ ਮੁਲਾਜ਼ਮ ਦੀ ਭੂਮਿਕਾ ਸ਼ੱਕੀ ਪਾਈ ਗਈ, ਤਾਂ ਉਸ ਵਿਰੁੱਧ ਵੀ ਵਿਭਾਗੀ ਗਾਜ਼ ਡਿੱਗਣੀ ਤੈਅ ਹੈ।

## ਨੌਕਰੀ ਦੀ ਭਾਲ ਕਰ ਰਹੇ ਨੌਜਵਾਨਾਂ ਲਈ ਵੱਡੀ ਚਿਤਾਵਨੀ, ਕੇਂਦਰ ਸਰਕਾਰ ਨੇ 19 ਘੁਟਾਲਿਆਂ ਨੂੰ ਲੈ ਕੇ ਕੀਤਾ Alert

**ਏਜੰਸੀਆਂ**

ਬਿਜ਼ਨੈੱਸ ਡੈਸਕ 2 ਜੂਨ। ਦੇਸ਼ ਵਿੱਚ ਨੌਕਰੀ ਦੀ ਭਾਲ ਕਰ ਰਹੇ ਨੌਜਵਾਨਾਂ ਲਈ ਵੱਡੀ ਚਿਤਾਵਨੀ ਸਾਹਮਣੇ ਆਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ($81) ਨੇ ਜਾਅਲੀ ਆਨਲਾਈਨ ਇੰਟਰਵਿਊਆਂ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (19) ਰਾਹੀਂ ਹੋਣ ਵਾਲੇ ਬਾਇਓਮੀਟ੍ਰਿਕ ਘੁਟਾਲਿਆਂ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ। ਮੰਤਰਾਲੇ ਦੇ ਸਾਈਬਰ ਵਿੰਗ ਅਨੁਸਾਰ, ਠੱਗ ਹੁਣ ਆਨਲਾਈਨ ਭਰਤੀ ਪ੍ਰਕਿਰਿਆਵਾਂ ਦੀ ਦੁਰਵਰਤੋਂ ਕਰਕੇ ਲੋਕਾਂ ਦੀ ਨਿੱਜੀ ਜਾਣਕਾਰੀ ਅਤੇ ਬਾਇਓਮੀਟ੍ਰਿਕ ਡੇਟਾ ਚੋਰੀ ਕਰ ਰਹੇ ਹਨ। ਸਾਈਬਰ ਅਪਰਾਧੀ ਅਸਲੀ ਲੱਗਣ ਵਾਲੀਆਂ ਨੌਕਰੀਆਂ ਦੀਆਂ ਪੇਸ਼ਕਸ਼ਾਂ ਭੇਜ ਕੇ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਹਨ। ਇਹ ਘੁਟਾਲਾ ਆਨਲਾਈਨ ਇੰਟਰਵਿਊ ਜਾਂ ਡਿਜੀਟਲ ਵੈਰੀਫਿਕੇਸ਼ਨ ਦੇ ਨਾਂ 'ਤੇ ਸ਼ੁਰੂ ਹੁੰਦਾ ਹੈ। ਕਈ ਮਾਮਲਿਆਂ ਵਿੱਚ, ਉਮੀਦਵਾਰਾਂ ਨੂੰ ਵੀਡੀਓ ਕਾਲ ਰਾਹੀਂ ਚਿਹਰੇ ਦੀ ਪਛਾਣ ਜਾਂ ਅੱਖਾਂ ਦੀ ਸਕੈਨਿੰਗ ਕਰਵਾਉਣ ਲਈ ਕਿਹਾ ਜਾਂਦਾ ਹੈ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਸ ਬਾਇਓਮੀਟ੍ਰਿਕ ਡੇਟਾ ਦੀ ਵਰਤੋਂ ਬਾਅਦ ਵਿੱਚ ਪਛਾਣ ਚੋਰੀ ਕਰਨ ਜਾਂ ਸਰਕਾਰੀ ਦਸਤਾਵੇਜ਼ਾਂ ਨਾਲ ਜੁੜੇ ਮੋਬਾਈਲ ਨੰਬਰਾਂ ਨੂੰ ਬਦਲਣ ਲਈ ਕੀਤੀ ਜਾ ਸਕਦੀ ਹੈ। ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ 19 ਦੀ ਮਦਦ ਨਾਲ ਠੱਗ ਤੁਹਾਡੇ ਚਿਹਰੇ ਅਤੇ ਡੇਟਾ ਦੀ ਨਕਲ ਕਰਕੇ ਵਿੱਤੀ ਧੋਖਾਧੜੀ ਕਰ ਸਕਦੇ ਹਨ। ਠੱਗ ਅਕਸਰ ਉਮੀਦਵਾਰਾਂ 'ਤੇ ਤੁਰੰਤ ਚੋਣ ਕਰਨ ਜਾਂ ਜਲਦੀ ਵੈਰੀਫਿਕੇਸ਼ਨ ਪੂਰੀ ਕਰਨ ਦਾ ਦਬਾਅ ਪਾਉਂਦੇ ਹਨ ਤਾਂ ਜੋ ਉਨ੍ਹਾਂ ਨੂੰ ਸੋਚਣ ਦਾ ਸਮਾਂ ਨਾ ਮਿਲੇ। ਕਿਸੇ ਵੀ ਸੰਸਥਾ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਅਧਿਕਾਰਤ ਵੈੱਬਸਾਈਟ ਅਤੇ ਈਮੇਲ ਡੋਮੇਨ ਦੀ ਪੁਸ਼ਟੀ ਕਰੋ। ਆਧਾਰ ਵੇਰਵੇ, ਬੈਂਕ ਖਾਤੇ ਦੀ ਜਾਣਕਾਰੀ ਜਾਂ ਬਾਇਓਮੀਟ੍ਰਿਕ ਡੇਟਾ ਉਦੋਂ ਤੱਕ ਸਾਂਝਾ ਨਾ ਕਰੋ ਜਦੋਂ ਤੱਕ ਤੁਸੀਂ ਪੂਰੀ ਤਰ੍ਹਾਂ ਸੰਤੁਸ਼ਟ ਨਾ ਹੋ ਜਾਵੋ। ਜੇਕਰ ਕੋਈ ਗੈਰ-ਅਧਿਕਾਰਤ ਈਮੇਲ ਰਾਹੀਂ ਸੰਪਰਕ ਕਰਦਾ ਹੈ ਜਾਂ ਬਿਨਾਂ ਕਿਸੇ ਪਾਰਦਰਸ਼ੀ ਪ੍ਰਕਿਰਿਆ ਦੇ ਸੰਵੇਦਨਸ਼ੀਲ ਜਾਣਕਾਰੀ ਮੰਗਦਾ ਹੈ, ਤਾਂ ਇਹ ਠੱਗੀ ਦਾ ਸੰਕੇਤ ਹੋ ਸਕਦਾ ਹੈ। ਜੇਕਰ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਸਾਈਬਰ ਧੋਖਾਧੜੀ ਦਾ ਸ਼ੱਕ ਹੁੰਦਾ ਹੈ, ਤਾਂ ਤੁਰੰਤ ਰਾਸ਼ਟਰੀ ਸਾਈਬਰ ਕ੍ਰਾਈਮ ਹੈਲਪਲਾਈਨ ਨੰਬਰ 1930 'ਤੇ ਸੰਪਰਕ ਕਰੋ ਜਾਂ ਸਾਈਬਰ ਕ੍ਰਾਈਮ ਦੇ ਅਧਿਕਾਰਤ ਪੋਰਟਲ 'ਤੇ ਰਿਪੋਰਟ ਦਰਜ ਕਰਵਾਓ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਗਰੂਕਤਾ ਹੀ ਸਾਈਬਰ ਖਤਰਿਆਂ ਵਿਰੁੱਧ ਬਚਾਅ ਦੀ ਪਹਿਲੀ ਪੌੜੀ ਹੈ।

# ਵਿਦੇਸ਼ਾਂ 'ਚ ਸਾਂਵਲੀ ਸਕਿਨ ਤੇ ਭਾਰਤ 'ਚ ਗੋਰੇਪਨ ਦੀ ਦੀਵਾਨਗੀ 'ਤੇ ਕਰੋੜਾਂ ਖਰਚ ਕਰ ਰਹੇ ਲੋਕ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 2 ਜੂਨ। ਦੁਨੀਆ ਭਰ 'ਚ ਸੁੰਦਰਤਾ ਦੇ ਮਾਪਦੰਡਾਂ ਨੂੰ ਲੈ ਕੇ ਵੱਖ-ਵੱਖ ਸੋਚ ਦੇਖਣ ਨੂੰ ਮਿਲ ਰਹੀ ਹੈ। ਜਿਥੇ ਭਾਰਤ ਸਮੇਤ ਕਈ ਏਸ਼ੀਆਈ ਦੇਸ਼ਾਂ 'ਚ ਲੋਕ ਗੋਰੇ ਦਿਸਣ ਲਈ ਮਹਿੰਗੇ ਬਿਊਟੀ ਉਤਪਾਦ ਅਤੇ ਇਲਾਜ (ਟ?ਰੀਟਮੈਂਟ) ਅਪਣਾ ਰਹੇ ਹਨ, ਉਥੇ ਹੀ ਯੂਰਪ ਅਤੇ ਅਮਰੀਕਾ ਦੇ ਕਈ ਦੇਸ਼ਾਂ ਵਿਚ ਸਾਂਵਲੀ ਸਕਿਨ ਨੂੰ ਆਕਰਸ਼ਕ ਮੰਨਿਆ ਜਾ ਰਿਹਾ ਹੈ। ਵਿਦੇਸ਼ਾਂ ਵਿਚ ਲੋਕ ਨਕਲੀ ਤਰੀਕੇ ਨਾਲ ਚਮੜੀ ਨੂੰ ਸਾਂਵਲਾ ਬਣਾਉਣ ਲਈ ਲੱਖਾਂ ਰੁਪਏ ਖਰਚ ਕਰ ਰਹੇ ਹਨ। ਇਸ ਦੇ ਲਈ ਟੈਨਿੰਗ ਬੈੱਡ, ਸਪ੍ਰੇਅ ਟੈਨ ਅਤੇ ਵਿਸ਼ੇਸ਼ ਬਿਊਟੀ ਟ?ਰੀਟਮੈਂਟ ਦਾ ਸਹਾਰਾ ਲਿਆ ਜਾ ਰਿਹਾ ਹੈ। ਮਾਹਿਰਾਂ ਅਨੁਸਾਰ ਪੱਛਮੀ ਦੇਸ਼ਾਂ ਵਿਚ ਸਾਂਵਲੀ ਸਕਿਨ ਨੂੰ ਫਿਟਨੈੱਸ, ਗਲੈਮਰ ਅਤੇ ਸਰਗਰਮ ਜੀਵਨ ਸ਼ੈਲੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸੇ ਕਰ ਕੇ ਟੈਨਿੰਗ ਇੰਡਸਟਰੀ ਤੇਜ਼ੀ ਨਾਲ ਵਧ ਰਹੀ ਹੈ। ਇਕ ਟੈਨਿੰਗ ਸੈਸ਼ਨ ਦੀ ਕੀਮਤ ਕਈ ਦੇਸ਼ਾਂ ਵਿਚ ਹਜ਼ਾਰਾਂ ਰੁਪਏ ਤੱਕ ਪਹੁੰਚ ਜਾਂਦੀ ਹੈ। ਲੋਕ ਧੁੱਪ ਵਿਚ ਸਮਾਂ ਬਿਤਾਉਣ ਤੋਂ ਇਲਾਵਾ ਨਕਲੀ ਯੂ. ਵੀ. ਕਿਰਨਾਂ ਅਤੇ ਸਪ੍ਰੇਅ ਤਕਨੀਕ ਨਾਲ ਵੀ ਚਮੜੀ ਦਾ ਰੰਗ ਬਦਲ ਰਹੇ ਹਨ।



ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬਿਊਟੀ ਇਨਫਲੂਐਂਸਰਜ਼ ਲਗਾਤਾਰ ਨਵੇਂ ਸਕਿਨ ਟ?ਰੈਂਡ ਨੂੰ ਉਤਸ਼ਾਹਿਤ ਕਰ ਰਹੇ ਹਨ। ਹਾਲੀਵੁੱਡ ਸਿਤਾਰਿਆਂ ਅਤੇ ਮਾਡਲਾਂ ਦੀ ਸਾਂਵਲੀ ਲੁੱਕ ਨੂੰ ਨੌਜਵਾਨ ਤੇਜ਼ੀ ਨਾਲ ਫਾਲੋ ਕਰ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਨੇ ਸੁੰਦਰਤਾ ਦੀਆਂ ਰਵਾਇਤੀ ਧਾਰਨਾਵਾਂ ਨੂੰ ਕਾਫ਼ੀ ਹੱਦ ਤੱਕ ਬਦਲ ਦਿੱਤਾ ਹੈ। ਭਾਰਤ ਵਿਚ ਅਜੇ ਵੀ ਵੱਡੀ ਗਿਣਤੀ 'ਚ ਲੋਕ ਗੋਰੇਪਨ ਨੂੰ ਸੁੰਦਰਤਾ ਨਾਲ ਜੋੜ ਕੇ ਦੇਖਦੇ ਹਨ। ਇਹੀ ਕਾਰਨ ਹੈ ਕਿ ਫੇਅਰਨੈੱਸ ਕ੍ਰੀਮ, ਸਕਿਨ ਲਾਈਟਨਿੰਗ ਅਤੇ ਡੀ-ਟੈਨਿੰਗ ਉਤਪਾਦਾਂ ਦਾ ਬਾਜ਼ਾਰ ਲਗਾਤਾਰ ਵਧ ਰਹੀ ਹੈ। ਬਿਊਟੀ ਇੰਡਸਟਰੀ ਨਾਲ ਜੁੜੇ ਅੰਕੜਿਆਂ ਮੁਤਾਬਕ ਸ਼ਹਿਰੀ ਖੇਤਰਾਂ 'ਚ ਸਕਿਨ ਟ?ਰੀਟਮੈਂਟ ਅਤੇ ਕਾਸਮੈਟਿਕ ਸੇਵਾਵਾਂ ਦੀ ਮੰਗ ਤੇਜ਼ੀ ਨਾਲ ਵਧੀ ਹੈ। ਸਕਿਨ ਦੇ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਬਹੁਤ ਜ਼ਿਆਦਾ ਟੈਨਿੰਗ ਜਾਂ ਸਕਿਨ ਬਲੀਚਿੰਗ ਸਿਹਤ ਲਈ ਨੁਕਸਾਨਦੇਹ ਹੋ ਸਕਦੀ ਹੈ। ਲੰਬੇ ਸਮੇਂ ਤੱਕ ਨਕਲੀ ਯੂ. ਵੀ. ਕਿਰਨਾਂ ਦੇ ਸੰਪਰਕ ਵਿਚ ਰਹਿਣ ਨਾਲ ਚਮੜੀ ਨਾਲ ਸਬੰਧਤ ਬੀਮਾਰੀਆਂ ਦਾ ਖ਼ਤਰਾ ਵਧ ਸਕਦਾ ਹੈ। ਮਾਹਿਰਾਂ ਨੇ ਲੋਕਾਂ ਨੂੰ ਕੁਦਰਤੀ ਚਮੜੀ ਦੇ ਰੰਗ ਨੂੰ ਅਪਣਾਉਣ ਅਤੇ ਬਿਨਾਂ ਡਾਕਟਰੀ ਸਲਾਹ ਦੇ ਕਿਸੇ ਵੀ ਸਕਿਨ ਟ?ਰੀਟਮੈਂਟ ਤੋਂ ਬਚਣ ਦੀ ਸਲਾਹ ਦਿੱਤੀ ਹੈ।